Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

REALTY ONE GROUP
FOR SALE & PURCHASE OF ANY KIND OF PROPERTY

Gurjatinder S. Randhawa
REALTOR CA DRE licence # 01490567
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 17, Issue- 763, 17 to 23 Aug., 2023, Ph: 916-320-9444, E-mail: punjabmailusa@yahoo.com, Web: punjabmailusa.com

## ਕੈਲੀਫੋਰਨੀਆ ਸਟੋਰ ਮਾਲਕਾਂ ਵੱਲੋਂ SB-553 ਬਿੱਲ ਖਿਲਾਫ ਕੈਪੀਟਨ ਦੇ ਬਾਹਰ 16 ਅਗਸਤ ਨੂੰ ਦਿੱਤਾ ਜਾਵੇਗਾ ਵਿਸ਼ਾਲ ਧਰਨਾ

■ ਇਹ ਬਿੱਲ ਕੈਲੀਫੋਰਨੀਆ ਸਟੇਟ ਸੈਨੇਟਰ ਪਹਿਲਾਂ ਹੀ ਪਾਸ ਹੋ ਚੁੱਕਾ ਹੈ ਤੇ ਹੁਣ ਬਿੱਲ ਨੂੰ ਕੈਲੀਫੋਰਨੀਆ ਅਸੈਂਬਲੀ ਵਿਚ ਵੀ ਪਾਸ ਕਰਾਉਣ ਲਈ ਲਾਈ ਜਾ ਰਹੀ ਪੂਰੀ ਵਾਹ




**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ ਦੇ ਸਟੋਰ ਮਾਲਕਾਂ ’ਤੇ ਇਕ ਨਵੇਂ ਬਿੱਲ SB-553 ਨੂੰ ਥੋਪਿਆ ਜਾ ਰਿਹਾ ਹੈ। ਇਸ ਬਿੱਲ ਅਨੁਸਾਰ ਜੇ ਕੋਈ ਲੁਟੇਰਾ ਤੁਹਾਡੇ ਬਿਜ਼ਨਸ ਜਾਂ ਸਟੋਰ ’ਤੇ ਆਣ ਕੇ ਕੋਈ ਚੀਜ਼ ਚੁੱਕਦਾ ਜਾਂ ਲੁੱਟਦਾ ਹੈ, ਤਾਂ ਤੁਸੀਂ ਉਸ ਨਾਲ ਦੁਰਵਿਵਹਾਰ ਨਹੀਂ ਕਰ ਸਕੋਗੇ। ਸਟੋਰ ਮਾਲਕ ਉਸ ਲੁਟੇਰੇ ਨੂੰ ਜੀ ਆਇਆਂ ਨੂੰ ਕਹਿਣ ਦਾ ਵਚਨਬੱਧ ਹੋਵੇਗਾ। ਉਸ ਲੁਟੇਰੇ ਨਾਲ ਉਸੇ ਤਰੀਕੇ ਨਾਲ ਵਿਵਹਾਰ ਕੀਤਾ ਜਾਵੇਗਾ, ਜਿਸ ਤਰੀਕੇ ਨਾਲ ਸਟੋਰ ’ਤੇ ਆਏ ਗ੍ਰਾਹਕ ਨਾਲ ਕੀਤਾ ਜਾਂਦਾ ਹੈ। ਇਹ ਬਿੱਲ ਕੈਲੀਫੋਰਨੀਆ ਸਟੇਟ ਸੈਨੇਟਰ ਪਹਿਲਾਂ ਹੀ ਪਾਸ ਹੋ ਚੁੱਕਾ ਹੈ ਤੇ ਹੁਣ ਸਟੇਟ ਸੈਨੇਟਰ ਡੇਵ ਕਰਟੀਸੀ ਵੱਲੋਂ ਇਸ ਬਿੱਲ ਨੂੰ ਕੈਲੀਫੋਰਨੀਆ ਅਸੈਂਬਲੀ ਵਿਚ ਵੀ ਪਾਸ ਕਰਾਉਣ ਲਈ ਪੂਰੀ ਵਾਹ ਲਾਈ ਜਾ ਰਹੀ ਹੈ। ਇਸ ਬਿੱਲ ਅਨੁਸਾਰ ਜਿੱਥੇ ਚੋਰ, ਲੁਟੇਰਿਆਂ ਨੂੰ ਸਟੋਰ ਮਾਲਕਾਂ ਨੂੰ ਜੀ ਆਇਆਂ ਕਹਿਣ ਦੀ ਤਜਵੀਜ਼ ਰੱਖੀ ਗਈ ਹੈ, ਉਥੇ ਕਾਰਵਾਈ ਵਜੋਂ ਸਟੋਰ ਮਾਲਕ ਸਿਰਫ ਪੁਲਿਸ ਨੂੰ ਕਾਲ ਕਰ ਸਕਦਾ ਹੈ ਜਾਂ ਆਨ ਲਾਈਨ ਇਸ ਖਿਲਾਫ ਰਿਪੋਰਟ ਹੀ ਕਰ ਸਕਦਾ ਹੈ। ਜੇ ਸਟੋਰ ਮਾਲਕ ਚੋਰ ਜਾਂ ਲੁਟੇਰੇ ਨੂੰ ਰੋਕਣ ਦੀ ਕੋਸ਼ਿਸ਼ ਕਰੇਗਾ ਜਾਂ ਉਸ ਨਾਲ ਮਾਰਕੁੱਟ ਕਰੇਗਾ, ਤਾਂ ਸਟੋਰ ਮਾਲਕ ਖਿਲਾਫ ਕ੍ਰਿਮੀਟਲ (ਫੈਨਲੀ) ਚਾਰਜ ਲਾਏ ਜਾਣਗੇ। ਇਸ ਬਿੱਲ ਵਿਚ ਇਹ ਵੀ ਤਜਵੀਜ਼ ਦਿੱਤੀ ਗਈ ਹੈ ਕਿ ਜੇਕਰ ਉਹ ਚੋਰ ਇਕ ਤੋਂ ਵੱਧ ਵਾਰ ਵੀ ਚੋਰੀ ਕਰਨ ਆਉਂਦਾ ਹੈ, ਤਾਂ ਉਸ ਨੂੰ ਫਿਰ ਵੀ ਇੱਜ਼ਤ ਨਾਲ ਹੀ ਬੁਲਾਇਆ ਜਾਵੇਗਾ।

ਇਸ ਤੋਂ ਪਹਿਲਾਂ ਵੀ ਇੱਕ ਕਾਨੂੰਨ ਬਣਿਆ ਹੈ, ਜਿਸ ਅਨੁਸਾਰ 950 ਡਾਲਰ ਤੱਕ ਦੀ ਚੋਰੀ ਕਰਨ ਵਾਲੇ ਨੂੰ ਕੋਈ ਸਜ਼ਾ ਨਹੀਂ ਹੁੰਦੀ। ਉਸ ਕਾਨੂੰਨ ਦੀ ਬਣਨ ਦੇ ਨਾਲ ਪਹਿਲਾਂ ਹੀ ਬਹੁਤ ਸਾਰੇ ਬਿਜ਼ਨਸ ਜਾਂ ਤਾਂ ਬੰਦ ਹੋ ਚੁੱਕੇ ਹਨ ਜਾਂ ਬੰਦ ਹੋਣ ਦੇ ਕਿਨਾਰੇ ਹਨ।

SB-553 ਬਿੱਲ ਦੇ ਵਿਰੋਧ ਵਿਚ ਕੈਲੀਫੋਰਨੀਆ ਦੇ ਸਟੋਰ ਮਾਲਕ ਇਕਜੁੱਟ ਹੋ ਕੇ ਖੜ੍ਹੇ ਹੋ ਗਏ ਹਨ ਅਤੇ ਇਸ ਦੇ ਵਿਰੋਧ ਵਿਚ ਕੈਲੀਫੋਰਨੀਆ ਦੀ ਸੈਕਰਾਮੈਂਟੋ ਸਥਿਤ ਕੈਪੀਟਲ ਵਿਖੇ 16 ਅਗਸਤ, ਦਿਨ ਬੁੱਧਵਾਰ, ਦੁਪਹਿਰ 2 ਵਜੇ ਤੋਂ ਸਟੋਰ ਮਾਲਕਾਂ ਵੱਲੋਂ ਇਕ ਵਿਸ਼ਾਲ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ।

## ਅਮਰੀਕਾ ’ਚ 46 ਹਜ਼ਾਰ ਤੋਂ ਵੱਧ ਪ੍ਰਵਾਸੀ ਨਾਗਰਿਕ ਗ੍ਰਿਫ਼ਤਾਰ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵੱਲੋਂ ਵਿੱਤੀ ਸਾਲ 2022 ਵਿਚ, ਯੂ.ਐੱਸ. ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਅਤੇ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ਵੱਲੋਂ ਸਾਂਝੇ ਤੌਰ ’ਤੇ 46,396 ਪ੍ਰਵਾਸੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ’ਤੇ 21,531 ਅਪਰਾਧਾਂ ਸਮੇਤ 198,498 ਦੋਸ਼ ਸਨ। ਇਨ੍ਹਾਂ ਵਿਚ 8164 ਸੈਕਸ ਅਤੇ ਜਿਨਸੀ ਸ਼ੋਸ਼ਣ ਦੇ ਅਪਰਾਧ, 5554 ਹਥਿਆਰਾਂ ਨਾਲ ਸੰਬੰਧਤ ਅਪਰਾਧ, 1501 ਕਤਲ ਸੰਬੰਧਤ ਅਪਰਾਧ ਅਤੇ 1114 ਅਗਵਾ ਦੇ ਜੁਰਮਾਂ ਨਾਲ ਸੰਬੰਧਤ ਸਨ। ਆਈ.ਸੀ.ਈ. ਦੇ ਤਿੰਨ ਸੰਚਾਲਨ ਡਾਇਰੈਕਟੋਰੇਟਾਂ ਵਿਚੋਂ ਇੱਕ ਹੋਣ ਦੇ ਨਾਤੇ, ਈ.ਆਰ.ਓ. ਘਰੇਲੂ ਇਮੀਗ੍ਰੇਸ਼ਨ ਲਾਗੂ ਕਰਨ ਲਈ ਪ੍ਰਮੁੱਖ ਸੰਘੀ ਕਾਨੂੰਨ ਲਾਗੂ ਕਰਨ ਵਾਲੀ ਅਥਾਰਿਟੀ ਹੈ। ਈ.ਆਰ.ਓ. ਦਾ ਮਿਸ਼ਨ ਅਮਰੀਕੀ ਭਾਈਚਾਰਿਆਂ ਦੀ ਸੁਰੱਖਿਆ ਅਤੇ ਯੂ.ਐੱਸ. ਇਮੀਗ੍ਰੇਸ਼ਨ ਕਾਨੂੰਨਾਂ ਦੀ ਅਖੰਡਤਾ ਨੂੰ ਕਮਜ਼ੋਰ ਕਰਨ ਵਾਲੇ ਲੋਕਾਂ ਦੀ ਗ੍ਰਿਫਤਾਰੀ ਅਤੇ ਹਟਾਉਣ ਦੁਆਰਾ ਵਤਨ ਦੀ ਰੱਖਿਆ ਕਰਨਾ ਹੈ। ਇਹ ਏਜੰਸੀਆਂ ਗੈਰ ਨਾਗਰਿਕਾਂ ’ਤੇ ਤਿੱਖੀ ਨਜ਼ਰ ਰੱਖਦੀ ਹੈ।

■ ਬਾਕੀ ਖਬਰ ਸਫਾ 16 ’ਤੇ

## ਟਰੰਪ ਨੇ ਦਿੱਤੀ ਚਿਤਾਵਨੀ; ਕਿਹਾ: ਮੈਂ ਜੋਅ ਬਾਇਡਨ ਨੂੰ ਰਾਸ਼ਟਰਪਤੀ ਚੋਣਾਂ ’ਚ ਹਰ ਹਾਲ ਵਿਚ ਹਰਾਂਵਾਂਗਾ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਦਾ ਕਹਿਣਾ ਹੈ ਕਿ ਜੇ ਉਹ 2024 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ’ਚ ਜੋਅ ਬਾਇਡਨ ਦਾ ਸਾਹਮਣਾ ਕਰਦਾ ਹੈ, ਤਾਂ ਉਹ ਬਾਇਡਨ ਨੂੰ ਹਰ ਹਾਲ ਵਿਚ ਹਰਾ ਸਕਦਾ ਹੈ। ਇਹ ਬਿਆਨ ਟਰੰਪ ਨੇ ਉਸ ਵਕਤ ਦਿੱਤਾ ਹੈ, ਜਦੋਂ ਉਹ ਆਪਣੇ ਖਿਲਾਫ ਵੱਖ-ਵੱਖ ਅਦਾਲਤਾਂ ਵਿਚ ਕੇਸਾਂ ਦਾ ਸਾਹਮਣਾ ਕਰ ਰਹੇ ਹਨ। ਭਾਵੇਂ ਕਿ ਟਰੰਪ ਨੂੰ ਰਿਪਬਲਿਕਨ ਪਾਰਟੀ ਵੱਲੋਂ ਨਾਮਜ਼ਦਗੀ ਨਹੀਂ ਮਿਲੀ ਹੈ, ਪਰ ਫਿਰ ਵੀ ਉਹ ਆਪਣੇ ਕੇਸਾਂ ਨੂੰ ਭੁਗਤਣ ਦੇ ਨਾਲ-ਨਾਲ ਚੋਣ ਪ੍ਰਚਾਰ ਵੀ ਕਰ ਰਹੇ ਹਨ। ਉਹ 2024 ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੀ ਨਾਮਜ਼ਦਗੀ ਦੀ ਦੌੜ ਵਿਚ ਸਭ ਤੋਂ ਅੱਗੇ ਚੱਲ ਰਹੇ ਹਨ।

ਜੇ ਦੇਖਿਆ ਜਾਵੇ, ਤਾਂ ਇਸ ਵਕਤ ਉਹ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਦੀ ਲੋਕਪ੍ਰਿਅਤਾ ਦੇ ਬਰਾਬਰ ਹਨ। ਪਰ ਆਪਣੀ ਪਾਰਟੀ ਵਿਚ ਉਹ ਉੱਪਰ ਹੋਣ ਕਾਰਨ ਰਿਪਬਲਿਕਨ ਵੋਟਰ ਟਰੰਪ ਨੂੰ ਅਗਲੀਆਂ ਚੋਣਾਂ ਵਿਚ ਰਾਸ਼ਟਰਪਤੀ ਉਮੀਦਵਾਰ ਵਜੋਂ ਦੇਖਣਾ ਚਾਹੁੰਦੇ ਹਨ। ਸਾਬਕਾ ਰਾਸ਼ਟਰਪਤੀ ਟਰੰਪ ਨੂੰ ਇਸ ਸਾਲ ਵੱਖ-ਵੱਖ ਅਦਾਲਤਾਂ ਵੱਲੋਂ 4 ਵਾਰ ਦੋਸ਼ੀ ਠਹਿਰਾਇਆ ਗਿਆ ਹੈ।

## ਨਿਊਯਾਰਕ ਸਿਟੀ ਦੇ ਮੇਅਰ ਵੱਲੋਂ ਪ੍ਰਵਾਸੀਆਂ ਨੂੰ ਰੱਖਣ ਦੀ ਬਣ ਰਹੀ ਹੈ ਯੋਜਨਾ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਵਿਚ ਗੈਰ ਕਾਨੂੰਨੀ ਤੌਰ ’ਤੇ ਦਾਖਲ ਹੋਣ ਤੋਂ ਬਾਅਦ ਸਭ ਤੋਂ ਜ਼ਿਆਦਾ ਲੋਕ ਕੈਲੀਫੋਰਨੀਆ ਸਟੇਟ ਵਿਚ ਪਹੁੰਚਦੇ ਹਨ ਅਤੇ ਉਸ ਤੋਂ ਬਾਅਦ ਨਿਊਯਾਰਕ ਦਾ ਨੰਬਰ ਆਉਂਦਾ ਹੈ।


**ਮੇਅਰ ਐਰਿਕ ਐਡਮਜ਼**

ਮੇਅਰ ਐਰਿਕ ਐਡਮਜ਼ ਨੇ ਕਿਹਾ ਕਿ ਨਿਊਯਾਰਕ ’ਚ 58 ਹਜ਼ਾਰ ਤੋਂ ਵੱਧ ਲੋਕ ਸ਼ਰਨ ਮੰਗਣ ਦੀ ਉਡੀਕ ਵਿਚ ਹਨ, ਜੋ ਕਿ ਇੱਕ ਬਹੁਤ ਵੱਡੀ ਸੰਖਿਆ ਹੈ। ਇਨ੍ਹਾਂ ਦੀ ਗਿਣਤੀ ਦਿਨੋਂ-ਦਿਨ ਹੋਰ ਵੀ ਵੱਧ ਰਹੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪ੍ਰਵਾਸੀਆਂ ਦੀ ਸਾਂਭ-ਸੰਭਾਲ ਦਾ ਕੰਮ ਚੱਲ ਰਿਹਾ ਹੈ।

■ ਬਾਕੀ ਖਬਰ ਸਫਾ 16 ’ਤੇ

## ਡਾ. ਕੇ. ਸ੍ਰੀਕਰ ਰੈੱਡੀ ਸਾਨ ਫਰਾਂਸਿਸਕੋ ਵਿਖੇ ਕੌਂਸਲੇਟ ਜਨਰਲ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ




**ਸਾਨ ਫਰਾਂਸਿਸਕੋ, (ਪੰਜਾਬ ਮੇਲ)-** ਸਾਨ ਫਰਾਂਸਿਸਕੋ ਵਿਖੇ ਭਾਰਤੀ ਕੌਂਸਲੇਟ ਜਨਰਲ ਡਾ. ਕੇ. ਸ੍ਰੀਕਰ ਰੈੱਡੀ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਉਹ ਪਹਿਲੇ ਕੌਂਸਲੇਟ ਜਨਰਲ ਡਾ. ਟੀ.ਵੀ. ਨਗੇਂਦਰਾ ਪ੍ਰਸਾਦ ਦਾ ਸਥਾਨ ਲੈਣਗੇ। ਇਥੇ ਆਉਣ ਤੋਂ ਪਹਿਲਾਂ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਰਿਵਾਰ ਸਮੇਤ ਨਤਮਸਤਕ ਹੋਏ। ਜਿੱਥੇ ਉਨ੍ਹਾਂ ਨੇ ਇਲਾਹੀ ਬਾਣੀ ਦਾ ਕੀਰਤਨ ਸੁਣਿਆ, ਉਥੇ ਹੀ ਸਰਬੱਤ ਦੇ ਭਲੇ ਲਈ ਅਰਦਾਸ ਵੀ ਕੀਤੀ। ਇਸ ਉਪਰੰਤ ਉਨ੍ਹਾਂ ਨੂੰ ਸੂਚਨਾ ਕੇਂਦਰ ਵਿਖੇ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਵੱਲੋਂ ਧਾਰਮਿਕ ਪੁਸਤਕਾਂ ਦਾ ਸੈੱਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਡਾ. ਕੇ. ਸ੍ਰੀਕਰ ਰੈੱਡੀ ਇਕ ਆਈ.ਐੱਫ.ਐੱਸ. ਅਧਿਕਾਰੀ ਹਨ ਅਤੇ ਉਨ੍ਹਾਂ ਨੂੰ ਵਿਦੇਸ਼ੀ ਮਾਮਲਿਆਂ ਬਾਰੇ ਬੜਾ ਲੰਮਾ ਤਜ਼ਰਬਾ ਹੈ। ਉਨ੍ਹਾਂ ਨੇ ਵਿਦੇਸ਼ ਵਿਭਾਗ ਨਾਲ ਸੰਬੰਧਤ ਵੱਖ-ਵੱਖ ਵਿਭਾਗਾਂ ਵਿਚ ਕੰਮ ਕੀਤਾ ਹੈ। ਉਹ ਭਾਰਤੀ ਸਰਕਾਰ ’ਚ ਜੁਆਇੰਟ ਸੈਕਟਰੀ ਅਤੇ ਓ.ਐੱਸ.ਡੀ., ਮਨਿਸਟਰੀ ਆਫ ਕਾਮਰਸ ਐਂਡ ਇੰਡਸਟਰੀ ਤੋਂ ਇਲਾਵਾ ਹੋਰ ਵੀ ਉੱਚ ਅਹੁਦਿਆਂ ’ਤੇ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ।

## ਮੁੱਖ ਮੰਤਰੀ ਵੱਲੋਂ 13 ਉੱਘੀਆਂ ਸ਼ਖ਼ਸੀਅਤਾਂ ਦਾ ਸਟੇਟ ਐਵਾਰਡ ਨਾਲ ਸਨਮਾਨ

■ 19 ਪੁਲਿਸ ਅਫ਼ਸਰਾਂ ਨੂੰ ਮਿਲਿਆ ਮੁੱਖ ਮੰਤਰੀ ਪੁਲਿਸ ਮੈਡਲ



**ਪਟਿਆਲਾ, (ਪੰਜਾਬ ਮੇਲ)-** ਸੁਤੰਤਰਤਾ ਦਿਵਸ ਦੇ ਮੌਕੇ ’ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੱਖ-ਵੱਖ ਖੇਤਰਾਂ ਵਿਚ ਅਹਿਮ ਯੋਗਦਾਨ ਪਾਉਣ ਵਾਲੀਆਂ 13 ਪ੍ਰਮੁੱਖ ਹਸਤੀਆਂ ਨੂੰ ਸਟੇਟ ਐਵਾਰਡ ਦੇਣ ਦੇ ਨਾਲ-ਨਾਲ 19 ਪੁਲਿਸ ਅਧਿਕਾਰੀਆਂ/ਮੁਲਾਜ਼ਮਾਂ ਦੀਆਂ ਸ਼ਾਨਦਾਰ ਸੇਵਾਵਾਂ ਦੇ ਮੱਦੇਨਜ਼ਰ ਉਨ੍ਹਾਂ ਨੂੰ ਮੁੱਖ ਮੰਤਰੀ ਪੁਲਿਸ ਮੈਡਲ ਦੇ ਕੇ ਸਨਮਾਨਿਤ ਕੀਤਾ।

ਇਨ੍ਹਾਂ ਐਵਾਰਡੀਆਂ ਵਿਚ ਵਿਦਿਆਰਥੀਆਂ ਤੋਂ ਇਲਾਵਾ ਸਮਾਜ ਸੇਵੀ, ਕਲਾਕਾਰ, ਸਾਹਿਤਕਾਰ, ਕਵੀ, ਅਗਾਂਹਵਧੂ ਕਿਸਾਨ, ਵਾਤਾਵਰਨ ਪ੍ਰੇਮੀ ਅਤੇ ਸਰਕਾਰੀ ਅਧਿਕਾਰੀ ਸ਼ਾਮਲ ਹਨ, ਜਿਨ੍ਹਾਂ ਵਡੇਰੇ ਜਨਤਕ ਹਿੱਤ ਵਿਚ ਆਪੋ-ਆਪਣੇ ਖ਼ੇਤਰਾਂ ਵਿਚ ਲਾਮਿਸਾਲ ਯੋਗਦਾਨ ਦਿੱਤਾ।

ਮੁੱਖ ਮੰਤਰੀ ਨੇ ਰੂਪਨਗਰ ਦੀ ਸਨਵੀ ਸੂਦ, ਪਟਿਆਲਾ ਦੇ ਹਰਜਿੰਦਰ ਸਿੰਘ, ਖਮਾਣੋਂ ਦੇ ਐੱਸ.ਡੀ.ਐੱਮ. ਸੰਜੀਵ ਕੁਮਾਰ, ਸੁਖਦੇਵ ਸਿੰਘ ਤੇ ਫਤਹਿ ਸਿੰਘ ਪਟਵਾਰੀ (ਦੋਵੇਂ ਪਠਾਨਕੋਟ), ਪਟਿਆਲਾ ਦੀ ਏਕਮਜੋਤ ਕੌਰ, ਤਰਨ ਤਾਰਨ ਦੇ ਮੇਜਰ ਸਿੰਘ, ਬਠਿੰਡਾ ਦੇ ਪਰਮਜੀਤ ਸਿੰਘ,

■ ਬਾਕੀ ਖਬਰ ਸਫਾ 16 ’ਤੇ

## ਗੈਰ ਪ੍ਰਵਾਸੀਆਂ ਦੀ ਵੱਧ ਆਮਦ ਕਾਰਨ ਮੈਸੇਚਿਉਸੇਟਸ ਦੀ ਗਵਰਨਰ ਵੱਲੋਂ ਸਟੇਟ ਐਮਰਜੈਂਸੀ ਦਾ ਐਲਾਨ



**ਬੋਸਟਨ, (ਪੰਜਾਬ ਮੇਲ)-** ਬਾਰਡਰ ਟੱਪ ਕੇ ਅਮਰੀਕਾ ਪਹੁੰਚ ਰਹੇ ਪ੍ਰਵਾਸੀਆਂ ਦੀ ਇੰਨੀ ਜ਼ਿਆਦਾ ਭਰਮਾਰ ਹੋ ਗਈ ਹੈ ਕਿ ਹੁਣ ਇਥੋਂ ਦੇ 50 ਰਾਜਾਂ ਵਿਚੋਂ ਬਹੁਤੇ ਗਵਰਨਰਾਂ ਨੇ ਇਨ੍ਹਾਂ ਪ੍ਰਵਾਸੀਆਂ ਨੂੰ ਆਪਣੇ ਰਾਜ ਵਿਚ ਆਉਣ ਤੋਂ ਰੋਕਣਾ ਸ਼ੁਰੂ ਕਰ ਦਿੱਤਾ ਹੈ। ਇਸੇ ਤਰ੍ਹਾਂ ਮੈਸੇਚਿਉਸੇਟਸ ਦੀ ਗਵਰਨਰ ਮੌਰਾ ਹੇਲੀ ਨੇ ਵੀ ਗੈਰ ਪ੍ਰਵਾਸੀਆਂ ਨੂੰ ਆਪਣ ਰਾਜ ਵਿਚ ਪਨਾਹ ਦੇਣ ਤੋਂ ਪਾਸਾ ਵੱਟ ਲਿਆ ਹੈ। ਇੱਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਇੱਥੇ ਪਹਿਲਾਂ ਤੋਂ ਹੀ ਗੈਰ ਪ੍ਰਵਾਸੀ ਭਾਰੀ ਗਿਣਤੀ ਵਿਚ ਪਹੁੰਚ ਚੁੱਕੇ ਹਨ, ਜਿਨ੍ਹਾਂ ਨੂੰ ਹੁਣ ਇੱਥੇ ਸਾਂਭਣਾ ਮੁਸ਼ਕਿਲ ਹੋ ਗਿਆ ਹੈ।

ਅਮਰੀਕੀ ਗ੍ਰਹਿ ਸੁਰੱਖਿਆ ਦੇ ਸਕੱਤਰ ਅਲਹੈਂਡਰੋ ਮਅਰਕਸ ਨੂੰ ਸੰਬਧਤ ਇਕ ਪੱਤਰ ਵਿਚ ਗਵਰਨਰ ਹੇਲੀ ਨੇ ਕਿਹਾ ਕਿ ਇਹ ਦੁੱਖਦਾਈ ਗੱਲ ਹੈ ਕਿ ਮੈਸੇਚਿਉਸੇਟਸ ਵਿਚ ਪ੍ਰਵਾਸੀਆਂ ਦੀ ਗਿਣਤੀ ਹੱਦ ਤੋਂ ਵੱਧ ਹੋ ਗਈ ਹੈ, ਜਿਸ ਕਰਕੇ ਇੱਥੇ ਸ਼ੈਲਟਰ ਹੋਮ ਵੀ ਭਰ ਗਏ ਹਨ। ਇਨ੍ਹਾਂ ਵਿਚ ਹਜ਼ਾਰਾਂ ਦੀ ਗਿਣਤੀ ਪਰਿਵਾਰ ਰਹਿ ਰਹੇ ਹਨ। ਕਈ ਪਰਿਵਾਰਾਂ ਨੂੰ ਹੋਟਲਾਂ ਅਤੇ ਮੋਟਲਾਂ ਵਿਚ ਵੀ ਪਨਾਹ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਫੈਡਰਲ ਦੀ ਸਹਾਇਤਾ ਤੋਂ ਬਿਨਾਂ ਹੁਣ ਹੋਰ ਪ੍ਰਵਾਸੀਆਂ ਨੂੰ ਰਾਜ ਵਿਚ ਸ਼ਰਨ ਦੇਣ ਦੀ ਮੁਸ਼ਕਿਲ ਆ ਰਹੀ ਹੈ।

ਇਮੀਗ੍ਰੇਸ਼ਨ ਪ੍ਰਣਾਲੀ ਦੇ ਅੰਦਰ ਕਾਨੂੰਨੀ ਕੇਸਾਂ ਦੇ ਨਿਪਟਾਰੇ ਦੀ ਉਡੀਕ ਕਰ ਰਹੇ ਲੋਕਾਂ ਨੂੰ ਵਰਕ ਪਰਮਿਟ ਜਾਰੀ

■ ਬਾਕੀ ਖਬਰ ਸਫਾ 16 ’ਤੇ

ਹੁੰਮਹੁਮਾ ਕੇ ਪਹੁੰਚੋ · ਬੱਚਿਆਂ ਤੇ ਸੇਵਾਦਾਰਾਂ ਦੀ ਹੌਂਸਲਾ ਅਫਜ਼ਾਈ ਕਰੋ · ਖੁੱਲ੍ਹਾ ਸੱਦਾ

# 13th Children Summer Sports Camp-2023


## *Closing Ceremony August 20 (5 to 7:30PM)*

# ਬੱਚਿਆਂ ਦੇ ਖੇਡ ਕੈਂਪ-2023 ਸਮਾਪਤੀ ਸਮਾਰੋਹ

**20 ਅਗਸਤ ਸ਼ਾਮ (5 ਤੋਂ 7.30)**


## *Wilson Play Fields Kent WA. 13028 SE. 251st. Kent, WA - 98030*

*(Chief Guest)*



*Mohinder Singh Gill*
*Olympian*

ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ 13ਵਾਂ ਬੱਚਿਆ ਦਾ ਖੇਡ ਕੈਂਪ-2023 ਜੁਲਾਈ ਤੇ ਅਗਸਤ 2 ਮਹੀਨੇ ਹਰੇਕ ਸ਼ਨਿਚਰਵਾਰ ਤੇ ਐਤਵਾਰ, ਸ਼ਾਮ 5 ਤੋਂ 7 ਵਜੇ ਤੱਕ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਲਗਾਇਆ ਗਿਆ, ਜਿੱਥੇ ਬੱਚਿਆਂ ਨੂੰ ਸਰੀਰਕ ਫਿੱਟਨੈੱਸ ਟ੍ਰੇਨਿੰਗ ਅਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਅਤੇ ਪੰਜਾਬੀ ਵਿਰਸੇ, ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਗਿਆ। ਬੱਚਿਆਂ ਤੋਂ ਕੋਈ ਫੀਸ ਨਹੀਂ ਲਈ ਗਈ, ਸਗੋਂ ਬੱਚਿਆਂ ਨੂੰ ਮੁਫਤ ਕਿੱਟਾਂ ਤੇ ਰਿਫਰੈਸ਼ਮੈਂਟ ਅਤੇ ਪੀਜ਼ਾ ਸੇਵਾ ਹਰ ਰੋਜ਼ ਦਾਨੀ ਸੱਜਣਾਂ ਵੱਲੋਂ ਕੀਤੀ ਗਈ। ਖੇਡ ਕਿੱਟਾਂ ਸਤਵਿੰਦਰ ਸਿੰਘ ਸੰਧੂ ਤੇ ਅਮਰਪਾਲ ਸਿੰਘ ਕਾਹਲੋਂ (ਬਾਬਾ ਬੁੱਢਾ ਦੇ ਨਾਂ) ਦਿੱਤੀਆਂ ਗਈਆਂ। ਮਨਜੀਤ ਸਿੰਘ ਕੀ ਇੰਸ਼ੋਰੈਂਸ ਵੱਲੋਂ ਹਰੇਕ ਸਾਲ ਇੰਸ਼ੋਰੈਂਸ ਦੀ ਸੇਵਾ ਕੀਤੀ ਜਾ ਰਹੀ ਹੈ। ਅਮਰੀਕ ਸਿੰਘ ਰੰਧਾਵਾ ਵੱਲੋਂ ਵਿਲਸਨ ਪਲੇਅ ਫੀਲਡ ਕੈਂਟ ਦਾ ਕਿਰਾਇਆ $2000/- ਸਪਾਂਸਰ ਕੀਤਾ ਗਿਆ। ਪਿੰਟੂ ਬਾਠ ਤੇ ਹਰਸ਼ਿੰਦਰ ਸਿੰਘ ਸੰਧੂ ਵੱਲੋਂ ਨਿਊਜ਼ ਪੇਪਰਾਂ ਨੂੰ ਸਪਾਂਸਰ ਕਰਕੇ $1000-1000/- ਦੇ ਕੇ ਭੇਜਿਆ ਗਿਆ। ਮੈਡਲ ਮਾਂਟਰੀਅਲ ਤੋਂ ਜੱਜਇੰਦਰ ਸਿੰਘ ਸਰੋਆ ਤੇ ਰਵਨੀਤ ਕੌਰ ਵੱਲੋਂ ਸਪਾਂਸਰ ਕੀਤਾ ਗਿਆ ਹੈ।



*Satpal Singh Sidhu*
*(Whatscom County Executive)*

ਮਹਿੰਦਰ ਸਿੰਘ ਨਿੱਝਰ, ਹਰਦੀਪ ਸਿੰਘ ਗਿੱਲ, ਹਰਦੇਵ ਸਿੰਘ ਜੱਜ, ਹੀਰਾ ਸਿੰਘ ਭੁੱਲਰ, ਦਲਜੀਤ ਸਿੰਘ ਗਿੱਲ, ਭਜਨ ਸਿੰਘ ਸੰਘਾ, ਹਰਜੀਤ ਸਿੰਘ ਜੌਹਲ, ਕਾਲਾ ਬੈਂਸ ਨੇ ਮਾਲੀ ਸਹਾਇਤਾ ਕੀਤੀ ਅਤੇ ਖਰਚੇ ਪੂਰੇ ਕਰਨ ਵਿਚ ਮਦਦ ਕੀਤੀ।

**ਇਹ ਕੈਂਪ ਪਿਛਲੇ 12 ਸਾਲਾਂ ਤੋਂ ਪੰਜਾਬੀ ਭਾਈਚਾਰੇ ਵੱਲੋਂ ਸਾਂਝੇ ਤੌਰ 'ਤੇ ਲਗਾਇਆ ਜਾ ਰਿਹਾ ਹੈ।**

ਇਸ ਸਾਲ 19 ਅਗਸਤ, ਸ਼ਾਮ 5 ਤੋਂ 7 ਵਜੇ ਤੱਕ ਬੱਚਿਆਂ ਤੇ ਨੌਜਵਾਨਾਂ ਦੇ ਸਾਕਰ, ਵਾਲੀਬਾਲ ਤੇ ਐਥਲੇਟਿਕਸ ਦੇ ਮੁਕਾਬਲੇ ਹੋਣਗੇ। 20 ਅਗਸਤ ਨੂੰ 5 ਤੋਂ 6 ਵਜੇ ਤੱਕ ਫਾਈਨਲ ਮੁਕਾਬਲੇ ਹੋਣਗੇ ਤੇ ਜੇਤੂਆਂ ਦਾ ਮਾਨ-ਸਨਮਾਨ ਹੋਵੇਗਾ।







ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

## ਗੁਰਚਰਨ ਸਿੰਘ ਢਿੱਲੋਂ

206-412-1559
*gsdhillon51@gmail.com*



Designed By Punjab Mail USA



KAISER PERMANENTE
ELK GROVE
MULTI CULTURAL festival
ਐਲਕ ਗਰੋਵ
ਮਲਟੀ
ਕਲਚਰਲ
ਮੇਲਾ
ਦਾਖਲਾ ਮੁਫਤ
Saturday, September 9
10am-5pm
District56
8230 Civic Center Drive, Elk Grove, CA, 95757
Travel the globe without leaving Elk Grove at the 11th annual Elk Grove Multicultural Festival
MUSIC • DANCE • FOOD • ART • ACTIVITIES • AND MORE!
elkgrovecity.org/mcf
ELK GROVE
COSUMNES COMMUNITY SERVICES DISTRICT
Elk Grove DIVERSITY & INCLUSION COMMISSION
EXPLORE ELK GROVE
abc10 WE STAND FOR YOU.
KISS 107.9 '90s & 2000s
V101.1


UNITED SPORTS CLUB CALIFORNIA, AMERICA
GAKHAL GROUP
DEDICATED TO
Late. Nashib Singh Gakhal
Late. Major Singh Bains
Late. Puran Singh
16TH WORLD KABADDI CUP 17 SEPTEMBER 2023, SUNDAY
(Timing 09:00am - 06pm)
(James Logan High School 1800 H Street, Union City, California 94587)
ਸੰਗਤਾਂ ਨੂੰ ਹੁੰਮ-ਹੁਮਾ ਕੇ ਪਹੁੰਚਣ ਦਾ ਖੁੱਲ੍ਹਾ ਸੱਦਾ
Amolak Singh Gakhal
Chief Patron, United Sports Club
Sponsor of 1st Prize
Diamond Trucking Stockton's
Sponsor of 2nd Prize
Sponsor of 3rd Prize
Diamond Sponsor
Inder Dosanjh
Dosanjh Family Auto Group Inc.
Diamond Sponsor
In the loving Memory of Late S. Mehnga Singh Sarai
By: Sarai Family
Diamond Sponsor
Diamond Sponsor
Asian Food Center, Canada
Diamond Sponsor
Jaswant Dass Gill, Canada
Diamond Sponsor
Kashmir Singh Dhoot
OPENING
ਟੂਰਨਾਮੈਂਟ ਅਰੰਭਤਾ ਦੀ ਅਰਦਾਸ ਕਰਨਗੇ
Inder Dosanjh
Dr. Navjot Dahiya
Many Grewal
Garry Singh
Surjit Singh Tutt
Sewa Singh Randhawa
Jaspreet Singh Attorney
Dulla Surkhpur
Dr. Harcharn Gill
* DIAMOND SPONSORS
* KINGS SPORTS CLUB
* SHAHEED BABA DEEP SINGH SPORTS CLUB
* CENTER VALLEY SPORTS CLUB
* SANDEEP NANGAL AMBIAN BAY AREA SPORTS CLUB
ਵਿਸ਼ੇਸ਼ ਸਨਮਾਨ
Surinder Singh Atwal
Tarlochan Singh Lachhar
Johan Singh Gill
Mike Boparai
Paul Sihota
Lakha Gazipur
Bant Nijjar
Surinder Nijjar
ਗੋਲਡ ਮੈਡਲ ਨਾਲ ਸਨਮਾਨ
Sarwan Singh Ball
Surinder Singh Atwal
Dulla Surkhpur
ਵਿਸ਼ੇਸ਼ ਸਨਮਾਨ
Club Management
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Advisor
S. Ashok Bhaura Gen. Sec & Media Incharge
Narinder Singh Sahota Treasurer
Sadhu Singh Khlaur Advisor
Sanam Bains Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Advisor
Inderjit Singh Thind Advisor
Bakhtawar Singh Gakhal Advisor
Gurpreet Singh Gakhal Advisor
Giani Ravinder Singh Advisor
Baljinder Singh Gakhal Advisor
Harjinder Ladhar Advisor
Palwinder Padda Advisor
Arundeep Singh Advisor
Baljinder Singh Advisor
Kirandeep Singh (Advisor)
Dhanna Coach Advisor
ਵਿਸ਼ੇਸ਼ ਸਨਮਾਨ
GUEST OF HONOUR
Our Diamond Sponsors
All Kabaddi Lovers are openly Invited
Raja Sweets & Catering
PTC PUNJABI
ipv
LIVE KABADDI
jus punjabi
Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com
ਸਾਰਾ ਦਿਨ ਰਾਜਾ ਸਵੀਟਸ ਵਲੋਂ ਗੁਰੂ ਕਾ ਲੰਗਰ ਲਗਾਇਆ ਜਾਵੇਗਾ
16ਵੇਂ ਵਿਸ਼ਵ ਕਬੱਡੀ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Sandeep Nangal Ambian Bay Area
2. North America/Charda Punjab Sports Club,
3. Baba Sang Ji Kabaddi Club
4. Fateh Sports Club/Shaheed Baba Deep Singh
Spectator Have to reach at James Logan High School, International Law of Kabddi will apply, United Sports Club has reserve the right for last decisions.

# ਸਿਆਟਲ ’ਚ ਬੱਚਿਆਂ ਦੇ ਖੇਡ ਕੈਂਪ ਦੀ ਸਮਾਪਤੀ ਸਮਾਰੋਹ 20 ਅਗਸਤ ਨੂੰ

**■ ਖਿਡਾਰੀ ਜੇਤੂਆਂ, ਕੋਚਾਂ, ਵਾਲੰਟੀਅਰਾਂ, ਦਾਨੀਆਂ ਤੇ ਸਮਾਜਸੇਵੀਆਂ ਦਾ ਹੋਵੇਗਾ ਸਨਮਾਨ**





ਮੁੱਖ ਮਹਿਮਾਨ ਮਹਿੰਦਰ ਸਿੰਘ ਗਿੱਲ ਓਲੰਪੀਅਨ। (ਸੱਜੇ) ਖੇਡ ਕੈਂਪ ਦੀ ਫੋਟੋ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਸਿਆਟਲ ਦੇ ਵਿਲਸਨ ਪਲੇਅ ਫੀਲਡਜ਼ ਕੈਂਟ ਵਿਚ ਹਰੇਕ ਸ਼ਨਿੱਚਰਵਾਰ ਤੇ ਐਤਵਾਰ ਜੁਲਾਈ-ਅਗਸਤ ਵਿਚ ਚੱਲ ਰਹੇ ਬੱਚਿਆਂ ਦੇ ਖੇਡ ਕੈਂਪ ਦਾ ਸਮਾਪਤੀ ਸਮਾਰੋਹ 20 ਅਗਸਤ, 2023, ਦਿਨ ਐਤਵਾਰ 5 ਤੋਂ 7.30 ਵਜੇ ਸ਼ਾਮ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ, ਜਿੱਥੇ ਜੇਤੂਆਂ, ਕੋਚਾਂ, ਵਾਲੰਟੀਅਰ ਸੇਵਾਦਾਰਾਂ, ਦਾਨੀਆਂ, ਸਪਾਂਸਰਾਂ, ਲਿਖਾਰੀਆਂ ਤੇ ਸਮਾਜ ਸੇਵੀਆਂ ਦਾ ਮਾਣ-ਸਨਮਾਨ ਹੋਵੇਗਾ। ਕੈਲੀਫੋਰਨੀਆ ਤੋਂ ਓਲੰਪੀਅਨ ਮਹਿੰਦਰ ਸਿੰਘ ਗਿੱਲ ਬਤੌਰ ਮੁੱਖ ਮਹਿਮਾਨ ਪਹੁੰਚ ਰਹੇ ਹਨ, ਜਿਨ੍ਹਾਂ ਵੱਲੋਂ ਜੇਤੂਆਂ ਨੂੰ ਇਨਾਮ ਵੰਡ ਕੀਤਾ ਜਾਵੇਗਾ। ਪੰਜਾਬੀ ਭਾਈਚਾਰੇ ਵੱਲੋਂ ਮਹਿੰਦਰ ਸਿੰਘ ਗਿੱਲ ਓਲੰਪੀਅਨ ਦਾ ਸਨਮਾਨ ਹੋਵੇਗਾ। ਅਖੀਰ ਵਿਚ 7.30 ਵਜੇ ਸਮਾਜ ਸੇਵੀ ਸੰਸਥਾ ਸੋਚ ਦੇ ਵਾਲੰਟੀਅਰਾਂ ਵੱਲੋਂ ਪੀਜ਼ੇ ਦਾ ਰਾਤਰੀ ਭੋਜਨ ਬੱਚਿਆਂ, ਤੇ ਉਨ੍ਹਾਂ ਦੇ ਮਾਪਿਆਂ, ਕੋਚਾਂ, ਵਾਲੰਟੀਅਰਾਂ, ਦਾਨੀਆਂ ਤੇ ਮਹਿਮਾਨਾਂ ਲਈ ਸੇਵਾ ਦੇ ਤੌਰ ’ਤੇ ਕੀਤਾ ਗਿਆ ਹੈ। 19 ਅਗਸਤ, ਸ਼ਾਮ 5 ਤੋਂ 7 ਵਜੇ ਸਾਕਰ, ਵਾਲੀਬਾਲ ਤੇ ਐਥਲੈਟਿਕਸ ਦੇ ਮੁਕਾਬਲੇ ਹੋਣਗੇ, ਜਿੱਥੇ ਕੋਈ ਵੀ ਖਿਡਾਰੀ ਭਾਗ ਲੈ ਸਕਦਾ ਹੈ। 20 ਅਗਸਤ, ਸ਼ਾਮ 5 ਤੋਂ 6 ਵਜੇ ਤੱਕ ਫਾਈਨਲ ਮੁਕਾਬਲੇ ਹੋਣਗੇ ਅਤੇ 6 ਤੋਂ 6.30 ਵਜੇ ਤੱਕ ਜੇਤੂਆਂ ਦਾ ਮਾਣ-ਸਨਮਾਨ ਹੋਵੇਗਾ।





**ਖੇਡ ਕੈਂਪ ਦੇ ਮੁੱਖ ਸੇਵਾਦਾਰ ਜਿਨ੍ਹਾਂ ਨਾਲ ਵਧੇਰੇ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ।**

ਪਿੰਟੂ ਬਾਠ, ਹਰਸ਼ਿੰਦਰ ਸਿੰਘ ਸੰਧੂ ਵੱਲੋਂ 1000-1000 ਡਾਲਰ ਨਾਲ ਪੇਪਰਾਂ ਨੂੰ ਸਪਾਂਸਰ ਕੀਤਾ ਗਿਆ ਹੈ। ਅਮਰੀਕ ਸਿੰਘ ਰੰਧਾਵਾ ਵੱਲੋਂ ਵਿਲਸਨ ਪਲੇਅ ਫੀਲਡਜ਼ ਲਈ ਕਿਰਾਏ ਦੇ 2000 ਡਾਲਰ, ਮਾਂਟਰੀਅਲ ਤੋਂ ਜੱਜਇੰਦਰ ਸਿੰਘ ਸਰੋਆ (ਰੈਂਜੀ) ਤੇ ਰਵਨੀਤ ਕੌਰ ਵੱਲੋਂ 1176 ਡਾਲਰ ਦੇ ਕੇ ਸਪਾਂਸਰ ਕੀਤਾ ਗਿਆ ਹੈ। ਬਾਬਾ ਬੁੱਢਾ ਜੀ ਸੰਸਥਾ ਵੱਲੋਂ ਹਰੇਕ ਸਾਲ ਦੀ ਤਰ੍ਹਾਂ ਸਤਵਿੰਦਰ ਸਿੰਘ ਸੰਧੂ ਤੇ ਅਮਰਪਾਲ ਸਿੰਘ ਕਾਹਲੋਂ ਨੇ ਸਪਾਂਸਰ ਕੀਤਾ ਹੈ ਅਤੇ ਮਨਜੀਤ ਸਿੰਘ ਕੀ ਇੰਸ਼ੋਰੈਂਸ ਵੱਲੋਂ ਖੇਡ-ਕੈਂਪ ਦੀ ਇੰਸ਼ੋਰੈਂਸ ਕੀਤੀ ਗਈ ਹੈ। ਦਾਨੀ ਸੱਜਣਾਂ ਵੱਲੋਂ ਹਰੇਕ ਸ਼ਨਿੱਚਰਵਾਰ ਰਿਫਰੈਸ਼ਮੈਂਟ ਦੇ ਕੇ ਅਤੇ ਐਤਵਾਰ ਪੀਜ਼ੇ ਦੀ ਸੇਵਾ ਦਾਨੀਆਂ ਵੱਲੋਂ ਕੀਤੀ ਗਈ ਹੈ। ਮਹਿੰਦਰ ਸਿੰਘ ਨਿੱਝਰ ਹਰੇਕ ਸਾਲ 1000 ਡਾਲਰ, ਹਰਦੀਪ ਸਿੰਘ ਗਿੱਲ, ਹਰਦੇਵ ਸਿੰਘ ਜੱਜ, ਮਾਸਟਰ ਦਲਜੀਤ ਸਿੰਘ ਗਿੱਲ, ਭਜਨ ਸਿੰਘ ਸੰਘਾ, ਹਰਜੀਤ ਸਿੰਘ ਜੌਹਲ, ਕਾਲਾ ਬੈਂਸ ਤੇ ਹੀਰਾ ਸਿੰਘ ਭੁੱਲਰ ਵੱਲੋਂ ਕੈਂਪ ਦੇ ਖਰਚੇ ਪੂਰੇ ਕਰਨ ਲਈ ਮਾਲੀ ਸਹਾਇਤਾ ਕੀਤੀ ਗਈ ਹੈ। ਪੰਜਾਬੀ ਭਾਈਚਾਰੇ ਵੱਲੋਂ ਸਾਂਝੇ ਤੌਰ ’ਤੇ ਪਿਛਲੇ 12 ਸਾਲ ਤੋਂ ਕੈਂਪ ਆਯੋਜਿਤ ਕੀਤਾ ਜਾ ਰਿਹਾ ਹੈ, ਜਿੱਥੇ ਬੱਚਿਆਂ ਨੂੰ ਸਰੀਰਕ ਫਿਟਨੈੱਸ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ’ਚ ਕੋਚਿੰਗ ਅਤੇ ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਆਉ ਮਿਲ ਕੇ ਬੱਚਿਆਂ ਤੇ ਸੇਵਾਦਾਰਾਂ ਦੀ ਹੌਂਸਲਾ ਅਫਜ਼ਾਈ ਅਤੇ ਉਤਸ਼ਾਹਿਤ ਕਰੀਏ। ਖੇਡ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾ ਰਿਹਾ ਹੈ।

# ਇਪਸਾ ਵੱਲੋਂ ਜਗਦੀਪ ਬਰਾੜ, ਪ੍ਰੋਫੈਸਰ ਰਜਿੰਦਰ ਸਿੰਘ ਦਾ ਸਨਮਾਨ ਅਤੇ ਕਵੀ ਦਰਬਾਰ ਕਰਵਾਇਆ ਗਿਆ



**ਬ੍ਰਿਸਬੇਨ, (ਦਲਵੀਰ ਹਲਵਾਰਵੀ/ ਪੰਜਾਬ ਮੇਲ)-** ਆਸਟ੍ਰੇਲੀਆ ਦੀ ਸਿਰਮੌਰ ਸਾਹਿਤਕ ਸੰਸਥਾ ਇੰਡੋਜ਼ ਪੰਜਾਬੀ ਸਾਹਿਤ ਅਕਾਦਮੀ ਆਫ ਆਸਟ੍ਰੇਲੀਆ ਵੱਲੋਂ ਕਵੀਨਜ਼ਲੈਂਡ ਦੇ ਸ਼ਹਿਰ ਬ੍ਰਿਸਬੇਨ ਦੀ ਸਥਾਨਕ ਇੰਡੋਜ਼ ਲਾਇਬ੍ਰੇਰੀ ’ਚ ਮਾਸਿਕ ਅਦਬੀ ਲੜੀ ਤਹਿਤ ਅਗਸਤ ਮਹੀਨੇ ਦੀ ਅਦਬੀ ਬੈਠਕ ਆਯੋਜਿਤ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਤਰਕਸ਼ੀਲ ਲੇਖਕ ਮਨਜੀਤ ਬੋਪਾਰਾਏ ਦੇ ਸਵਾਗਤੀ ਸ਼ਬਦਾਂ ਨਾਲ ਹੋਈ, ਉਪਰੰਤ ਰੁਪਿੰਦਰ ਸੋਜ਼ ਨੇ ਕਵੀ ਦਰਬਾਰ ਦਾ ਆਗਾਜ਼ ਕੀਤਾ। ਕਵੀ ਦਰਬਾਰ ’ਚ ਜਰਨੈਲ ਬਾਸੀ, ਦਲਵੀਰ ਹਲਵਾਰਵੀ, ਸੁਰਜੀਤ ਸੰਧੂ, ਹਰਜੀਤ ਕੌਰ ਸੰਧੂ, ਸਰਬਜੀਤ ਸੋਹੀ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਸਮਾਗਮ ਦੇ ਦੂਸਰੇ ਭਾਗ ’ਚ ਪ੍ਰੋਫੈਸਰ ਰਜਿੰਦਰ ਸਿੰਘ ਤੇ ਲੇਖਕ ਪੱਤਰਕਾਰ ਯਸ਼ਪਾਲ ਗੁਲਾਟੀ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਪ੍ਰਿੰਸੀਪਲ ਡਾ. ਸੂਬਾ ਸਿੰਘ ਨੇ ਗੱਲਬਾਤ ਕਰਦਿਆਂ ਪਰਵਾਸ ਵਿਚ ਇਪਸਾ ਦੇ ਅਦਬੀ ਉਪਰਾਲਿਆਂ ਅਤੇ ਲਾਇਬ੍ਰੇਰੀ ’ਚ ਲੱਗੇ ਮਰਹੂਮ ਹਸਤੀਆਂ ਦੇ ਪੋਰਟਰੇਟਾਂ ਨੂੰ ਚੰਗੀ ਪਹਿਲਕਦਮੀ ਕਿਹਾ। ਗੀਤਕਾਰ ਨਿਰਮਲ ਸਿੰਘ ਦਿਓਲ ਨੇ ਮਹਿਮਾਨ ਲੇਖਿਕਾ ਜਗਦੀਪ ਕੌਰ ਬਰਾੜ ਦੀ ਜੀਵਨ ਯਾਤਰਾ ਬਾਰੇ ਚਾਨਣਾ ਪਾਇਆ। ਅੰਤ ’ਚ ਕਵਿੱਤਰੀ ਜਗਦੀਪ ਕੌਰ ਬਰਾੜ ਨੇ ਆਪਣੇ ਜੀਵਨ ਤਜ਼ਰਬਿਆਂ ਨਾਲ ਸਾਂਝ ਪਵਾਈ। ਇਪਸਾ ਵੱਲੋਂ ਪ੍ਰੋਫੈਸਰ ਰਜਿੰਦਰ ਸਿੰਘ ਬਰਾੜ ਅਤੇ ਜਗਦੀਪ ਕੌਰ ਬਰਾੜ ਜੀ ਨੂੰ ਯਾਦਗਾਰੀ ਚਿੰਨ੍ਹ ਅਤੇ ਇਪਸਾ ਸੋਵੀਨਾਰ ਭੇਂਟ ਕੀਤੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਮਿੰਦਰ ਸਿੰਘ ਬਰਾੜ, ਪਾਲ ਰਾਊਕੇ, ਜਸਪਾਲ ਸੰਘੇੜਾ, ਸੁਖਵੀਰ ਸਿੰਘ ਮਾਨ, ਪ੍ਰੋਫੈਸਰ ਪਰਦੁਮਨ ਸਿੰਘ, ਅਜਾਇਬ ਸਿੰਘ ਵਿਰਕ, ਬਲਵਿੰਦਰ ਕੌਰ ਵਿਰਕ, ਬਿਕਰਮਜੀਤ ਸਿੰਘ ਚੰਦੀ ਅਤੇ ਅਰਸ਼ਦੀਪ ਸਿੰਘ ਦਿਓਲ ਹਾਜ਼ਰ ਸਨ।



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਹਰ ਮਹੀਨੇ ਕਰਦੈ ਵਿੱਤੀ ਮਦਦ : ਪਨਗੋਟਾ

ਤਰਨਤਾਰਨ, (ਪੰਜਾਬ ਮੇਲ)- ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਕੀਤੇ ਗਏ ਵਿਲੱਖਣ ਸੇਵਾ ਕਾਰਜਾਂ ਕਾਰਨ ਉਨ੍ਹਾਂ ਨੂੰ ਲੋੜਵੰਦ ਲੋਕਾਂ ਦਾ ਮਸੀਹਾ ਕਿਹਾ ਜਾਂਦਾ ਹੈ। ਇਹ ਪ੍ਰਗਟਾਵਾ ਟਰੱਸਟ ਦੇ ਜਰਨਲ ਸਕੱਤਰ ਗੁਰਪ੍ਰੀਤ ਸਿੰਘ ਪਨਗੋਟਾ ਨੇ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਡਾ. ਓਬਰਾਏ ਵੱਲੋਂ ਜਿੱਥੇ ਸਿਹਤ ਅਤੇ ਸਿੱਖਿਆ ਦੇ ਖੇਤਰ ਵਿਚ ਵਿਲੱਖਣ ਕਾਰਜ ਕੀਤੇ ਜਾ ਰਹੇ ਹਨ, ਉੱਥੇ ਲੋੜਵੰਦ ਪਰਿਵਾਰ ਜੋ ਆਰਥਿਕ ਤੌਰ 'ਤੇ ਕਮਜ਼ੋਰ ਹੁੰਦੇ ਹਨ, ਉਨ੍ਹਾਂ ਦੀ ਆਰਥਿਕ ਸਹਾਇਤਾ ਕੀਤੀ ਜਾਂਦੀ ਹੈ, ਤਾਂ ਜੋ ਉਹ ਆਪਣਾ ਜੀਵਨ ਬਸਰ ਕਰ ਸਕਣ। ਇਸੇ ਲੜੀ ਤਹਿਤ ਤਰਨਤਾਰਨ ਜ਼ਿਲ੍ਹੇ ਦੇ 150 ਵਿਧਵਾ, ਬੇਸਹਾਰਾ ਅਤੇ ਅੰਗਹੀਣ ਵਿਅਕਤੀਆਂ ਨੂੰ ਮਹੀਨਾਵਾਰ ਆਰਥਿਕ ਸਹਾਇਤਾ ਕੀਤੀ ਜਾਂਦੀ ਹੈ। ਟਰੱਸਟ ਵੱਲੋਂ ਬਿਨ੍ਹਾਂ ਪਰਿਵਾਰਾਂ ਨੂੰ ਸਹਾਇਤਾ ਦੇ ਚੈੱਕ ਦਿੱਤੇ ਗਏ।


ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨ ਦੇ ਚੈੱਕ ਤਕਸੀਮ ਕਰਦੇ ਹੋਏ ਜਨਰਲ ਸਕੱਤਰ ਗੁਰਪ੍ਰੀਤ ਸਿੰਘ, ਸਾਹਿਬ ਪਨਗੋਟਾ ਤੇ ਹੋਰ।


ਡਾ. ਐੱਸ.ਪੀ. ਸਿੰਘ ਓਬਰਾਏ।

ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਆਏ ਹੜ੍ਹਾਂ 'ਚ ਵੀ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਮੋਹਰੀ ਰੋਲ ਅਦਾ ਕੀਤਾ ਗਿਆ। ਜਿਸ ਤਹਿਤ ਵੱਡੇ ਪੱਧਰ 'ਤੇ ਪਸ਼ੂਆਂ ਦਾ ਚਾਰਾ, ਦਵਾਈਆਂ, ਮੱਛਰਦਾਨੀਆਂ, ਓਡੋਮੋਸ, ਰਾਸ਼ਨ ਕਿੱਟਾਂ ਲੋੜਵੰਦਾਂ ਨੂੰ ਤਕਸੀਮ ਕੀਤੀਆਂ ਗਈਆਂ। ਡਾ. ਓਬਰਾਏ ਵੱਲੋਂ ਐਲਾਨ ਕੀਤਾ ਗਿਆ ਕਿ ਜਿਨ੍ਹਾਂ ਦੇ ਘਰ ਹੜ੍ਹਾਂ ਕਾਰਨ ਨੁਕਸਾਨੇ ਗਏ ਹਨ, ਉਨ੍ਹਾਂ ਦੇ ਮਕਾਨ ਵੀ ਟਰੱਸਟ ਵੱਲੋਂ ਬਣਾਏ ਜਾਣਗੇ।

# ਪੰਜਾਬ ਸਾਹਿਤ ਅਕਾਡਮੀ ਵੱਲੋਂ ਰਜਨੀ ਸੈਣੀ ਤੇ ਕਮਲਜੀਤ ਕੌਰ ਬੈਂਸ ਮਿਸਿਜ਼ ਪੰਜਾਬਣ ਈਵੈਂਟ 'ਤੇ ਸਨਮਾਨਿਤ

ਸੈਕਰਾਮੈਂਟੋ, (ਪੰਜਾਬ ਮੇਲ)- ਏ.ਆਰ. ਸੈਣੀ ਗਲੈਮਰ ਵਰਲਡ ਦੇ ਐੱਮ.ਡੀ. ਮਰਹੂਮ ਅਮਨ ਸੈਣੀ ਦੀ ਪਤਨੀ ਰਜਨੀ ਸੈਣੀ ਅਤੇ ਟੀ.ਵੀ. ਐੱਨ.ਆਰ.ਆਈ. ਦੇ ਮਾਲਕ ਪਰਦੀਪ ਬੈਂਸ ਦੀ ਪਤਨੀ ਕਮਲਜੀਤ ਕੌਰ ਬੈਂਸ ਨੂੰ ਪੰਜਾਬ ਸਾਹਿਤ ਅਕਾਡਮੀ ਤੇ ਅਕਾਡਮੀ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ ਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫ਼ਾਊਂਡਰ ਤੇ ਪ੍ਰਬੰਧਕ ਤੇ ਪੰਜਾਬ ਸਾਹਿਤ ਅਕਾਡਮੀ ਚੰਡੀਗੜ੍ਹ ਦੀ ਐਸੋਸੀਏਟ ਮੈਂਬਰ ਰਮਿੰਦਰ ਰੰਮੀ ਵੱਲੋਂ ਮਿਸਿਜ਼ ਪੰਜਾਬਣ ਵਰਲਡ ਵਾਈਡ ਈਵੈਂਟ ਮੌਕੇ ਮਾਝਾ ਥੀਏਟਰ ਵਿਖੇ ਸਰਟੀਫਿਕੇਟ ਅਤੇ ਫੁਲਕਾਰੀ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਪ੍ਰਦੇਸ਼ਾਂ ਵਿਚ ਪੰਜਾਬੀ, ਪੰਜਾਬੀਅਤ, ਪੰਜਾਬੀ ਵਿਰਸਾ ਤੇ ਪੰਜਾਬੀ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਕੀਤੇ ਗਏ ਉਪਰਾਲਿਆਂ ਸਦਕਾ ਕੀਤਾ ਗਿਆ।



# ਅਮਰੀਕੀ ਸਿੱਖ ਮਰੀਨ ਵੱਲੋਂ ਦਸਤਾਰ ਸਜਾ ਕੇ ਤੇ ਦਾੜ੍ਹੀ ਰੱਖ ਕੇ ਮਰੀਨ ਟਰੇਨਿੰਗ ਪੂਰੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਇਤਿਹਾਸ ਵਿਚ ਪਹਿਲੀ ਵਾਰ 21 ਸਾਲਾ ਸਿੱਖ ਮਰੀਨ ਨੇ ਦਸਤਾਰ ਸਜਾ ਕੇ ਅਤੇ ਦਾੜ੍ਹੀ ਰੱਖ ਕੇ ਅਮਰੀਕੀ ਮਰੀਨ ਕੋਰ ਦੀ ਸਿਖਲਾਈ ਪੂਰੀ ਕੀਤੀ ਹੈ। ਇੱਕ ਰਿਪੋਰਟ ਅਨੁਸਾਰ ਜਸਕੀਰਤ ਸਿੰਘ ਨੇ ਸਿੱਖ ਧਰਮ ਵਿਚ ਪਵਿੱਤਰ ਮੰਨੇ ਜਾਂਦੇ ਪ੍ਰਤੀਕਾਂ ਦਾ ਤਿਆਗ ਕੀਤੇ ਬਿਨਾਂ ਸਾਨ ਡਿਆਗੋ ਸਥਿਤ ਕੇਂਦਰ ਵਿਚ ਸਫਲਤਾਪੂਰਵਕ ਆਪਣੀ ਸਿਖਲਾਈ ਪੂਰੀ ਕੀਤੀ। ਸੰਘੀ ਅਦਾਲਤ ਨੇ ਇਸ ਸਾਲ ਅਪਰੈਲ ਵਿਚ ਫੌਜ ਵਿਚ ਭਰਤੀ ਹੋਣ ਵਾਲਿਆਂ ਨੂੰ ਧਾਰਮਿਕ ਵਿਸ਼ਵਾਸਾਂ ਨੂੰ ਛੋਟ ਦੇਣ ਦਾ ਹੁਕਮ ਦਿੱਤਾ ਸੀ।

# ਪੰਜਾਬ ਸਰਕਾਰ ਵੱਲੋਂ ਰਾਜ ਦੀਆਂ ਪੰਚਾਇਤਾਂ ਭੰਗ ਕੀਤੀਆਂ; ਚੋਣਾਂ 31 ਦਸੰਬਰ ਤੱਕ

ਮਾਨਸਾ/ਬਨੂੜ, (ਪੰਜਾਬ ਮੇਲ)- ਪੰਜਾਬ ਸਰਕਾਰ ਵਲੋਂ ਪੰਚਾਇਤਾਂ ਤੁਰੰਤ ਭੰਗ ਕਰ ਦਿੱਤੀਆਂ ਹਨ। ਪੰਚਾਇਤ ਸਮਿਤੀਆਂ, ਬਲਾਕ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀ ਚੋਣ 25 ਨਵੰਬਰ ਤੱਕ, ਪੰਚਾਂ ਅਤੇ ਸਰਪੰਚਾਂ ਲਈ ਪੰਚਾਇਤੀ ਚੋਣ 31 ਤੱਕ ਦਸੰਬਰ ਕਰਵਾਈਆਂ ਜਾਣਗੀਆਂ। ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਪੰਜਾਬ 'ਚ 13241 ਪੰਚਾਇਤਾਂ, 157 ਪੰਚਾਇਤ ਸਮਿਤੀਆਂ ਤੇ 23 ਜ਼ਿਲ੍ਹਾ ਪ੍ਰੀਸ਼ਦ ਹਨ।

# ਏਅਰ ਏਸ਼ੀਆ-ਐਕਸ ਵੱਲੋਂ 3 ਸਤੰਬਰ ਤੋਂ ਸ਼ੁਰੂ ਹੋਵੇਗੀ ਅੰਮ੍ਰਿਤਸਰ-ਕੁਆਲਾਲੰਪੁਰ ਲਈ ਸਿੱਧੀ ਉਡਾਣ

ਅੰਮ੍ਰਿਤਸਰ, (ਪੰਜਾਬ ਮੇਲ)- ਅੰਮ੍ਰਿਤਸਰ ਏਅਰਪੋਰਟ ਤੋਂ ਕੁਆਲਾਲੰਪੁਰ ਲਈ ਏਅਰ ਏਸ਼ੀਆ-ਐਕਸ ਸਿੱਧੀ ਉਡਾਣ ਸ਼ੁਰੂ ਕਰਨ ਜਾ ਰਿਹਾ ਹੈ। ਇਹ ਫਲਾਈਟ ਅੰਮ੍ਰਿਤਸਰ ਤੋਂ 3 ਸਤੰਬਰ ਤੋਂ ਸ਼ੁਰੂ ਹੋਣ ਵਾਲੀ ਹੈ। ਏਅਰਲਾਈਨਸ ਨੇ ਆਨਲਾਈਨ ਇਸ ਦੀ ਬੁਕਿੰਗ ਸ਼ੁਰੂ ਕਰ ਦਿੱਤੀ ਹੈ। ਦੋਵੇਂ ਸ਼ਹਿਰਾਂ ਨੂੰ ਜੋੜਨ ਵਾਲੀ ਮਲਿੰਦੋ ਦੇ ਬਾਅਦ ਏਅਰ ਏਸ਼ੀਆ-ਐਕਸ ਦੂਜੀ ਏਅਰਲਾਈਨਸ ਬਣ ਗਈ ਹੈ।

ਅੰਮ੍ਰਿਤਸਰ ਏਅਰਪੋਰਟ ਤੋਂ ਇਹ ਫਲਾਈਟ ਹਫਤੇ 'ਚ ਚਾਰ ਦਿਨ ਐਤਵਾਰ, ਸੋਮਵਾਰ, ਵੀਰਵਾਰ ਤੇ ਸ਼ਨੀਵਾਰ ਨੂੰ ਉਡਾਣ ਭਰੇਗੀ। ਰਾਤ ਲਗਭਗ 1 ਵਜੇ ਇਹ ਫਲਾਈਟ ਅੰਮ੍ਰਿਤਸਰ ਤੋਂ ਰਵਾਨਾ ਹੋਵੇਗੀ, ਜੋ 5.50 ਘੰਟੇ ਦਾ ਸਫਰ ਕਰਕੇ ਭਾਰਤੀ ਸਮੇਂ ਮੁਤਾਬਕ 6.50 ਵਜੇ ਕੁਆਲਾਲੰਪੁਰ ਲੈਂਡ ਹੋ ਜਾਵੇਗੀ। ਇਸੇ ਤਰ੍ਹਾਂ ਇਹ ਫਲਾਈਟ ਹਰ ਐਤਵਾਰ, ਸੋਮਵਾਰ, ਬੁੱਧਵਾਰ ਤੇ ਸ਼ੁੱਕਰਵਾਰ ਨੂੰ ਕੁਆਲਾਲੰਪੁਰ ਤੋਂ ਰਵਾਨਾ ਹੋਵੇਗੀ। ਇਹ ਫਲਾਈਟ ਕੁਆਲਾਲੰਪੁਰ ਦੇ ਸਮੇਂ ਮੁਤਾਬਕ ਰਾਤ 8.25 ਵਜੇ ਉਥੋਂ ਰਵਾਨਾ ਹੋਵੇਗੀ, ਜੋ 5.55 ਘੰਟੇ ਦਾ ਸਫਰ ਤੈਅ ਕਰਕੇ ਰਾਤ 11.50 ਵਜੇ ਅੰਮ੍ਰਿਤਸਰ ਵਿਚ ਲੈਂਡ ਹੋਵੇਗੀ। ਮਲਿੰਦੋ ਏਅਰਲਾਈਨਸ ਨੇ ਵੀ ਬੀਤੇ ਸਾਲ ਸਤੰਬਰ ਵਿਚ ਹੀ ਅੰਮ੍ਰਿਤਸਰ-ਕੁਆਲਾਲੰਪੁਰ ਲਈ ਸਿੱਧੀ ਉਡਾਣ ਸ਼ੁਰੂ ਕੀਤੀ ਸੀ। ਇਹ ਫਲਾਈਟ ਹਫਤੇ 'ਚ ਤਿੰਨ ਦਿਨ ਸੋਮਵਾਰ, ਬੁੱਧਵਾਰ ਤੇ ਸ਼ੁੱਕਰਵਾਰ ਨੂੰ ਦੋਵੇਂ ਸ਼ਹਿਰਾਂ ਵਿਚ ਉਡਾਣ ਭਰਦੀ ਹੈ।






# ਅਮਰੀਕਾ ਦੇ ਹਰ ਸੂਬੇ ਵਿਚ ਲਗਾਏ ਜਾਣਗੇ ਗੱਤਕਾ ਸਿਖਲਾਈ ਕੈਂਪ: ਡਾ. ਦੀਪ ਸਿੰਘ

**■ ਗੱਤਕਾ ਫੈਡਰੇਸ਼ਨ ਯੂ.ਐੱਸ.ਏ. ਵਲੋਂ ਦੂਜੇ ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ ਦੌਰਾਨ ਸਿਖਾਏ ਗਏ ਗੱਤਕੇ ਦੇ ਗੁਰ**





ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)- ਅਮਰੀਕਾ ਵਿਚ ਗੱਤਕਾ ਖੇਡ ਦੀ ਨੈਸ਼ਨਲ ਪੱਧਰ ਦੀ ਜੱਥੇਬੰਦੀ ਗੱਤਕਾ ਫੈਡਰੇਸ਼ਨ ਯੂ.ਐੱਸ.ਏ. ਜੋ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਤੋਂ ਮਾਨਤਾ ਪ੍ਰਾਪਤ ਹੈ, ਦੀ ਅਗਵਾਈ ਹੇਠ ਨਿਊਯਾਰਕ ਗੱਤਕਾ ਐਸੋਸੀਏਸ਼ਨ ਵਲੋਂ ਦੂਜਾ ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ-2023 ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਚ ਆਯੋਜਿਤ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਵਿਸ਼ਵ ਗੱਤਕਾ ਫੈਡਰੇਸ਼ਨ ਤੇ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਡਾ. ਦੀਪ ਸਿੰਘ ਨੇ ਦੱਸਿਆ ਕਿ ਫੈਡਰੇਸ਼ਨ ਵਲੋਂ ਹਰ ਸਾਲ ਅਮਰੀਕਾ ਦੇ ਵੱਖ-ਵੱਖ ਰਾਜਾਂ ਵਿਚ ਗੱਤਕਾ ਖੇਡ ਦੀ ਪ੍ਰਫੁੱਲਤਾ ਅਤੇ ਇਸ ਖੇਡ ਨੂੰ ਹਰਮਨ ਪਿਆਰਾ ਬਣਾਉਣ ਲਈ ਟ੍ਰੇਨਿੰਗ ਕੈਂਪ ਅਤੇ ਵਰਕਸ਼ਾਪਾਂ ਦਾ ਇੰਤਜ਼ਾਮ ਕੀਤਾ ਜਾਂਦਾ ਹੈ ਅਤੇ ਫੈਡਰੇਸ਼ਨ ਵਲੋਂ ਹਰ ਰਾਜ ਵਿਚ ਗੱਤਕਾ ਐਸੋਸੀਏਸ਼ਨਾਂ ਦਾ ਗਠਨ ਕਰਨ ਦਾ ਟੀਚਾ ਵੀ ਉਲੀਕਿਆ ਗਿਆ ਹੈ, ਜਿਸ ਤਹਿਤ ਚਾਰਾਜੋਈ ਕੀਤੀ ਜਾ ਰਹੀ ਹੈ।

ਉਨ੍ਹਾਂ ਵਲੋਂ ਜਾਣਕਾਰੀ ਦਿੰਦਿਆ ਆਖਿਆ ਗਿਆ ਕਿ ਅਮਰੀਕਾ ਵਿਚ ਇਹ ਦੂਜਾ ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ ਲਗਾਇਆ ਗਿਆ ਹੈ, ਤਾਂ ਜੋ ਸਮੂਹ ਰੈਫਰੀਆਂ ਅਤੇ ਜੱਜਾਂ ਨੂੰ ਨਾ ਸਿਰਫ ਇੱਕ ਪਲੇਟਫਾਰਮ 'ਤੇ ਲਿਆਉਂਦਾ ਜਾਵੇ, ਬਲਕਿ ਭਵਿੱਖ ਵਿਚ ਹੋਣ ਵਾਲੇ ਰਾਜ ਪੱਧਰੀ ਅਤੇ ਨੈਸ਼ਨਲ ਪੱਧਰ ਦੇ ਗੱਤਕਾ ਮੁਕਾਬਲਿਆਂ ਲਈ ਅਮਰੀਕਾ ਦੇ ਹਰ ਸੂਬੇ ਵਿਚ ਗੱਤਕਾ ਕੋਚ, ਜੱਜ ਅਤੇ ਰੈਫਰੀ ਪੈਦਾ ਕੀਤੇ ਜਾ ਸਕਣ।

ਇਸ ਮੌਕੇ 'ਤੇ ਬੋਲਦਿਆਂ ਨਿਊਯਾਰਕ ਗੱਤਕਾ ਐਸੋਸੀਏਸ਼ਨ ਦੇ ਵਾਈਸ ਚੇਅਰਮੈਨ ਸ. ਦਲੇਰ ਸਿੰਘ, ਸੱਕਤਰ ਸ. ਜਸਕੀਰਤ ਸਿੰਘ ਅਤੇ ਫਾਈਨੈਂਸ ਸਕੱਤਰ ਬੀਬਾ ਸਰਬਜੀਤ ਕੌਰ ਨੇ ਦੱਸਿਆ ਕਿ ਨੈਸ਼ਨਲ ਪੱਧਰ ਦੇ ਇਸ ਗੱਤਕਾ ਰਿਫਰੈਸ਼ਰ ਕੋਰਸ ਵਿਚ ਲਗਭਗ 50 ਗੱਤਕਾ ਕੋਚਾਂ ਵਲੋਂ ਅਰਜ਼ੀਆਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਦੀ ਪਰਖ ਕਰਨ ਤੋਂ ਬਾਅਦ ਹੀ ਗੱਤਕਾ ਕੋਚਾਂ ਨੂੰ ਰੈਫਰੀ, ਜੱਜ ਜਾਂ ਕੋਚ ਦੀ ਟ੍ਰੇਨਿੰਗ ਦਿੱਤੀ ਗਈ ਹੈ। ਉਨ੍ਹਾਂ ਦੱਸਿਆਂ ਕਿ ਟ੍ਰੇਨਿੰਗ ਕੈਂਪ ਦੌਰਾਨ ਹੀ ਰੈਫਰੀਆਂ ਅਤੇ ਜੱਜਾਂ ਦੀ ਗ੍ਰੇਡਿੰਗ ਵੀ ਕੀਤੀ ਗਈ ਹੈ, ਜਿਸ ਦੌਰਾਨ ਲਗਭਗ 10 ਕੋਚਾਂ ਨੂੰ ਨੈਸ਼ਨਲ ਪੱਧਰ ਦੇ ਰੈਫਰੀ ਅਤੇ ਜੱਜ ਬਣਨ 'ਤੇ ਸਰਟੀਫਿਕੇਟ ਜਾਰੀ ਕੀਤਾ ਗਿਆ ਹੈ। ਬਾਕੀ ਕੋਚਾਂ ਨੂੰ ਵੀ ਸਿਖਲਾਈ ਸਰਟੀਫਿਕੇਟ ਜਾਰੀ ਕੀਤੇ ਜਾਣਗੇ।

ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ ਵਿਚ ਵਿਸ਼ੇਸ ਤੌਰ 'ਤੇ ਕੈਨੇਡਾ ਤੋਂ ਪੁੱਜੇ ਸ. ਜਨਮਜੀਤ ਸਿੰਘ, ਜੋ ਕਿ ਨਾਰਥ ਅਮਰੀਕਾ ਦੇ ਟੈਕਨੀਕਲ ਕੋਆਰਡੀਨੇਟਰ ਅਤੇ ਨੈਸ਼ਨਲ ਗੱਤਕਾ ਐਸੋਸੀਏਸਨ ਆਫ ਕੈਨੇਡਾ ਦੇ ਸਕੱਤਰ ਨੇ ਭਾਗ ਲੈਣ ਆਏ ਕੋਚਾਂ, ਰੈਫਰੀਆਂ ਅਤੇ ਜੱਜਾਂ ਨਾਲ ਗੱਤਕੇ ਦੇ ਗੁਰ ਸਾਂਝੇ ਕੀਤੇ। ਉਨ੍ਹਾਂ ਵਲੋਂ ਪ੍ਰੈਕਟੀਕਲ ਸੈਸ਼ਨ ਦੌਰਾਨ ਵੱਖ-ਵੱਖ ਸਵਾਲਾਂ ਦੇ ਜਵਾਬ ਦਿੱਤੇ ਗਏ।

ਗੱਤਕਾ ਫੈਡਰੇਸ਼ਨ ਯੂ.ਐੱਸ.ਏ. ਦੇ ਫਾਈਨੈਂਸ ਸੈਕਟਰੀ ਸ. ਕੁਲਵਿੰਦਰ ਸਿੰਘ ਰਾਏ, ਸੀਨੀਅਰ ਕੋਚ ਸ. ਬਲਜਿੰਦਰ ਸਿੰਘ ਅਤੇ ਸੁਜਾਨ ਸਿੰਘ ਨੇ ਦੱਸਿਆ ਕਿ ਇਸ ਦੂਜੇ ਨੈਸ਼ਨਲ ਕੈਂਪ ਦੌਰਾਨ ਬੀਬੀਆਂ ਵਲੋਂ ਵੀ ਕੈਂਪ ਵਿਚ ਸਮੂਲੀਅਤ ਕੀਤੀ ਗਈ ਅਤੇ ਭਵਿੱਖ ਵਿਚ ਫੈਡਰੇਸ਼ਨ ਵਲੋਂ ਇਹੋ ਜਿਹੇ ਹੋਰ ਨੈਸ਼ਨਲ ਕੋਚਿੰਗ ਕੈਂਪਾਂ ਦਾ ਆਯੋਜਨ ਵੀ ਕੀਤਾ ਜਾਵੇਗਾ, ਤਾਂ ਜੋ ਅਮਰੀਕਾ ਵਿਚ ਹੋਰ ਕੋਚ ਰੈਫਰੀ ਅਤੇ ਜੱਜ ਤਿਆਰ ਹੋ ਸਕਣ।

ਕੈਂਪ ਦੀ ਸਮਾਪਤੀ ਦੌਰਾਨ ਡਾ. ਦੀਪ ਸਿੰਘ ਅਤੇ ਸ. ਦਲੇਰ ਸਿੰਘ ਵਲੋਂ ਸ. ਜਨਮਜੀਤ ਸਿੰਘ ਦਾ ਵਿਸ਼ੇਸ ਤੌਰ 'ਤੇ ਸਨਮਾਨ ਕੀਤਾ ਗਿਆ ਅਤੇ ਕੈਂਪ ਵਿਚ ਭਾਗ ਲੈਣ ਵਾਲੇ ਸਮੂਹ ਕੋਚਾਂ ਨੂੰ ਸਰਟੀਫਿਕੇਟ ਤਕਸੀਮ ਕੀਤੇ ਗਏ।

# ਕਰਤਾਰਪੁਰ ਲਾਂਘੇ ਦਾ ਪੁਲ ਜ਼ੀਰੋ ਲਾਈਨ ਤੱਕ ਜੁੜਿਆ

**■ ਭਾਰਤ ਤੇ ਪਾਕਿਸਤਾਨ ਨੇ ਗੇਟ ਬਣਾਉਣ ਦੀਆਂ ਕਾਰਵਾਈਆਂ ਕੀਤੀਆਂ ਸ਼ੁਰੂ**



ਅੰਮ੍ਰਿਤਸਰ, (ਪੰਜਾਬ ਮੇਲ)- ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਨੂੰ ਜਾਣ ਲਈ ਸਰਹੱਦ 'ਤੇ ਬਣਾਏ ਲਾਂਘੇ ਦੇ ਪੁਲ ਦਾ ਨਿਰਮਾਣ ਪਾਕਿਸਤਾਨ ਸਰਕਾਰ ਨੇ ਲਗਭਗ 95 ਫੀਸਦੀ ਮੁਕੰਮਲ ਕਰ ਲਿਆ ਹੈ। ਦੱਸਣਯੋਗ ਹੈ ਕਿ ਭਾਰਤ ਨੇ ਆਪਣੇ ਪਾਸੇ ਕਰਤਾਰਪੁਰ ਕੋਰੀਡੋਰ ਦਾ ਪੁਲ, ਲਾਂਘਾ ਖੋਲ੍ਹਣ ਸਮੇਂ ਮੁਕੰਮਲ ਕਰ ਲਿਆ ਸੀ। ਦੂਜੇ ਪਾਸੇ ਪਤਾ ਲੱਗਾ ਹੈ ਕਿ ਕਰਤਾਰਪੁਰ ਲਾਂਘੇ 'ਤੇ ਆਉਣ ਵਾਲੇ ਦਿਨਾਂ ਵਿਚ ਭਾਰਤ ਅਤੇ ਪਾਕਿਸਤਾਨ ਨੇ ਗੇਟ ਬਣਾਉਣ ਦੀਆਂ ਕਾਰਵਾਈਆਂ ਸ਼ੁਰੂ ਕੀਤੀਆਂ ਹਨ।

ਜਾਣਕਾਰੀ ਅਨੁਸਾਰ ਭਾਰਤ-ਪਾਕਿ ਸਰਕਾਰਾਂ ਵੱਲੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਤੋਂ ਪਹਿਲਾਂ ਦੋਵਾਂ ਦੇਸ਼ਾਂ ਦੇ ਇੰਜੀਨੀਅਰਾਂ ਨੇ ਭਾਰਤ-ਪਾਕਿ ਸਰਹੱਦ ਦੇ ਦੋਵੇਂ ਪਾਸੇ ਸ੍ਰੀ ਕਰਤਾਰਪੁਰ ਸਾਹਿਬ ਨੂੰ ਜਾਣ ਵਾਲਾ ਪੁਲ ਬਣਾਉਣ ਲਈ ਸਰਹੱਦ 'ਤੇ 6 ਦੇ ਕਰੀਬ ਮੀਟਿੰਗਾਂ ਕੀਤੀਆਂ ਸਨ। ਇਸ ਦੌਰਾਨ ਪਹਿਲਾਂ ਪਾਕਿਸਤਾਨ ਆਪਣੇ ਪਾਸੇ ਸਪੇਨ ਪੁਲ ਦੀ ਥਾਂ 'ਤੇ ਸਰਵਿਸ ਰੋਡ ਬਣਾਉਣ 'ਤੇ ਅੜਿਆ ਰਿਹਾ ਸੀ ਪਰ ਭਾਰਤੀ ਇੰਜੀਨੀਅਰਾਂ ਨੇ ਸਰੱਹਦ ਨਾਲ ਵਗਦੇ ਰਾਵੀ ਦਰਿਆ ਦੇ ਪਾਣੀ ਤੋਂ ਧੁੱਸੀਂ ਬੰਨ੍ਹ ਬਚਾਉਣ ਦੇ ਮਨੋਰਥ ਤੇ ਦੋਹਾਂ ਦੇਸ਼ਾਂ ਦਰਮਿਆਨ ਦੋਵੇਂ ਪਾਸੇ 4 ਮਾਰਗੀ ਸਪੇਨ ਪੁਲ ਬਣਾਉਣ ਬਾਰੇ ਸਹਿਮਤੀ ਪ੍ਰਗਟਾਈ ਗਈ ਸੀ। ਦੋਵਾਂ ਮੁਲਕਾਂ ਨੇ ਇਹ ਪੁਲ 9 ਨਵੰਬਰ 2019 ਤੱਕ ਮੁਕੰਮਲ ਕਰਨਾ ਸੀ, ਜਦਕਿ ਕੇਂਦਰ ਸਰਕਾਰ ਨੇ 3.6 ਕਿਲੋਮੀਟਰ ਲੰਬਾ ਕਰਤਾਰਪੁਰ ਕੋਰੀਡੋਰ, ਜਿਸ ਵਿਚ 100 ਮੀਟਰ ਲੰਬਾ ਪੁਲ ਵੀ ਸ਼ਾਮਲ ਸੀ, ਨਿਰਧਾਰਤ ਸਮੇਂ ਵਿਚ ਮੁਕੰਮਲ ਕਰ ਲਿਆ ਸੀ। ਪਾਕਿਸਤਾਨ ਨੇ ਆਪਣੇ ਪਾਸੇ ਬਣਾਏ ਜਾਣ ਵਾਲੇ 350 ਮੀਟਰ ਲੰਬੇ ਪੁਲ ਨੂੰ ਹੁਣ ਤੱਕ 95 ਮੁਕੰਮਲ ਕੀਤਾ ਜਾ ਚੁੱਕਾ ਹੈ, ਦੋਵਾਂ ਪੁਲਾਂ ਦਾ ਮਿਲਾਪ ਜ਼ੀਰੋ ਲਾਈਨ ਤੱਕ ਹੋ ਚੁੱਕਾ ਹੈ। ਡੇਰਾ ਬਾਬਾ ਨਾਨਕ ਦੀ ਸਰਹੱਦ ਤੋਂ ਵੇਖਿਆ ਗਿਆ ਹੈ ਕਿ ਪਾਕਿਸਤਾਨ ਵੱਲੋਂ ਕਰੀਬ 150 ਮੀਟਰ ਦੋ-ਮਾਰਗੀ ਤੇ ਬਾਕੀ ਸਿੰਗਲ ਰੋਡ ਬਣਾਇਆ ਗਿਆ ਹੈ। ਇਸ ਬਾਰੇ ਸ਼ਰਧਾਲੂਆਂ ਨੇ ਦੱਸਿਆ ਹੈ ਕਿ ਹਾਲੇ ਤੱਕ ਪੁਲ ਦੇ ਕਿਨਾਰਿਆਂ 'ਤੇ ਕੰਧ, ਲਾਈਟਾਂ ਰੰਗ ਰੋਗਨ ਤੇ ਸਕਿਓਰਟੀ ਰੂਮ ਦਾ ਕੰਮ ਅਧੂਰਾ ਹੈ।


**Global Allianz**

**LAW FIRM LLP**

**ਕਾਨੂੰਨੀ ਸਲਾਹ**

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

**Asylum & Deportation Defense**



Atul Kapoor
C.E.O



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਕੈਲੀਫੋਰਨੀਆ ਜੱਜ ਵਿਰੁੱਧ ਪਤਨੀ ਦੀ ਹੱਤਿਆ ਕਰਨ ਦੇ ਦੋਸ਼ ਆਇਦ

■ ਹੱਤਿਆ ਤੋਂ ਬਾਅਦ ਜੱਜ ਨੇ ਖੁਦ ਹੀ ਅਦਾਲਤ ਨੂੰ ਦਿੱਤੀ ਜਾਣਕਾਰੀ


ਜੈਫਰੀ ਫਰਗੂਸਨ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਦੱਖਣੀ ਕੈਲੀਫੋਰਨੀਆ ਦੇ ਇਕ ਜੱਜ ਵਿਰੁੱਧ ਆਪਣੀ ਪਤਨੀ ਦੀ ਗੋਲੀ ਮਾਰ ਕੇ ਹੱਤਿਆ ਕਰਨ ਦੇ ਦੋਸ਼ ਆਇਦ ਕਰਨ ਦੀ ਖਬਰ ਹੈ। ਔਰੇਂਜ ਕਾਊਂਟੀ ਸੁਪਰੀਅਰ ਕੋਰਟ ਜੱਜ ਜੈਫਰੀ ਫਰਗੂਸਨ (72) ਉਪਰ ਦੋਸ਼ ਲਾਏ ਗਏ ਹਨ ਕਿ ਉਸ ਨੇ ਆਪਣੀ ਪਤਨੀ ਸ਼ੈਰਾਇਲ ਫਰਗੂਸਨ (65) ਦੀ ਤਕਰਾਰ ਤੋਂ ਬਾਅਦ ਅਨਾਹੀਮ ਹਿਲਜ਼ ਸਥਿਤ ਆਪਣੇ ਘਰ ਵਿਚ ਹੱਤਿਆ ਕਰ ਦਿੱਤੀ ਸੀ। ਇਹ ਘਟਨਾ ਇਸ ਮਹੀਨੇ ਦੇ ਸ਼ੁਰੂ ਵਿਚ ਵਾਪਰੀ ਸੀ। ਦਾਇਰ ਅਦਾਲਤੀ ਦਸਤਾਵਜ਼ਾਂ ਵਿਚ ਮੁੱਦਈ ਪੱਖ ਨੇ ਦਾਅਵਾ ਕੀਤਾ ਹੈ ਕਿ ਫਰਗੂਸਨ ਨੇ ਘਰ ਤੋਂ ਬਾਹਰ ਰਾਤ ਦਾ ਖਾਣਾ ਖਾਣ ਸਮੇਂ ਆਪਣੀ ਪਤਨੀ ਵੱਲ ਉਂਗਲ ਤਾਣ ਕੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਜਦੋਂ ਦੋਨੋਂ ਘਰ ਵਾਪਸ ਆਏ, ਤਾਂ ਪਤਨੀ ਸ਼ੈਰਾਇਲ ਫਰਗੂਸਨ ਨੇ ਆਪਣੇ ਪਤੀ ਨੂੰ ਕਿਹਾ, ਹਿੰਮਤ ਹੈ ਤਾਂ ਮਾਰ ਗੋਲੀ। ਤੂੰ ਮੇਰੇ 'ਤੇ ਅਸਲ ਹਥਿਆਰ ਤਾਣ ਕੇ ਤਾਂ ਵੇਖ।" ਇਸ ਉਪਰੰਤ ਜੈਫਰੀ ਫਰਗੂਸਨ ਨੇ ਆਪਣੇ ਪਿਸਤੌਲ ਨਾਲ ਸ਼ੈਰਾਇਲ ਫਰਗੂਸਨ ਨੂੰ ਗੋਲੀ ਮਾਰ ਦਿੱਤੀ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਇਸ ਦੇ ਕੁਝ ਮਿੰਟ ਬਾਅਦ ਫਰਗੂਸਨ ਨੇ ਆਪਣੇ ਅਦਾਲਤ ਦੇ ਕਲਰਕ ਤੇ ਸ਼ੈਰਿਫ ਦਫਤਰ ਨੂੰ ਮੈਸੇਜ ਭੇਜਿਆ ਕਿ "ਮੈਂ ਆਪਣੀ ਪਤਨੀ ਨੂੰ ਗੋਲੀ ਮਾਰ ਦਿੱਤੀ ਹੈ, ਮੈਂ ਕੱਲ੍ਹ ਅਦਾਲਤ ਵਿਚ ਨਹੀਂ, ਬਲਕਿ ਪੁਲਿਸ ਹਿਰਾਸਤ ਵਿਚ ਹੋਵਾਂਗਾ। ਮੁਆਫ ਕਰ ਦੇਣਾ।" ਔਰੇਂਜ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਫਰਗੂਸਨ ਦੇ ਬਾਲਗ ਪੁੱਤਰ ਵੱਲੋਂ 911 'ਤੇ ਫੋਨ ਕਰਕੇ ਦੱਸਿਆ ਗਿਆ ਕਿ ਉਸ ਦੀ ਮਾਂ ਨੂੰ ਗੋਲੀ ਮਾਰ ਦਿੱਤੀ ਗਈ ਹੈ। ਇਸ ਉਪਰੰਤ ਅਨਾਹੀਮ ਪੁਲਿਸ ਵਿਭਾਗ ਨੇ ਫਰਗੂਸਨ ਨੂੰ ਗ੍ਰਿਫਤਾਰ ਕਰ ਲਿਆ ਸੀ। ਮੁੱਦਈ ਪੱਖ ਅਨੁਸਾਰ ਜੱਜ ਦੇ ਘਰੋਂ ਰਾਈਫਲਾਂ, ਸ਼ਾਟਗੰਨ ਤੇ ਹੈਂਡ ਗੰਨ ਸਮੇਤ 47 ਹਥਿਆਰ ਤੇ 26000 ਕਾਰਤੂਸ ਬਰਾਮਦ ਹੋਏ ਹਨ। ਮੁੱਦਈ ਪੱਖ ਅਨੁਸਾਰ ਜਦੋਂ ਫਰਗੂਸਨ ਨੇ ਆਪਣੀ ਪਤਨੀ ਨੂੰ ਗੋਲੀ ਮਾਰੀ, ਤਾਂ ਉਸ ਨੇ ਸ਼ਰਾਬ ਪੀਤੀ ਹੋਈ ਸੀ। ਇਸੇ ਦੌਰਾਨ ਫਰਗੂਸਨ ਦੇ ਵਕੀਲਾਂ ਪੌਲ ਮੇਅਰ ਤੇ ਜੌਹਨ ਬਾਰਨੈਟ ਨੇ ਕਿਹਾ ਹੈ ਕਿ ਇਹ ਸਮੁੱਚੇ ਫਰਗੂਸਨ ਪਰਿਵਾਰ ਨਾਲ ਵਾਪਰਿਆ ਦੁਖਾਂਤ ਹੈ। ਇਹ ਅਚਾਨਕ ਵਾਪਰੀ ਘਟਨਾ ਹੈ ਤੇ ਇਸ ਤੋਂ ਵਧ ਕੁਝ ਨਹੀਂ ਹੈ।

# ਬਾਇਡਨ ਵੱਲੋਂ ਚੀਨੀ ਤਕਨੀਕ 'ਚ ਅਮਰੀਕੀ ਨਿਵੇਸ਼ 'ਤੇ ਰੋਕ ਦੇ ਹੁਕਮ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਚੀਨ ਵੱਲ ਜਾਣ ਵਾਲੇ ਉੱਚ ਤਕਨੀਕ ਵਾਲੇ ਅਮਰੀਕੀ ਨਿਵੇਸ਼ ਨੂੰ ਰੋਕਣ ਅਤੇ ਨੇਮਬੱਧ ਕਰਨ ਲਈ ਇੱਕ ਕਾਰਜਕਾਰੀ ਹੁਕਮ 'ਤੇ ਦਸਤਖ਼ਤ ਕੀਤੇ ਹਨ। ਬਾਇਡਨ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਦਮ ਦੁਨੀਆਂ ਦੀਆਂ ਦੋ ਵੱਡੀਆਂ ਸ਼ਕਤੀਆਂ ਵਿਚਾਲੇ ਮੁਕਾਬਲੇ ਨੂੰ ਦਰਸਾਉਂਦਾ ਹੈ। ਦੂਜੇ ਪਾਸੇ ਚੀਨ ਨੇ ਦੋਸ਼ ਲਾਇਆ ਕਿ ਅਮਰੀਕਾ ਉਸ ਨਿਵੇਸ਼ 'ਤੇ ਰੋਕ ਲਗਾ ਕੇ ਉਸ ਦੇ ਵਿਕਾਸ 'ਚ ਅੜਿੱਕੇ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਨਾਲ ਪੇਈਚਿੰਗ ਨੂੰ ਆਪਣੀ ਸੈਨਾ ਦੇ ਵਿਕਾਸ ਵਿਚ ਮਦਦ ਮਿਲ ਸਕਦੀ ਹੈ।

ਅਮਰੀਕਾ ਵੱਲੋਂ ਜੋ ਹੁਕਮ ਜਾਰੀ ਕੀਤੇ ਗਏ ਹਨ, ਉਸ ਦੇ ਘੇਰੇ ਵਿਚ ਕੰਪਿਊਟਰ ਚਿੱਪਾਂ, ਮਾਈਕਰੋ ਇਲੈਕਟ੍ਰੌਨਿਕਸ, ਕੁਆਂਟਮ ਸੂਚਨਾ ਤਕਨੀਕ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਆਉਂਦੇ ਹਨ। ਬਾਇਡਨ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਦਾ ਇਹ ਕਦਮ ਆਰਥਿਕ ਹਿੱਤਾਂ ਦੀ ਥਾਂ ਕੌਮੀ ਸੁਰੱਖਿਆ ਨੂੰ ਧਿਆਨ 'ਚ ਰੱਖ ਕੇ ਚੁੱਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਹੁਕਮ ਦਾ ਮਕਸਦ ਚੀਨ ਦੀ ਅਮਰੀਕੀ ਨਿਵੇਸ਼ ਦੀ ਵਰਤੋਂ ਦੀ ਸਮਰੱਥਾ ਨੂੰ ਘਟਾਉਣ ਦੇ ਨਾਲ-ਨਾਲ ਵਪਾਰ ਦੇ ਪੱਧਰ ਨੂੰ ਨਿਯਮਿਤ ਕਰਨਾ ਹੈ, ਜੋ ਦੋਵਾਂ ਮੁਲਕਾਂ ਦੇ ਅਰਥਚਾਰਿਆਂ ਲਈ ਮਹੱਤਵਪੂਰਨ ਹੈ।

ਉਨ੍ਹਾਂ ਕਿਹਾ ਕਿ ਚੀਨ ਅਮਰੀਕਾ ਦੇ ਨਿਵੇਸ਼ ਦੀ ਵਰਤੋਂ ਆਪਣੀ ਸੈਨਾ ਨੂੰ ਵਿਕਸਿਤ ਕਰਨ ਲਈ ਕਰ ਰਿਹਾ ਹੈ। ਦੂਜੇ ਪਾਸੇ ਚੀਨ ਦੇ ਵਿਦੇਸ਼ ਮੰਤਰਾਲੇ ਨੇ ਬਾਇਡਨ ਪ੍ਰਸ਼ਾਸਨ 'ਤੇ ਤਕਨੀਕੀ ਏਕਾਧਿਕਾਰ ਕਾਇਮ ਕਰਨ ਦਾ ਦੋਸ਼ ਲਾਇਆ ਅਤੇ ਵਾਸ਼ਿੰਗਟਨ ਨੂੰ ਆਪਣਾ ਫ਼ੈਸਲਾ ਤੁਰੰਤ ਰੱਦ ਕਰਨ ਦੀ ਮੰਗ ਕੀਤੀ। ਚੀਨ ਨੇ ਚਿਤਾਵਨੀ ਦਿੱਤੀ ਕਿ ਪੇਈਚਿੰਗ ਦੇ ਤਕਨੀਕੀ ਵਿਕਾਸ 'ਤੇ ਵਧਦੇ ਸੰਘਰਸ਼ 'ਚ ਨਵੀਆਂ ਪਾਬੰਦੀਆਂ ਆਲਮੀ ਸਪਲਾਈ ਲੜੀ ਨੂੰ ਨੁਕਸਾਨ ਪਹੁੰਚਾਉਣਗੀਆਂ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# ਕਨਸਾਸ 'ਚ ਇਕ ਸਥਾਨਕ ਅਖ਼ਬਾਰ ਦੇ ਦਫਤਰ 'ਚ ਪੁਲਿਸ ਵੱਲੋਂ ਛਾਪਾ

■ ਹੱਤਿਆ ਤੋਂ ਬਾਅਦ ਜੱਜ ਨੇ ਖੁਦ ਹੀ ਅਦਾਲਤ ਨੂੰ ਦਿੱਤੀ ਜਾਣਕਾਰੀ


'ਮੈਰੀਆਨ ਕਾਊਂਟੀ ਰਿਕਾਰਡ' ਦੇ ਮਾਲਕ ਤੇ ਪ੍ਰਕਾਸ਼ਕ ਏਰਿਕ ਮੇਅਰ।

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਪੁਲਿਸ ਵੱਲੋਂ ਕੇਂਦਰੀ ਕਨਸਾਸ ਵਿਚ ਇਕ ਸਥਾਨਕ ਅਖ਼ਬਾਰ ਦੇ ਦਫਤਰ ਵਿਚ ਛਾਪਾ ਮਾਰਨ ਦੀ ਖਬਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਖ਼ਬਾਰੀ ਅਦਾਰੇ ਦੇ ਕੰਪਿਊਟਰ ਤੇ ਮੁਲਾਜ਼ਮਾਂ ਦੇ ਨਿੱਜੀ ਸੈਲਫੋਨ ਜ਼ਬਤ ਕਰ ਲਏ ਗਏ ਹਨ। 'ਮੈਰੀਆਨ ਕਾਊਂਟੀ ਰਿਕਾਰਡ' ਦੇ ਮਾਲਕ ਤੇ ਪ੍ਰਕਾਸ਼ਕ ਏਰਿਕ ਮੇਅਰ ਨੇ ਕਿਹਾ ਹੈ ਕਿ ਪੁਲਿਸ ਤੇ ਦੋ ਸ਼ੈਰਿਫ ਡਿਪਟੀ ਉਨ੍ਹਾਂ ਕੋਲ ਮੌਜੂਦ ਹਰ ਚੀਜ਼ ਲੈ ਗਏ ਹਨ। ਮੇਅਰ ਜਿਸ ਨੇ 20 ਸਾਲ ਮਿਲਵਾਕੀ ਰਸਾਲੇ ਵਿਚ ਕੰਮ ਕੀਤਾ ਹੈ ਤੇ ਯੂਨੀਵਰਸਿਟੀ ਆਫ ਇਲੀਨੋਇਸ ਵਿਚ ਪੱਤਰਕਾਰੀ ਬਾਰੇ ਪੜ੍ਹਾਇਆ ਹੈ, ਨੇ ਕਿਹਾ ਕਿ ਉਸ ਨੇ ਅੱਜ ਤੱਕ ਪੁਲਿਸ ਦੁਆਰਾ ਅਖਬਾਰੀ ਅਦਾਰੇ 'ਤੇ ਛਾਪਾ ਮਾਰਨ ਬਾਰੇ ਨਹੀਂ ਸੁਣਿਆ। ਪੁਲਿਸ ਦੀ ਇਸ ਕਾਰਵਾਈ ਨੂੰ ਮੀਡੀਆ ਹਲਕਿਆਂ ਨੇ ਸੰਘੀ ਨਿਯਮਾਂ ਦੀ ਉਲੰਘਣਾ ਕਰਾਰ ਦਿੱਤਾ ਹੈ। ਨਿਊਜ਼ ਸਾਈਟ ਕਨਸਾਸ ਰਿਫਲੈਕਟਰ ਵੱਲੋਂ ਪੋਸਟ ਕੀਤੇ ਸਰਚ ਵਾਰੰਟਾਂ ਉਪਰ ਮੈਰੀਆਨ ਕਾਊਂਟੀ ਡਿਸਟ੍ਰਿਕਟ ਕੋਰਟ ਜੱਜ ਲੌਰਾ ਵਿਆਰ ਦੇ ਦਸਤਖਤ ਹਨ। ਕਨਸਾਸ ਰਿਫਲੈਕਟਰ ਅਨੁਸਾਰ ਲੱਗਦਾ ਹੈ ਕਿ ਜੱਜ ਨੇ ਸੰਘੀ ਨਿਯਮਾਂ ਦੀ ਉਲੰਘਣਾ ਕੀਤੀ ਹੈ, ਜੋ ਨਿਯਮ ਤਲਾਸ਼ੀ ਤੇ ਸਮੱਗਰੀ ਜ਼ਬਤ ਕਰਨ ਦੇ ਮਾਮਲੇ 'ਚ ਪੱਤਰਕਾਰਾਂ ਦੀ ਰਾਖੀ ਕਰਦੇ ਹਨ।

## ਮੂਸੇਵਾਲ ਕਤਲਕਾਂਡ 'ਚ ਵਾਂਟੇਡ ਗੈਂਗਸਟਰ ਧਰਮਨਜੋਤ ਅਮਰੀਕਾ 'ਚ ਗ੍ਰਿਫਤਾਰ

ਵਾਸ਼ਿੰਗਟਨ, (ਪੰਜਾਬ ਮੇਲ)- ਮੂਸੇਵਾਲਾ ਕਤਲਕਾਂਡ 'ਚ ਵਾਂਟੇਡ ਹਥਿਆਰ ਮਾਫੀਆ ਧਰਮਨਜੋਤ ਸਿੰਘ ਕਾਹਲੋਂ ਨੂੰ ਅਮਰੀਕਾ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਕਾਹਲੋਂ ਦੇ ਕਈ ਨਾਮੀ ਗੈਂਗਸਟਰਾਂ ਨਾਲ ਸਬੰਧ ਦੱਸੇ ਜਾ ਰਹੇ ਹਨ। ਉਸ 'ਤੇ ਦੋਸ਼ ਹੈ ਕਿ ਮੂਸੇਵਾਲਾ ਕਤਲਕਾਂਡ 'ਚ ਇਸਤੇਮਾਲ ਹੋਏ ਹਥਿਆਰ ਇਸ ਨੇ ਹੀ ਪਹੁੰਚਾਏ ਸਨ। ਧਰਮਨਜੋਤ ਸਿੰਘ ਕਾਹਲੋਂ ਨੈਸ਼ਨਲ ਤੇ ਇੰਟਰਨੈਸ਼ਨਲ ਗੈਂਗਸਟਰਾਂ ਨੂੰ ਏ.ਕੇ.-47 ਤੇ ਜਿਗਾਣਾ ਵਰਗੇ ਅਤਿ ਆਧੁਨਿਕ ਹਥਿਆਰਾਂ ਦੀ ਸਪਲਾਈ ਕਰਦਾ ਸੀ। ਦਿੱਲੀ ਪੁਲਿਸ ਦੀ ਸਪੈਸ਼ਲ ਸੈੱਲ, ਪੰਜਾਬ ਪੁਲਿਸ ਤੇ ਐੱਫ.ਬੀ.ਆਈ. ਨੂੰ ਇਸ ਦੀ ਤਲਾਸ਼ ਸੀ। ਇਸ ਖਿਲਾਫ ਲੁੱਕਆਊਟ ਸਰਕੂਲਰ ਜਾਰੀ ਕੀਤਾ ਗਿਆ ਸੀ, ਜਿਸ ਦੇ ਬਾਅਦ ਇਸ ਨੂੰ ਅਮਰੀਕਾ ਦੇ ਕੈਲੀਫੋਰਨੀਆ 'ਚ ਹਿਰਾਸਤ ਵਿਚ ਲਿਆ ਹੈ।



EXPO FURNITURE Gallery










7310 Home Leisure Plaza
Sacramento, CA 95823
(916) 392-3233

11415 Folsom Blvd. STE #105
Rancho Cordova, CA 95742
(916) 635-3976

Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

## ਸ਼ਿਕਾਗੋ 'ਚ ਹੋ ਰਹੀ ਵਿਸ਼ਵ ਧਰਮ ਸੰਸਦ 'ਚ 80 ਦੇਸ਼ਾਂ ਦੇ 10 ਹਜ਼ਾਰ ਧਾਰਮਿਕ ਪ੍ਰਤੀਨਿਧ ਲੈਣਗੇ ਹਿੱਸਾ

**ਸ਼ਿਕਾਗੋ, (ਪੰਜਾਬ ਮੇਲ)**- ਸ਼ਿਕਾਗੋ 'ਚ 14 ਤੋਂ 18 ਅਗਸਤ ਤੱਕ ਵਿਸ਼ਵ ਧਰਮ ਸੰਸਦ ਦਾ ਆਯੋਜਨ ਹੋ ਰਿਹਾ ਹੈ। ਇਸ ਦੌਰਾਨ ਦੁਨੀਆਂ ਦੇ 80 ਦੇਸ਼ਾਂ ਦੇ 10,000 ਧਾਰਮਿਕ ਪ੍ਰਤੀਨਿਧਾਂ ਦੇ ਹਿੱਸਾ ਲੈਣ ਦੀ ਉਮੀਦ ਹੈ। ਧਾਰਮਿਕ ਆਗੂ ਮਿਲ ਕੇ ਰੂਸ-ਯੂਕਰੇਨ ਯੁੱਧ ਵਰਗੀਆਂ ਸੰਸਾਰਕ ਸਮੱਸਿਆਵਾਂ ਦਾ ਹੱਲ ਲੱਭਣਗੇ। ਜੈਨ ਭਾਈਚਾਰੇ ਦੇ ਉੱਘੇ ਧਾਰਮਿਕ ਆਗੂ ਅਚਾਰੀਆ ਲੋਕੇਸ਼ ਮੁਨੀ ਨੇ ਕਿਹਾ ਹੈ ਕਿ ਵਿਸ਼ਵ ਦੇ ਪ੍ਰਮੁੱਖ ਧਰਮਾਂ ਅਤੇ ਆਸਥਾਵਾਂ ਦੇ ਆਗੂ ਯੂਕਰੇਨ ਯੁੱਧ ਵਰਗੀਆਂ ਮਨੁੱਖਤਾ ਨੂੰ ਦਰਪੇਸ਼ ਵੱਡੀਆਂ ਚੁਣੌਤੀਆਂ ਨੂੰ ਹੱਲ ਕਰਨ ਅਤੇ ਸਥਾਈ ਸ਼ਾਂਤੀ ਸਥਾਪਤ ਕਰਨ ਲਈ ਅਹਿਮ ਭੂਮਿਕਾ ਨਿਭਾ ਸਕਦੇ ਹਨ। ਉਹ ਸ਼ਿਕਾਗੋ ਵਿਚ ਹੋਣ ਵਾਲੀ 2023 ਵਿਸ਼ਵ ਧਰਮ ਸੰਸਦ ਵਿਚ ਹਿੱਸਾ ਲੈਣ ਲਈ ਸ਼ਿਕਾਗੋ ਵੀ ਪਹੁੰਚ ਚੁੱਕੇ ਹਨ।

# ਐੱਚ-1ਬੀ ਵੀਜ਼ਾ ਦੇਣ ਤੋਂ ਇਨਕਾਰ ਕਰਨ 'ਤੇ 70 ਭਾਰਤੀਆਂ ਵੱਲੋਂ ਅਮਰੀਕੀ ਸਰਕਾਰ ਵਿਰੁੱਧ ਮੁਕੱਦਮਾ ਦਾਇਰ

**ਵਾਸ਼ਿੰਗਟਨ, (ਪੰਜਾਬ ਮੇਲ)**- ਲਗਭਗ 70 ਭਾਰਤੀ ਨਾਗਰਿਕਾਂ ਨੇ ਆਪਣੇ ਮਾਲਕਾਂ ਦੁਆਰਾ ਕੀਤੀ ਗਈ ਧੋਖਾਧੜੀ ਕਾਰਨ ਉਨ੍ਹਾਂ ਨੂੰ ਐੱਚ-1ਬੀ ਵੀਜ਼ਾ ਦੇਣ ਤੋਂ ਇਨਕਾਰ ਕਰਨ 'ਤੇ ਅਮਰੀਕੀ ਸਰਕਾਰ ਵਿਰੁੱਧ ਮੁਕੱਦਮਾ ਦਾਇਰ ਕੀਤਾ ਹੈ। ਬਲੂਮਬਰਗ ਲਾਅ ਦੀ ਇਕ ਰਿਪੋਰਟ ਵਿਚ ਇਹ ਜਾਣਕਾਰੀ ਦਿੱਤੀ ਗਈ। ਵਾਸ਼ਿੰਗਟਨ ਰਾਜ ਦੀ ਸੰਘੀ ਜ਼ਿਲ੍ਹਾ ਅਦਾਲਤ ਵਿਚ ਦਾਇਰ ਇੱਕ ਮੁਕੱਦਮੇ ਵਿਚ ਇਸ ਹਫ਼ਤੇ ਕਿਹਾ ਗਿਆ ਕਿ ਹੋਮਲੈਂਡ ਸਿਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਨੇ ਭਾਰਤੀ ਗ੍ਰੈਜੂਏਟਾਂ ਨੂੰ ਜਾਇਜ਼




ਕਾਰੋਬਾਰਾਂ ਵਿਚ ਨੌਕਰੀ ਕਰਨ ਦੇ ਬਾਵਜੂਦ ਐੱਚ-1ਬੀ ਵਿਸ਼ੇਸ਼ਤਾ ਕਿੱਤਾ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ।

ਸ਼ਿਕਾਇਤ ਅਨੁਸਾਰ ਅਮਰੀਕੀ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦੇਸ਼ੀ ਗ੍ਰੈਜੂਏਟਾਂ ਲਈ ਸਿਖਲਾਈ ਪ੍ਰੋਗਰਾਮ ਦੁਆਰਾ ਨਿਯੁਕਤ ਕੀਤੇ ਗਏ ਭਾਰਤੀ ਗ੍ਰੈਜੂਏਟਾਂ ਨੂੰ ਜਵਾਬ ਦੇਣ ਦਾ ਮੌਕਾ ਦਿੱਤੇ ਬਿਨਾਂ ਉਨ੍ਹਾਂ ਕਾਰੋਬਾਰਾਂ ਨਾਲ ਜੁੜੇ ਹੋਣ ਲਈ ਗ਼ਲਤ ਤਰੀਕੇ ਨਾਲ ਸਜ਼ਾ ਦਿੱਤੀ ਗਈ। ਮੁਕੱਦਮੇ ਵਿਚ ਸ਼ਾਮਲ ਭਾਰਤੀਆਂ ਨੇ ਚਾਰ ਆਈ.ਟੀ. ਸਟਾਫਿੰਗ ਕੰਪਨੀਆ - ਐਂਡਵਿਲ ਟੈਕਨੋਲੋਜੀਜ਼, AzTech ਟੈਕਨਾਲੋਜੀਜ਼ ਐੱਲ.ਐੱਲ.ਸੀ., ਇੰਟੀਗਰਾ ਟੈਕਨੋਲੋਜੀਜ਼ ਐੱਲ.ਐੱਲ.ਸੀ. ਅਤੇ ਵਾਇਰਕਲਾਸ ਟੈਕਨੋਲੋਜੀਜ਼ ਐੱਲ.ਐੱਲ.ਸੀ. ਲਈ ਕੰਮ ਕੀਤਾ। ਹਰੇਕ ਕੰਪਨੀ ਨੂੰ ਓ.ਪੀ.ਟੀ. (ਵਿਕਲਪਿਕ ਪ੍ਰੈਕਟੀਕਲ ਟਰੇਨਿੰਗ) ਵਿਚ ਹਿੱਸਾ ਲੈਣ ਲਈ ਮਨਜ਼ੂਰੀ ਦਿੱਤੀ ਗਈ ਸੀ ਅਤੇ ਈ-

## ਡੋਨਾਲਡ ਟਰੰਪ ਗੈਰ-ਕਾਨੂੰਨੀ ਢੰਗ ਨਾਲ ਚੋਣਾਂ ਦੇ ਨਤੀਜੇ ਬਦਲਣ ਦੀ ਸਾਜ਼ਿਸ਼ 'ਚ ਦੋਸ਼ੀ

**ਅਟਲਾਂਟਾ, (ਪੰਜਾਬ ਮੇਲ)**- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇੱਕ ਹੋਰ ਮਾਮਲੇ 'ਚ ਦੋਸ਼ੀ ਠਹਿਰਾਇਆ ਗਿਆ। ਉਸ 'ਤੇ ਰਾਜ ਵਿਚ 2020 ਦੀਆਂ ਚੋਣਾਂ ਵਿਚ ਆਪਣੀ ਹਾਰ ਨੂੰ ਗੈਰ-ਕਾਨੂੰਨੀ ਢੰਗ ਨਾਲ ਬਦਲਣ ਦੀ ਸਾਜ਼ਿਸ਼ ਰਚਣ ਦਾ ਦੋਸ਼ ਸੀ। ਸਾਬਕਾ ਰਾਸ਼ਟਰਪਤੀ ਵਿਰੁੱਧ ਇਹ ਚੌਥਾ ਅਪਰਾਧਿਕ ਮਾਮਲਾ ਹੈ ਅਤੇ ਇਸ ਮਹੀਨੇ ਦੂਜਾ ਮਾਮਲਾ ਹੈ, ਜਿਸ ਵਿਚ ਦੋਸ਼ ਹੈ ਕਿ ਉਸ ਨੇ ਵੋਟਾਂ ਦੇ ਨਤੀਜਿਆਂ ਨੂੰ ਬਦਲਣ ਦੀ ਕੋਸ਼ਿਸ਼ ਕੀਤੀ।

ਇਸ ਤੋਂ ਇਲਾਵਾ ਇਲਜ਼ਾਮ ਵਿਚ ਟਰੰਪ ਅਤੇ ਉਸਦੇ ਸਹਿਯੋਗੀਆਂ ਦੁਆਰਾ ਉਸਦੀ ਹਾਰ ਨੂੰ ਘੱਟ ਕਰਨ ਲਈ ਕਈ ਕਾਰਵਾਈਆਂ ਦਾ ਵੇਰਵਾ



ਦਿੱਤਾ ਗਿਆ ਹੈ, ਜਿਸ ਵਿਚ ਜਾਰਜੀਆ ਦੇ ਰਿਪਬਲਿਕਨ ਸੈਕਟਰੀ ਆਫ ਸਟੇਟ ਨੂੰ ਸੱਤਾ ਵਿਚ ਬਣੇ ਰਹਿਣ ਲਈ ਲੋੜੀਂਦੀਆਂ ਵੋਟਾਂ ਪ੍ਰਾਪਤ ਕਰਨ ਲਈ ਧੋਖਾ ਦੇਣਾ, ਵੋਟਰਾਂ ਦੀ ਧੋਖਾਧੜੀ ਦੇ ਜਾਅਲੀ ਦਾਅਵਿਆਂ ਦੇ ਨਾਲ-ਨਾਲ ਅਧਿਕਾਰੀਆਂ ਨੂੰ ਪਰੇਸ਼ਾਨ ਕਰਨਾ ਅਤੇ ਜਾਰਜੀਆ ਦੇ ਸੰਸਦ ਮੈਂਬਰਾਂ ਨੂੰ ਮਨਾਉਣ ਦੀ ਕੋਸ਼ਿਸ਼ ਸ਼ਾਮਲ ਹੈ।

# ਅਮਰੀਕਾ-ਚੀਨ ਉਡਾਣਾਂ ਦੀ ਗਿਣਤੀ ਦੁੱਗਣੀ ਕਰਨ ਦਾ ਫੈਸਲਾ

**ਵਾਸ਼ਿੰਗਟਨ, (ਪੰਜਾਬ ਮੇਲ)**- ਚੀਨ ਅਤੇ ਅਮਰੀਕਾ ਨੇ ਦੋਹਾਂ ਦੇਸ਼ਾਂ ਵਿਚਾਲੇ ਏਅਰ ਕੈਰੀਅਰ ਦੇ ਮੌਜੂਦਾ ਜਹਾਜ਼ਾਂ ਦੀ ਗਿਣਤੀ ਵਧਾਉਣ ਦਾ ਫ਼ੈਸਲਾ ਕੀਤਾ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਸਮਝੌਤਾ ਕੋਵਿਡ-19 ਮਹਾਮਾਰੀ ਦੌਰਾਨ ਲਗਾਈ ਗਈ ਯਾਤਰਾ ਪਾਬੰਦੀ ਕਾਰਨ ਦੁਨੀਆਂ ਦੀਆਂ ਦੋ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਵਿਚਕਾਰ ਪੈਦਾ ਹੋਏ ਡੈੱਡਲਾਕ ਨੂੰ ਘੱਟ ਕਰੇਗਾ। ਅਮਰੀਕਾ ਦੇ ਆਵਾਜਾਈ ਮੰਤਰਾਲੇ ਨੇ ਕਿਹਾ ਕਿ ਅਮਰੀਕਾ ਨੇ ਚੀਨ ਦੇ ਚਾਰ ਯਾਤਰੀ ਜਹਾਜ਼ਾਂ ਨੂੰ ਦੁੱਗਣਾ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਚਾਰ ਜਹਾਜ਼ ਇਸ ਸਮੇਂ ਅਮਰੀਕਾ ਵਿਚ ਉਡਾਣ ਭਰ ਰਹੇ ਹਨ, ਇਨ੍ਹਾਂ ਦੀ ਗਿਣਤੀ ਵਧਾ ਕੇ ਅੱਠ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਚੀਨ ਨੇ ਵੀ ਆਪਣੇ ਇੱਥੇ ਉੱਡਣ ਵਾਲੀਆਂ ਅਮਰੀਕੀ ਉਡਾਣਾਂ ਨੂੰ ਦੁੱਗਣਾ ਕਰਨ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਮੰਤਰਾਲੇ ਨੇ ਦੱਸਿਆ ਕਿ ਇਸੇ ਤਰ੍ਹਾਂ ਚੀਨ ਦੀ ਏਅਰ ਚਾਈਨਾ, ਚਾਈਨਾ ਈਸਟਰਨ ਏਅਰਲਾਈਨਜ਼, ਚਾਈਨਾ ਸਾਊਥ ਏਅਰਲਾਈਨਜ਼ ਅਤੇ ਜ਼ਿਆਮੇਨ ਏਅਰਲਾਈਨਜ਼ ਅਮਰੀਕਾ ਲਈ ਹਫ਼ਤੇ ਵਿਚ ਚਾਰ ਦੀ ਬਜਾਏ ਅੱਠ ਉਡਾਣਾਂ ਭਰ ਸਕਣਗੀਆਂ। ਕੋਰੋਨਾ ਵਾਇਰਸ ਤੋਂ ਬਾਅਦ ਅਮਰੀਕਾ ਨੇ ਚੀਨ ਲਈ ਸਵੈ-ਇੱਛਤ ਉਡਾਣਾਂ 'ਤੇ ਪਾਬੰਦੀ ਲਗਾ ਦਿੱਤੀ ਸੀ। 31 ਜਨਵਰੀ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਲਗਭਗ ਸਾਰੇ ਗੈਰ-ਅਮਰੀਕੀ ਨਾਗਰਿਕਾਂ ਲਈ ਚੀਨ ਤੋਂ ਅਮਰੀਕਾ ਦੀ ਯਾਤਰਾ 'ਤੇ ਪਾਬੰਦੀ ਲਗਾ ਦਿੱਤੀ ਸੀ। ਯੂਨਾਈਟਿਡ ਏਅਰਲਾਈਨਜ਼ ਨੇ ਕਿਹਾ ਕਿ ਉਹ ਚੀਨ ਲਈ ਜਹਾਜ਼ਾਂ ਦੀ ਗਿਣਤੀ ਚਾਰ ਤੱਕ ਵਧਾਏਗੀ। 4 ਸਤੰਬਰ ਤੋਂ ਸਾਨ ਫਰਾਂਸਿਸਕੋ ਤੋਂ ਸ਼ੰਘਾਈ ਲਈ ਹਰ ਹਫ਼ਤੇ ਚਾਰ ਹੋਰ ਉਡਾਣਾਂ ਸ਼ੁਰੂ ਹੋਣਗੀਆਂ। ਜਦੋਂਕਿ ਵਿਭਾਗ ਨੇ ਕਿਹਾ ਕਿ ਡੈਲਟਾ ਏਅਰਲਾਈਨ ਵੀ ਹਫ਼ਤੇ ਵਿਚ ਦੋ ਵਾਰ ਤੋਂ ਹਫ਼ਤੇ ਵਿਚ ਚਾਰ ਵਾਰ ਉਡਾਣ ਭਰਨ ਦੇ ਯੋਗ ਹੈ।


## ਫਰਜ਼ੀ ਦਸਤਾਵੇਜ਼ ਮਾਮਲੇ 'ਚ ਦੋਸ਼ੀ ਏਜੰਟ ਕੈਨੇਡੀਅਨ ਅਦਾਲਤ 'ਚ ਪੇਸ਼; ਨਹੀਂ ਮਿਲੀ ਜ਼ਮਾਨਤ

**ਟੋਰਾਂਟੋ, (ਪੰਜਾਬ ਮੇਲ)**- 700 ਦੇ ਕਰੀਬ ਭਾਰਤੀ ਵਿਦਿਆਰਥੀਆਂ ਨੂੰ ਕਾਲਜ ਦੇ ਜਾਅਲੀ ਦਸਤਾਵੇਜ਼ ਤਿਆਰ ਕਰਕੇ ਸਟੱਡੀ ਵੀਜ਼ੇ 'ਤੇ ਕੈਨੇਡਾ ਭੇਜਣ ਵਾਲੇ ਧੋਖੇਬਾਜ਼ ਠੱਗ ਟ੍ਰੈਵਲ ਏਜੰਟ ਬ੍ਰਿਜੇਸ਼ ਮਿਸ਼ਰਾ ਜੋ ਕੈਨੇਡਾ ਦੀ ਜੇਲ੍ਹ ਵਿਚ ਨਜ਼ਰਬੰਦ ਹੈ, ਉਸ ਨੂੰ ਬੀਤੇ ਦਿਨੀਂ ਵੈਨਕੂਵਰ ਦੀ ਸੂਬਾਈ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ ਪਰ ਉਸ ਨੂੰ ਅਦਾਲਤ ਵੱਲੋਂ ਜਮਾਨਤ ਨਹੀਂ ਦਿੱਤੀ ਗਈ।



ਕਥਿਤ ਦੋਸ਼ੀ ਧੋਖੇਬਾਜ਼ ਏਜੰਟ ਬ੍ਰਿਜੇਸ਼ ਮਿਸ਼ਰਾ ਨੂੰ 25 ਅਗਸਤ ਨੂੰ ਅਗਲੀ ਅਦਾਲਤੀ ਤਰੀਕ ਤੱਕ ਜੇਲ੍ਹ ਵਿਚ ਰਹਿਣਾ ਪਵੇਗਾ।

ਦੱਸਣਯੋਗ ਹੈ ਕਿ ਕੈਨੇਡਾ ਵਿਚ ਨਜ਼ਰਬੰਦ ਬ੍ਰਿਜੇਸ਼ ਮਿਸ਼ਰਾ ਨੇ ਐਜੂਕੇਸ਼ਨ ਐਂਡ ਇੰਮੀਗਰਾਂਟ ਸਰਵਿਸਿਸ ਨਾਂ ਦਾ ਦਫ਼ਤਰ ਜਲੰਧਰ ਵਿਚ ਖੋਲ੍ਹਿਆ ਹੋਇਆ ਸੀ। ਇਸ ਮਾਮਲੇ ਨਾਲ ਸੰਬੰਧਤ ਵਿਦਿਆਰਥੀ 2018 ਅਤੇ 2019 ਵਿਚ ਕੈਨੇਡਾ ਆਏ ਸਨ ਅਤੇ ਇਹ ਫਰਜ਼ੀ ਧੋਖਾਧੜੀ ਦਾ ਸਕੈਂਡਲ ਮਾਰਚ 2023 ਵਿਚ ਸਾਹਮਣੇ ਆਇਆ ਸੀ। ਜਦੋਂ ਵਿਦਿਆਰਥੀਆਂ ਨੇ ਸਥਾਈ ਤੌਰ 'ਤੇ ਨਿਵਾਸ ਲਈ ਅਰਜ਼ੀਆਂ ਦੇਣ ਦੀ ਕੋਸ਼ਿਸ਼ ਕੀਤੀ ਸੀ, ਤਾਂ ਵਿਦਿਆਰਥੀਆਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਪੱਤਰ ਜਾਅਲੀ ਹਨ। ਇਸ ਮਸਲੇ ਨੂੰ ਲੈ ਕੇ ਵਿਦਿਆਰਥੀਆਂ ਦੇ ਸਿਰ 'ਤੇ ਦੇਸ਼ ਨਿਕਾਲੇ ਦੀ ਤਲਵਾਰ ਵੀ ਲਟਕੀ ਸੀ।



# ਓਨਟਾਰੀਓ ਕਾਲਜ ਵੱਲੋਂ 500 ਕੌਮਾਂਤਰੀ ਵਿਦਿਆਰਥੀਆਂ ਦਾ 'ਦਾਖ਼ਲਾ' ਰੱਦ

- ਦਾਖਲਾ ਪੱਤਰ ਰੱਦ ਕੀਤੇ ਜਾਣ ਕਾਰਨ ਭਾਰਤੀ ਸਮੇਤ ਸੈਂਕੜੇ ਵਿਦਿਆਰਥੀ ਪਰੇਸ਼ਾਨ
- ਬੀਤੇ ਸਾਲ ਵੀ ਕੀਤੀਆਂ ਸਨ ਨਾਮਜ਼ਦਗੀਆਂ ਰੱਦ



ਓਨਟਾਰੀਓ, (ਪੰਜਾਬ ਮੇਲ)- ਕੈਨੇਡਾ ਦੇ ਓਨਟਾਰੀਓ ਸੂਬੇ 'ਚ ਸਥਿਤ ਕਾਲਜ ਵੱਲੋਂ ਸੈਸ਼ਨ ਦੀ ਸ਼ੁਰੂਆਤ ਤੋਂ ਇਕ ਮਹੀਨਾ ਪਹਿਲਾਂ ਦਾਖ਼ਲੇ ਸਬੰਧੀ ਪੱਤਰ ਰੱਦ ਕਰ ਦਿੱਤੇ ਗਏ ਹਨ। ਇਸ ਨਾਲ ਭਾਰਤੀਆਂ ਸਮੇਤ 500 ਤੋਂ ਵੱਧ ਕੌਮਾਂਤਰੀ ਵਿਦਿਆਰਥੀਆਂ ਦਾ ਭਵਿੱਖ ਲਟਕ ਗਿਆ ਹੈ। ਨਾਮਜ਼ਦਗੀ ਪੱਤਰ ਰੱਦ ਹੋਣ ਦੀ ਸੂਚਨਾ ਮਿਲਣ ਤੋਂ ਪਹਿਲਾਂ ਹੀ ਕੁਝ ਵਿਦਿਆਰਥੀ ਕੈਨੇਡਾ ਪੁੱਜ ਚੁੱਕੇ ਸਨ ਤੇ ਕੁਝ ਨੇ ਟੋਰਾਂਟੋ ਪਹੁੰਚਣ ਲਈ ਫਲਾਈਟ ਬੁੱਕ ਕਰਵਾ ਲਈ ਸੀ। ਇਨ੍ਹਾਂ 'ਚੋਂ ਜ਼ਿਆਦਾਤਰ ਵਿਦਿਆਰਥੀ ਪੰਜਾਬ ਦੇ ਹਨ। ਕੈਨੇਡਾ ਦੇ ਓਨਟਾਰੀਓ ਦੇ ਨਾਰਦਨ ਕਾਲਜ ਤੋਂ ਕਰੀਬ 500 ਕੌਮਾਂਤਰੀ ਵਿਦਿਆਰਥੀਆਂ ਨੂੰ ਹੁਣੇ ਜਿਹੇ ਈਮੇਲ ਮਿਲੀ ਹੈ। ਇਸ 'ਚ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਕਿ ਇਸ ਸੈਸ਼ਨ ਲਈ ਉਨ੍ਹਾਂ ਦੇ ਦਾਖ਼ਲੇ ਪੱਤਰ ਰੱਦ ਕਰ ਦਿੱਤੇ ਗਏ ਹਨ। ਨਾਰਦਨ ਕਾਲਜ ਨੇ ਕਿਹਾ ਹੈ ਕਿ ਇਹ ਕਾਰਵਾਈ ਕੈਨੇਡਾ ਸਰਕਾਰ ਵੱਲੋਂ ਉਮੀਦ ਤੋਂ ਵੱਧ ਕੌਮਾਂਤਰੀ ਵਿਦਿਆਰਥੀਆਂ ਨੂੰ ਵੀਜ਼ੇ ਦਿੱਤੇ ਜਾਣ ਕਾਰਨ ਹੋਈ ਹੈ। ਵਿਦਿਆਰਥੀਆਂ ਨੂੰ ਪੈਸਾ ਵਾਪਸ ਕਰ ਦਿੱਤਾ ਜਾਵੇਗਾ ਜਾਂ ਵੱਖ-ਵੱਖ ਸਕੂਲਾਂ 'ਚ ਤਬਦੀਲ ਕਰ ਦਿੱਤਾ ਜਾਵੇਗਾ। ਬੀਤੇ ਮਈ ਮਹੀਨੇ ਸੈਂਕੜੇ ਵਿਦਿਆਰਥੀਆਂ ਨੇ ਕਿਹਾ ਸੀ ਕਿ ਉਨ੍ਹਾਂ ਦੀ ਨਾਮਜ਼ਦਗੀ ਓਨਟਾਰੀਓ 'ਚ ਸੇਂਟ ਲਾਰੈਂਸ ਕਾਲਜ ਨਾਲ ਸਬੰਧਤ ਅਲਫਾ ਕਾਲਜ ਆਫ ਬਿਜ਼ਨਸ ਐਂਡ ਟੈਕਨਾਲੋਜੀ ਵੱਲੋਂ ਇਕ ਪਾਸੜ ਮੁਅੱਤਲ ਕਰ ਦਿੱਤੀ ਗਈ ਸੀ। ਕੌਮਾਂਤਰੀ ਸਿੱਖ ਵਿਦਿਆਰਥੀ ਸੰਗਠਨ ਦੇ ਮੁਖੀ ਤੇ ਵਿਸ਼ਵ ਸਿੱਖ ਸੰਗਠਨ ਦੇ ਮੈਂਬਰ ਜਸਪ੍ਰੀਤ ਸਿੰਘ ਨੇ ਕਿਹਾ ਕਿ ਇਹ ਹਾਲਾਤ ਵੱਡੀ ਸਮੱਸਿਆ ਦਾ ਸੰਕੇਤ ਹੈ। ਪ੍ਰਣਾਲੀ ਵਿਦਿਆਰਥੀਆਂ ਦਾ ਸ਼ੋਸ਼ਣ ਕਰ ਰਹੀ ਹੈ ਤੇ ਇਸ ਤਰ੍ਹਾਂ ਦੀ ਸਥਿਤੀ ਕੈਨੇਡਾ 'ਚ ਆਮ ਗੱਲ ਹੈ।

# ਜਾਅਲੀ ਪੇਪਰਾਂ ਵਾਲੇ ਕੁਝ ਵਿਦਿਆਰਥੀਆਂ ਦੇ 'ਗੈਂਗ ਨਾਲ ਸਬੰਧ' ਹੋਣ ਦੇ ਸ਼ੱਕ 'ਚ ਕੈਨੇਡਾ ਦੀ ਵਧੀ ਚਿੰਤਾ

- ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਨੂੰ ਅੰਤਰਿਮ ਰਾਹਤ
- ਜਲੰਧਰ ਸਥਿਤ ਫਰਮ ਦਾ ਏਜੰਟ ਅਜੇ ਵੀ ਹਿਰਾਸਤ 'ਚ

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਲਈ ਸਟੱਡੀ ਪਰਮਿਟ ਹਾਸਲ ਕਰਨ ਲਈ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਦੀ ਜਾਂਚ ਨੂੰ ਕੈਨੇਡੀਅਨ ਕਾਨੂੰਨ ਲਾਗੂ ਕਰਨ ਵਾਲਿਆਂ ਦੁਆਰਾ ਤੇਜ਼ ਕਰ ਦਿੱਤਾ ਗਿਆ ਕਿਉਂਕਿ ਇਸ ਗੱਲ ਦੀ ਚਿੰਤਾ ਵੱਧ ਗਈ ਸੀ ਕਿ ਜਿਹੜੇ ਵਿਦਿਆਰਥੀ ਸਪੱਸ਼ਟ ਤੌਰ 'ਤੇ ਉੱਚ ਸਿੱਖਿਆ ਲਈ ਆਏ ਸਨ, ਉਹ ਗਰੋਹ ਦੀਆਂ ਗਤੀਵਿਧੀਆਂ ਵਿਚ ਸ਼ਾਮਲ ਸਨ। ਇਹ ਜਾਣਕਾਰੀ ਪਿਛਲੇ ਮਹੀਨੇ ਕੈਨੇਡੀਅਨ ਬਾਰਡਰ ਸਰਵਿਸ ਏਜੰਸੀ (ਸੀ.ਬੀ.ਐੱਸ.ਏ.) ਦੀ ਇੰਟੈਲੀਜੈਂਸ ਐਂਡ ਇਨਫੋਰਸਮੈਂਟ ਬ੍ਰਾਂਚ ਦੇ ਉਪ-ਪ੍ਰਧਾਨ ਐਰੋਨ ਮੈਕਰੋਰੀ ਵੱਲੋਂ 'ਧੋਖਾਧੜੀ ਦੇ ਸ਼ਿਕਾਰ ਵਿਦਿਆਰਥੀ' ਨਾਮਕ ਸਮੂਹ ਨੂੰ ਇੱਕ ਪੱਤਰ ਵਿਚ ਦਿੱਤੀ ਗਈ ਸੀ।

ਪੱਤਰ ਵਿਚ ਕਿਹਾ ਗਿਆ ਕਿ "2018 ਵਿਚ ਸੀ.ਬੀ.ਐੱਸ.ਏ. ਸੰਗਠਿਤ ਅਪਰਾਧ ਸਮੂਹਾਂ ਦੀ ਜਾਂਚ ਕਰ ਰਿਹਾ ਸੀ ਅਤੇ ਵਿਦਿਆਰਥੀਆਂ ਦੇ ਸਕੂਲ ਨਾ ਜਾਣ ਅਤੇ ਅਪਰਾਧਿਕਤਾ ਅਤੇ ਗੈਂਗਾਂ ਵਿਚ ਸ਼ਾਮਲ ਹੋਣ ਦੇ ਮੁੱਦਿਆਂ ਬਾਰੇ ਜਾਣੂ ਹੋਇਆ। ਇਸ ਨਾਲ ਪੁੱਛਗਿੱਛ ਦੀਆਂ ਨਵੀਆਂ ਲਾਈਨਾਂ ਸ਼ੁਰੂ ਹੋਈਆਂ, ਜਿਨ੍ਹਾਂ ਦੇ ਆਧਾਰ 'ਤੇ ਉਨ੍ਹਾਂ ਨੇ 2,000 ਤੋਂ ਵੱਧ ਕੇਸਾਂ ਦੀ ਪਛਾਣ ਕੀਤੀ, ਜਿੱਥੇ ਵਿਦਿਆਰਥੀ ਵੀਜ਼ਾ ਪ੍ਰਾਪਤ ਕਰਨ ਲਈ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਦੇ ਸਹਿਯੋਗ ਨਾਲ ਉਨ੍ਹਾਂ ਮਾਮਲਿਆਂ ਦੀ ਸਮੀਖਿਆ ਕੀਤੀ ਗਈ ਅਤੇ ਉਨ੍ਹਾਂ ਨੂੰ ਚਿੰਤਾ ਦੇ ਲਗਭਗ 300 ਮਾਮਲਿਆਂ ਤੱਕ ਘਟਾ ਦਿੱਤਾ ਗਿਆ"। ਚਿੱਠੀ ਵਿਚ ਮੈਕਰੋਰੀ ਨੇ ਕਿਹਾ ਕਿ ਉਹ "ਹਰੇਕ ਕੇਸ ਦੇ ਖਾਸ ਹਾਲਾਤ ਦਾ ਮੁਲਾਂਕਣ ਕਰਕੇ ਅਸਲ ਵਿਦਿਆਰਥੀਆਂ ਦੀ ਪਛਾਣ ਕਰਨ ਲਈ" ਕੰਮ ਕਰ ਰਹੇ ਹਨ।

## ਵਿਵੇਕ ਰਾਮਾਸਵਾਮੀ ਨੂੰ ਟਰੰਪ ਸਮਰਥਕਾਂ ਨੂੰ ਆਪਣੇ ਪੱਖ 'ਚ ਕਰਨ ਦੀ ਚੁਣੌਤੀ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ ਰਾਸ਼ਟਰਪਤੀ ਅਹੁਦੇ ਦੇ ਸੰਭਾਵਿਤ ਰਿਪਬਲਿਕਨ ਉਮੀਦਵਾਰ ਵਿਵੇਕ ਰਾਮਾਸਵਾਮੀ ਨੂੰ ਆਓਵਾ ਗ੍ਰਾਮੀਣ ਇਲਾਕੇ 'ਚ ਇਕ ਪ੍ਰੋਗਰਾਮ 'ਟਾਊਨ ਹਾਲ' ਦੌਰਾਨ ਇਕ ਤਿੱਖੇ ਸਵਾਲ ਦਾ ਸਾਹਮਣਾ ਕਰਨਾ ਪੈ ਗਿਆ। ਉੱਥੇ ਮੌਜੂਦ ਲੋਕਾਂ 'ਚ ਸ਼ਾਮਲ ਇਕ ਔਰਤ ਵੱਲੋਂ ਪੁੱਛਿਆ ਗਿਆ ਇਹ ਸਵਾਲ ਸੰਭਾਵਿਤ ਤੌਰ 'ਤੇ ਉਨ੍ਹਾਂ ਲਈ ਸੁਝਾਅ ਸੀ। ਔਰਤ ਨੇ ਕਿਹਾ, "ਮੈਂ ਜਾਣਦੀ ਹਾਂ ਕਿ ਤੁਸੀਂ ਰਾਸ਼ਟਰਪਤੀ ਬਣਨਾ ਚਾਹੁੰਦੇ ਹੋ ਪਰ ਕੀ ਤੁਸੀਂ ਟਰੰਪ ਦੇ ਉਪ ਰਾਸ਼ਟਰਪਤੀ ਬਣਨ 'ਤੇ ਵਿਚਾਰ ਕਰੋਗੇ?"

# ਕੈਨੇਡਾ 'ਚ ਟਰੱਕਾਂ-ਟਰੈਕਟਰਾਂ ਦੀ ਚੋਰੀ ਦੇ ਦੋਸ਼ ਹੇਠ 15 ਭਾਰਤੀ ਮੂਲ ਦੇ ਵਿਅਕਤੀ ਗ੍ਰਿਫ਼ਤਾਰ

-ਕਈ ਪੰਜਾਬੀ ਵੀ ਹਨ ਸ਼ਾਮਲ

ਟੋਰਾਂਟੋ, (ਪੰਜਾਬ ਮੇਲ)- ਪਿਛਲੇ ਦਿਨੀਂ ਕੈਨੇਡਾ ਪੁਲਿਸ ਨੇ ਇੱਕ ਵੱਡੀ ਸੰਗਠਿਤ ਟਰੱਕਾਂ-ਟਰੈਕਟਰਾਂ ਤੇ ਉਨ੍ਹਾਂ ਦੇ ਸਮਾਨ ਦੀ 'ਚੋਰੀ ਦੀ ਰਿਗ' ਚਲਾਉਣ ਦੇ ਇਲਜ਼ਾਮ 'ਚ ਪੰਜਾਬੀਆਂ ਸਮੇਤ 15 ਭਾਰਤੀ ਮੂਲ ਦੇ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਸੀ।

ਇਨ੍ਹਾਂ ਦੇ ਕਬਜ਼ੇ 'ਚੋਂ 90 ਲੱਖ ਕੈਨੇਡੀਅਨ ਡਾਲਰ ਤੋਂ ਵੱਧ ਦਾ ਸਾਮਾਨ ਬਰਾਮਦ ਕੀਤਾ ਗਿਆ ਹੈ। ਇਸ ਵਿਚ ਮਾਲ ਅਤੇ ਟਰੈਕਟਰ ਟਰਾਲੇ ਵੀ ਸ਼ਾਮਲ ਸਨ, ਜੋ ਇਨ੍ਹਾਂ ਵਿਅਕਤੀਆਂ ਨੇ ਕਥਿਤ ਤੌਰ 'ਤੇ ਚੋਰੀ ਕੀਤੇ ਸਨ।

ਕੈਨੇਡਾ ਵਿਚ ਮਾਲ ਚੋਰੀ ਦਾ ਇਹ ਇਕੱਲਾ ਮਾਮਲਾ ਨਹੀਂ ਹੈ। ਕੈਨੇਡਾ ਵਿਚ ਇਹ ਇੱਕ ਵੱਡਾ ਅਪਰਾਧ ਹੈ।

ਕੈਨੇਡਾ ਵਿਚ ਪੁਲਿਸ ਸੂਤਰਾਂ ਨੇ ਦੱਸਿਆ ਕਿ ਜਾਂਚ ਮੁਤਾਬਕ ਅਜਿਹੇ ਕਾਰਗੋ ਅਪਰਾਧਾਂ ਤੋਂ ਮੁਨਾਫ਼ਾ ਹੋਣ ਵਾਲਾ ਪੈਸਾ ਨਸ਼ਿਆਂ ਅਤੇ ਗੈਂਗਸਟਰਾਂ ਨਾਲ ਸਬੰਧਤ ਅਪਰਾਧਾਂ ਲਈ ਵਰਤਿਆ ਜਾ ਰਿਹਾ ਹੈ ਅਤੇ ਚੋਰਾਂ ਨੇ ਇੱਕ ਖ਼ਾਸ ਖੇਤਰ ਨੂੰ ਆਪਣੇ ਨਿਸ਼ਾਨੇ 'ਤੇ ਰੱਖਿਆ ਹੋਇਆ ਹੈ। ਪੁਲਿਸ ਨੇ ਕਿਹਾ ਕਿ ਪੀਲ ਅਤੇ ਗ੍ਰੇਟਰ ਟੋਰਾਂਟੋ ਖੇਤਰ ਵਿਚ ਟਰੈਕਟਰ ਟਰੇਲਰ ਅਤੇ ਮਾਲ ਚੋਰੀ ਦੀ ਲੜੀ (ਲਗਾਤਾਰ ਘਟਨਾਵਾਂ) ਤੋਂ ਬਾਅਦ, ਇੱਕ ਸਾਂਝੀ ਟਾਸਕ ਫੋਰਸ ਬਣਾਈ ਗਈ ਸੀ। ਜਾਂਚ ਨੂੰ "ਪ੍ਰੋਜੈਕਟ ਬਿਗ ਰਿਗ" ਦਾ ਨਾਂ ਦਿੱਤਾ ਗਿਆ। ਕੈਨੇਡਾ ਵਿਚ ਇੱਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪੀਲ ਖੇਤਰ ਕੈਨੇਡਾ ਲਈ ਇੱਕ ਮਹੱਤਵਪੂਰਨ ਮਾਲ ਦਾ ਕੇਂਦਰ ਹੈ ਅਤੇ ਰਾਸ਼ਟਰੀ ਵੰਡ ਲਈ ਇੱਕ ਰਣਨੀਤਕ ਸਥਾਨ ਹੈ। ਪੁਲਿਸ ਅਧਿਕਾਰੀ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ ਮਜ਼ਬੂਤ ਲੌਜਿਸਟਿਕ ਸੈਕਟਰ ਦੇ ਨਾਲ, ਇਹ ਖੇਤਰ ਸੰਗਠਿਤ ਅਪਰਾਧ ਸਮੂਹਾਂ ਲਈ ਇੱਕ ਪ੍ਰਮੁੱਖ ਨਿਸ਼ਾਨਾ ਹੈ, ਜੋ ਟਰੈਕਟਰਾਂ, ਟਰੇਲਰ ਅਤੇ ਲੋਡ ਦੀ ਚੋਰੀ ਨੂੰ ਆਰਕੇਸਟ੍ਰੇਟ ਕਰਕੇ ਇਨ੍ਹਾਂ ਕੰਪਨੀਆਂ ਦਾ ਸ਼ਿਕਾਰ ਕਰਦੇ ਹਨ।

ਅਧਿਕਾਰੀ ਨੇ ਕਿਹਾ ਕਿ ਅਕਸਰ, ਇਨ੍ਹਾਂ ਅਪਰਾਧਾਂ ਦੀ ਕਮਾਈ ਨੂੰ ਹੋਰ ਅਪਰਾਧਿਕ ਗਤੀਵਿਧੀਆਂ ਲਈ ਫ਼ੰਡ ਦੇਣ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਵਿਚ "ਗ਼ੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਅਤੇ ਬੰਦੂਕਾਂ ਦੀ ਖ਼ਰੀਦ ਅਤੇ ਗੈਂਗ ਗਤੀਵਿਧੀ ਦਾ ਸਮਰਥਨ ਕਰਨਾ" ਸ਼ਾਮਲ ਹੈ।

ਉਨ੍ਹਾਂ ਨੇ ਦਾਅਵਾ ਕੀਤਾ ਕਿ ਸੰਗਠਿਤ ਚੋਰੀ ਦੀਆਂ ਰਿਗਾਂ ਦੇ ਸਬੰਧ ਵਿਚ ਗ੍ਰਿਫਤਾਰੀਆਂ ਕਰਕੇ, ਅਸੀਂ ਕਾਰਗੋ ਚੋਰੀ ਅਤੇ ਸੰਭਾਵਿਤ ਤੌਰ 'ਤੇ ਅਪਰਾਧ ਦੇ ਹੋਰ ਰੂਪਾਂ ਦੇ ਸੰਗਠਨ ਨੂੰ ਵੀ ਵਿਗਾੜ ਰਹੇ ਹਾਂ।

ਇੱਕ ਅੰਦਾਜ਼ੇ ਮੁਤਾਬਕ 180 ਕਰੋੜ ਡਾਲਰ ਮੁੱਲ ਦੀਆਂ ਵਸਤੂਆਂ ਹਰ ਰੋਜ਼ ਇਸ ਖੇਤਰ ਵਿਚ, ਇਸ ਖੇਤਰ ਤੋਂ ਅਤੇ ਇਸ ਵਿੱਚੋਂ ਲੰਘਦੀਆਂ ਹਨ ਜੋ ਮਾਲ ਦੀ ਆਵਾਜਾਈ ਨੂੰ ਖੇਤਰੀ ਅਰਥਵਿਵਸਥਾ ਦਾ ਇੱਕ ਥੰਮ ਬਣਾਉਂਦੀਆਂ ਹਨ।

ਰੀਜਨ ਆਫ਼ ਪੀਲ ਦੀਆਂ




# ਆਪਣੀ ਮਾਤਭੂਮੀ ਛੱਡਣ ਵਾਲਿਆਂ ’ਚੋਂ ਪੰਜਾਬੀ ਦੇਸ਼ ਭਰ ’ਚੋਂ ਦੂਸਰੇ ਨੰਬਰ ’ਤੇ

**ਚੰਡੀਗੜ੍ਹ, (ਪੰਜਾਬ ਮੇਲ)-** ਆਪਣੀ ਮਾਤਭੂਮੀ ਨੂੰ ਸਦਾ ਲਈ ਅਲਵਿਦਾ ਕਹਿਣ ਵਾਲਿਆਂ ਵਿਚੋਂ ਪੰਜਾਬੀ ਦੇਸ਼ ਭਰ ਵਿਚੋਂ ਦੂਸਰੇ ਨੰਬਰ ’ਤੇ ਆਉਂਦੇ ਹਨ। ਬੀਤੇ ਨੌਂ ਵਰ੍ਹਿਆਂ ਦਾ ਰੁਝਾਨ ਦੱਸਦਾ ਹੈ ਕਿ ਹਰ ਵਰ੍ਹੇ ਔਸਤਨ 3124 ਪੰਜਾਬੀਆਂ ਨੇ ਆਪਣੀ ਧਰਤੀ ਨੂੰ ਪੱਕੇ ਤੌਰ ’ਤੇ ਛੱਡਿਆ ਹੈ। ਦਿੱਲੀ ਇਸ ਮਾਮਲੇ ’ਤੇ ਪਹਿਲੇ ਨੰਬਰ ’ਤੇ ਹੈ, ਜਦਕਿ ਪੰਜਾਬੀ ਤੇ ਗੁਜਰਾਤੀ ਪੱਕੇ ਤੌਰ ’ਤੇ ਵਿਦੇਸ਼ੀ ਬਾਸ਼ਿੰਦੇ ਬਣਨ ਲਈ ਕਦਮ ਨਾਲ ਕਦਮ ਮਿਲਾ ਕੇ ਚੱਲ ਰਹੇ ਹਨ। ਪੰਜਾਬ ’ਚੋਂ ਸਟੱਡੀ ਵੀਜ਼ੇ ਨੇ ਜਵਾਨੀ ਨੂੰ ਜੋ ਖੰਭ ਲਾਏ ਹਨ, ਉਸ ਦੇ ਨਤੀਜੇ ਆਉਂਦੇ ਵਰ੍ਹਿਆਂ ’ਚ ਸਪੱਸ਼ਟ ਉਜਾਗਰ ਹੋਣਗੇ।



ਕੇਂਦਰੀ ਵਿਦੇਸ਼ ਮੰਤਰਾਲੇ ਨੇ 2014 ਤੋਂ 2022 ਦਾ ਅੰਕੜਾ ਨਸ਼ਰ ਕੀਤਾ ਹੈ ਤੇ ਇਸ ਵਕਫ਼ੇ ਦੌਰਾਨ ਕੁਲ 2,46,580 ਭਾਰਤੀਆਂ ਨੇ ਵਿਦੇਸ਼ੀ ਨਾਗਰਿਕਤਾ ਹਾਸਲ ਕਰਕੇ ਆਪਣਾ ਭਾਰਤੀ ਪਾਸਪੋਰਟ ਤਿਆਗ ਦਿੱਤਾ ਹੈ। ਇਸ ਵਿਚ ਸਭ ਤੋਂ ਵੱਡੀ ਗਿਣਤੀ ਦਿੱਲੀ ਵਾਸੀਆਂ (60,414) ਦੀ ਹੈ। ਦੂਸਰੇ ਨੰਬਰ ’ਤੇ ਪੰਜਾਬੀ (28,717) ਆਉਂਦੇ ਹਨ। ਇਸ ਤੋਂ ਬਿਨਾਂ ਤੀਸਰੇ ਨੰਬਰ ’ਤੇ 22,300 ਗੁਜਰਾਤੀਆਂ ਨੇ ਭਾਰਤੀ ਪਾਸਪੋਰਟ ਨੂੰ ਛੱਡਿਆ ਹੈ। ਗੁਆਂਢੀ ਸੂਬੇ ਹਰਿਆਣਾ ਦੇ ਸਿਰਫ਼ 7226 ਵਸਨੀਕ ਇਸ ਸ਼੍ਰੇਣੀ ਵਿਚ ਆਉਂਦੇ ਹਨ, ਜਦਕਿ ਚੰਡੀਗੜ੍ਹ ਵਿਚੋਂ ਸਿਰਫ਼ 1904 ਵਸਨੀਕਾਂ ਨੇ ਭਾਰਤੀ ਨਾਗਰਿਕਤਾ ਛੱਡੀ ਹੈ।


ਭਾਰਤੀ ਨਾਗਰਿਕਤਾ ਐਕਟ 1955 ਅਨੁਸਾਰ ਭਾਰਤੀ ਮੂਲ ਦਾ ਨਾਗਰਿਕ ਇੱਕੋ ਵੇਲੇ ਦੋ ਮੁਲਕਾਂ ਦੀ ਨਾਗਰਿਕਤਾ ਨਹੀਂ ਰੱਖ ਸਕਦਾ ਹੈ, ਜਿਸ ਕਰਕੇ ਉਸ ਨੂੰ ਇੱਕ ਮੁਲਕ ਦੀ ਨਾਗਰਿਕਤਾ ਛੱਡਣੀ ਪੈਂਦੀ ਹੈ। ਪਿਛਲੇ ਨੌਂ ਵਰ੍ਹਿਆਂ ਦੇ ਅੰਕੜਿਆਂ ਅਨੁਸਾਰ ਔਸਤਨ ਰੋਜ਼ਾਨਾ 8 ਪੰਜਾਬੀ ਵਿਦੇਸ਼ਾਂ ਦੇ ਬਾਸ਼ਿੰਦੇ ਬਣਦੇ ਹਨ।

ਲੁਧਿਆਣਾ ਦੇ ਐਡੂਵਿੰਗ (ਇਮੀਗਰੇਸ਼ਨ) ਦੇ ਐੱਮ.ਡੀ. ਗੌਰਵ ਮੌਦਗਿੱਲ ਦਾ ਕਹਿਣਾ ਹੈ ਕਿ ਜਿਹੜੇ ਪੰਜਾਬੀ ਇੱਕ ਵਾਰ ਵਿਦੇਸ਼ ਚਲੇ ਜਾਂਦੇ ਹਨ, ਉਨ੍ਹਾਂ ਦੀ ਵਾਪਸੀ ਦੇ ਆਸਾਰ ਬਹੁਤ ਘੱਟ ਹੁੰਦੇ ਹਨ।

ਬਿਊਰੋ ਆਫ਼ ਇਮੀਗਰੇਸ਼ਨ ਦੇ ਤੱਥ ਹਨ ਕਿ ਪਹਿਲੀ ਜਨਵਰੀ 2016 ਤੋਂ ਮਾਰਚ 2021 ਤੱਕ ਪੰਜਾਬ ’ਚੋਂ 2.62 ਲੱਖ ਪੰਜਾਬੀ ਸਟੱਡੀ ਵੀਜ਼ਾ ’ਤੇ ਅਤੇ 4.78 ਲੱਖ ਵਿਅਕਤੀ ਰੁਜ਼ਗਾਰ ਵੀਜ਼ਾ ’ਤੇ ਵਿਦੇਸ਼ ਗਏ ਹਨ, ਜੋ ਔਸਤਨ 7750 ਵਿਅਕਤੀ ਪ੍ਰਤੀ ਮਹੀਨਾ ਬਣਦੇ ਹਨ।

## ਸਿੱਖ ਕਤਲੇਆਮ: ਟਾਈਟਲਰ ਨੂੰ ਦਸਤਾਵੇਜ਼ਾਂ ਦੀ ਜਾਂਚ ਲਈ 21 ਅਗਸਤ ਤੱਕ ਦਾ ਸਮਾਂ ਮਿਲਿਆ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਦੀ ਇੱਕ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਪੁਲ ਬੰਗਸ਼ ਹੱਤਿਆ ਕਾਂਡ ਦੇ ਮਾਮਲੇ ’ਚ ਮੁਲਜ਼ਮ ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ ਦੋਸ਼ ਪੱਤਰ ਸਮੇਤ ਸੀ.ਬੀ.ਆਈ. ਵੱਲੋਂ ਸੌਂਪੇ ਗਏ ਦਸਤਾਵੇਜ਼ਾਂ ਦੀ ਜਾਂਚ ਕਰਨ ਲਈ 10 ਦਿਨ ਦਾ ਸਮਾਂ ਦਿੱਤਾ ਹੈ। ਵਧੀਕ ਮੁੱਖ ਮੈਟਰੋਪੌਲੀਟਨ ਮੈਜਿਸਟਰੇਟ ਵਿਧੀ ਗੁਪਤਾ ਆਨੰਦ ਨੇ ਟਾਈਟਲਰ ਦੇ ਵਕੀਲ ਵੱਲੋਂ ਦਾਇਰ ਇੱਕ ਅਰਜ਼ੀ ’ਤੇ ਹੁਕਮ ਪਾਸ ਕੀਤਾ ਜਿਨ੍ਹਾਂ ਦਸਤਾਵੇਜ਼ਾਂ ਦੀ ਜਾਂਚ ਪੂਰੀ ਕਰਨ ਲਈ ਦੋ ਹਫ਼ਤਿਆਂ ਦਾ ਸਮਾਂ ਮੰਗਿਆ ਸੀ।



## 8 ਸਾਲਾਂ ’ਚ ਢਾਈ ਲੱਖ ਭਾਰਤੀਆਂ ਨੇ ਛੱਡੀ ਨਾਗਰਿਕਤਾ

**■ 28 ਹਜ਼ਾਰ ਤੋਂ ਵੱਧ ਪੰਜਾਬੀ ਹੋਏ ਪਰਦੇਸੀ**

**ਨਵੀਂ ਦਿੱਲੀ, (ਪੰਜਾਬ ਮੇਲ)-** ਰਾਜ ਸਭਾ ’ਚ ਸਰਕਾਰ ਵਲੋਂ ਮੁਹੱਈਆ ਕਰਵਾਏ ਗਏ ਅੰਕੜਿਆਂ ਅਨੁਸਾਰ ਪਿਛਲੇ ਅੱਠ ਸਾਲਾਂ ਵਿਚ ਪੂਰੇ ਭਾਰਤ ਵਿਚ 2,46,580 ਭਾਰਤੀਆਂ ਨੇ ਅਪਣੇ ਪਾਸਪੋਰਟ ਵਾਪਸ ਕੀਤੇ ਹਨ, ਜਿਨ੍ਹਾਂ ਵਿਚੋਂ ਸੱਭ ਤੋਂ ਵੱਧ 60,414 ਪਾਸਪੋਰਟ ਦਿੱਲੀ ਵਿਚ ਵਾਪਸ ਕੀਤੇ ਗਏ ਹਨ।

ਪੰਜਾਬ ਵਿਚ ਇਸ ਮਿਆਦ ਦੌਰਾਨ 28,117 ਲੋਕਾਂ ਨੇ ਅਪਣੇ ਪਾਸਪੋਰਟ ਵਾਪਸ ਕੀਤੇ, ਜਦਕਿ ਗੁਜਰਾਤ, ਗੋਆ ਅਤੇ ਕੇਰਲਾ ਵਿਚ ਕ੍ਰਮਵਾਰ 22,300, 18,610 ਅਤੇ 16,247 ਲੋਕਾਂ ਨੇ ਅਪਣੇ ਪਾਸਪੋਰਟ ਵਾਪਸ ਕੀਤੇ। ਇਕ ਸਵਾਲ ਦੇ ਜਵਾਬ ਵਿਚ, ਵਿਦੇਸ਼ ਰਾਜ ਮੰਤਰੀ ਵੀ ਮੁਰਲੀਧਰਨ ਨੇ ਆਪਣੇ ਪਾਸਪੋਰਟ ਵਾਪਸ ਕਰਨ ਵਾਲੇ ਭਾਰਤੀਆਂ ਦੀ ਰਾਜ-ਵਾਰ ਸੰਖਿਆ ਦੱਸੀ।

ਉਨ੍ਹਾਂ ਕਿਹਾ ਕਿ 2014 ਤੋਂ 2022 ਤੱਕ ਅਪਣੇ ਪਾਸਪੋਰਟ ਸਪੁਰਦ ਕਰਨ ਵਾਲੇ ਭਾਰਤੀਆਂ ਦੀ ਕੁੱਲ ਗਿਣਤੀ 2,46,580 ਹੈ। ਮੰਤਰੀ ਦੁਆਰਾ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ, 2019-2022 ਦੀ ਮਿਆਦ ਦੇ ਦੌਰਾਨ 35 ਤੋਂ ਵੱਧ ਦੇਸ਼ਾਂ ਵਿਚ 24,000 ਤੋਂ ਵੱਧ ਭਾਰਤੀਆਂ ਨੇ ਅਪਣੇ ਪਾਸਪੋਰਟ ਸਪੁਰਦ ਕੀਤੇ ਹਨ।

## ਦਿਲਜੀਤ ਦੁਸਾਂਝ ਦੀ ਫਿਲਮ ‘ਪੰਜਾਬ 95’ ਟੋਰਾਂਟੋ ਕੌਮਾਂਤਰੀ ਫਿਲਮ ਮੇਲੇ ’ਚੋਂ ਬਾਹਰ

**ਮੁੰਬਈ, (ਪੰਜਾਬ ਮੇਲ)-** ਅਭਿਨੇਤਾ-ਗਾਇਕ ਦਿਲਜੀਤ ਦੁਸਾਂਝ ਦੀ ਫਿਲਮ ‘ਪੰਜਾਬ ‘95’, ਜਿਸ ਦਾ ਟੋਰਾਂਟੋ ਇੰਟਰਨੈਸ਼ਨਲ ਫਿਲਮ ਫੈਸਟੀਵਲ ਵਿਚ ਵਜੋਂ ਪ੍ਰੀਮੀਅਰ ਹੋਣਾ ਸੀ, ਨੂੰ ਹਟਾ ਦਿੱਤਾ ਗਿਆ ਹੈ। ਫਿਲਮ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ’ਤੇ ਆਧਾਰਿਤ ਹੈ। ‘ਪੰਜਾਬ 95’ ਵਿਚ ਦਿਲਜੀਤ ਦੁਸਾਂਝ ਤੋਂ ਇਲਾਵਾ ਬਾਲੀਵੁੱਡ ਸਟਾਰ ਅਰਜੁਨ ਰਾਮਪਾਲ ਅਤੇ ਸੁਵਿੰਦਰ ਵਿੱਕੀ ਸ਼ਾਮਲ ਹਨ। ਫੈਸਟੀਵਲ ਦੀ ਵੈੱਬਸਾਈਟ ’ਤੇ ਫਿਲਮ ਦਾ ਕੋਈ ਜ਼ਿਕਰ ਨਹੀਂ ਹੈ। ਫਿਲਮ ਦਾ ਅਸਲ ਵਿਚ ਨਾਂ ‘ਘੱਲੂਘਾਰਾ’ ਸੀ। ਭਾਰਤ ਦੇ ਕੇਂਦਰੀ ਫਿਲਮ ਸਰਟੀਫਿਕੇਸ਼ਨ ਬੋਰਡ ਨੇ ਫਿਲਮ ਨੂੰ 21 ਕੱਟ ਨਾਲ ਤੇ ‘ਪੰਜਾਬ 95’ ਦੇ ਨਾਂ ਹੇਠ ਰਿਲੀਜ਼ ਕਰਨ ਲਈ ਝੰਡੀ ਦਿੱਤੀ। ਇਸ ਖ਼ਿਲਾਫ਼ ਬੰਬੇ ਹਾਈ ਕੋਰਟ ਵਿਚ ਅਪੀਲ ਕੀਤੀ ਗਈ ਹੈ ਤੇ ਫ਼ੈਸਲਾ ਹਾਲੇ ਆਉਣਾ ਹੈ।



## ਐੱਨ.ਆਰ.ਆਈਜ਼ ਦੀ ਸਹੂਲਤ ਲਈ ਇੰਦਰਾ ਗਾਂਧੀ ਏਅਰਪੋਰਟ ਵਿਖੇ ਵਿਸ਼ੇਸ਼ ਕੇਂਦਰ ਸਥਾਪਤ ਕਰਨ ਦੀ ਪ੍ਰਵਾਨਗੀ

**ਨਵੀਂ ਦਿੱਲੀ, (ਪੰਜਾਬ ਮੇਲ)-** ਨਵੀਂ ਦਿੱਲੀ ਵਿਖੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਵਿਖੇ ਐੱਨ.ਆਰ.ਆਈਜ਼ ਦੀ ਸਹੂਲਤ ਲਈ ਵੱਡਾ ਉਪਰਾਲਾ ਕਰਦਿਆਂ ਮੰਤਰੀ ਮੰਡਲ ਨੇ ਇੰਟਰਨੈਸ਼ਨਲ ਟਰਮੀਨਲ ਦੇ ਅਰਾਈਵਲ ਹਾਲ (ਪਹੁੰਚ ਹਾਲ) ਵਿਖੇ ਸਹੂਲਤ ਪ੍ਰਦਾਨ ਕਰਨ ਵਾਲਾ ਕੇਂਦਰ (ਫੈਸਿਲੀਟੇਸ਼ਨ ਸੈਂਟਰ) ਸਥਾਪਤ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਕੇਂਦਰ 24 ਘੰਟੇ ਖੁੱਲ੍ਹਾ ਰਹੇਗਾ ਅਤੇ ਟਰਮੀਨਲ ਵਿਖੇ ਪਹੁੰਚਣ ਵਾਲੇ ਸਾਰੇ ਐੱਨ.ਆਰ.ਆਈਜ਼ ਅਤੇ ਹੋਰ ਮੁਸਾਫਰਾਂ ਨੂੰ ਸਹਾਇਤਾ ਪ੍ਰਦਾਨ ਕਰੇਗਾ। ਇਸ ਵਿਸ਼ੇਸ਼ ਕੇਂਦਰ ਵਿਚ ਮੁਸਾਫਰਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਬੈਠਣ ਲਈ ਢੁਕਵੀਂ ਵਿਵਸਥਾ ਕਰਨ ਦੇ ਯਤਨ ਕੀਤੇ ਜਾਣਗੇ। ਮੁਸਾਫਰਾਂ/ਰਿਸ਼ਤੇਦਾਰਾਂ ਨੂੰ ਫਲਾਈਟਾਂ ਸਬੰਧੀ, ਟੈਕਸੀ ਸੇਵਾਵਾਂ, ਸਮਾਨ ਗੁਆਚਣ ਬਾਰੇ ਮਦਦ ਲਈ ਸਹੂਲਤਾਂ ਸਮੇਤ ਹੋਰ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਮੁਸਾਫਰ ਦੀ ਇੱਛਾ ਦੇ ਮੁਤਾਬਕ ਇਹ ਕੇਂਦਰ ਵਾਜਬ ਕੀਮਤਾਂ ਉਤੇ ਟੈਕਸੀ ਦੀਆਂ ਸੇਵਾਵਾਂ ਮੁਹੱਈਆ ਕਰਵਾਉਣ ਲਈ ਕੰਮ ਕਰੇਗਾ। ਇਸ ਤੋਂ ਇਲਾਵਾ ਇਸ ਕੇਂਦਰ ਕੋਲ ਮੁਸਾਫਰਾਂ ਨੂੰ ਪੰਜਾਬ ਭਵਨ ਜਾਂ ਨੇੜੇ ਦੀਆਂ ਥਾਵਾਂ ’ਤੇ ਲਿਜਾਣ ਵਿਚ ਮਦਦ ਲਈ ਵਾਹਨ ਵੀ ਹੋਣਗੇ।










# ਅਮਰੀਕਾ ਦੇ ਇਸ਼ਾਰੇ 'ਤੇ ਇਮਰਾਨ ਖਾਨ ਨੂੰ ਸੱਤਾ ਤੋਂ ਕੀਤਾ ਗਿਆ ਬਾਹਰ!

**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਸੱਤਾ ਤੋਂ ਹਟਾਉਣ ਵਿਚ ਅਮਰੀਕਾ ਦਾ ਹੱਥ ਸੀ? ਮੀਡੀਆ ਹਾਊਸ ਇੰਟਰਸੈਪਟ ਨੂੰ ਮਿਲੇ ਇਕ ਗੁਪਤ ਦਸਤਾਵੇਜ਼ ਤੋਂ ਇਹ ਖੁਲਾਸਾ ਹੋਇਆ ਹੈ। ਇਸ ਵਿਚ ਪਾਕਿਸਤਾਨੀ ਰਾਜਦੂਤ ਅਤੇ ਅਮਰੀਕੀ ਵਿਦੇਸ਼ ਵਿਭਾਗ ਦੇ ਦੋ ਅਧਿਕਾਰੀਆਂ ਵਿਚਕਾਰ 7 ਮਾਰਚ 2022 ਨੂੰ ਹੋਈ ਮੀਟਿੰਗ ਦਾ ਜ਼ਿਕਰ ਹੈ। ਇਸ ਬੈਠਕ 'ਚ ਰੂਸ-ਯੂਕਰੇਨ ਯੁੱਧ 'ਤੇ ਨਿਰਪੱਖ ਰਹਿਣ ਲਈ ਇਮਰਾਨ ਖਾਨ ਨੂੰ ਹਟਾਉਣ 'ਤੇ ਗੱਲਬਾਤ ਹੋਈ। ਰਿਪੋਰਟ ਮੁਤਾਬਕ ਇਕ ਅਮਰੀਕੀ ਅਧਿਕਾਰੀ ਨੇ ਕਿਹਾ ਸੀ- ਇਮਰਾਨ ਸਰਕਾਰ ਖਿਲਾਫ ਬੇਭਰੋਸਗੀ ਮਤਾ ਪਾਸ ਹੋਣ 'ਤੇ ਸਭ ਨੂੰ ਮੁਆਫ ਕਰ ਦਿੱਤਾ ਜਾਵੇਗਾ। ਇੰਟਰਸੈਪਟ ਨੇ ਲਿਖਿਆ ਹੈ ਕਿ ਅਮਰੀਕੀ

**■ ਗੁਪਤ ਦਸਤਾਵੇਜ਼ 'ਚ ਖੁਲਾਸਾ: ਅਮਰੀਕਾ ਨੇ ਦੋਸ਼ ਨਕਾਰੇ**



ਅਧਿਕਾਰੀਆਂ ਦੀ ਗੱਲਬਾਤ ਤੋਂ ਇਕ ਮਹੀਨੇ ਬਾਅਦ ਹੀ ਇਮਰਾਨ ਖਿਲਾਫ ਅਵਿਸ਼ਵਾਸ ਪ੍ਰਸਤਾਵ ਲਿਆਂਦਾ ਗਿਆ ਸੀ।

ਮੀਡੀਆ ਹਾਊਸ ਇੰਟਰਸੈਪਟ 'ਚ ਛਪੀ ਰਿਪੋਰਟ ਮੁਤਾਬਕ ਦੱਖਣੀ ਅਤੇ ਮੱਧ ਏਸ਼ੀਆ ਲਈ ਅਮਰੀਕਾ ਦੇ ਸਹਾਇਕ ਸਕੱਤਰ ਡੋਨਾਲਡ ਲੂ ਰੂਸ-ਯੂਕਰੇਨ ਯੁੱਧ 'ਚ ਪਾਕਿਸਤਾਨ ਦੀ ਨਿਰਪੱਖਤਾ ਤੋਂ ਨਾਰਾਜ਼ ਸਨ। ਦਸਤਾਵੇਜ਼ ਦੇ ਅਨੁਸਾਰ, ਲੂ ਨੇ ਕਿਹਾ ਸੀ, ਅਮਰੀਕਾ ਅਤੇ ਯੂਰਪ ਦੇ ਲੋਕ ਰੂਸ-ਯੂਕਰੇਨ ਯੁੱਧ ਵਿਚ ਪਾਕਿਸਤਾਨ ਦੀ ਨਿਰਪੱਖਤਾ ਨੂੰ ਲੈ ਕੇ ਹੈਰਾਨ ਹਨ।

ਲੂ ਨੇ ਯੁੱਧ ਦੇ ਦਿਨ ਇਮਰਾਨ ਖਾਨ ਦੇ ਰੂਸ ਦੌਰੇ ਦਾ ਜ਼ਿਕਰ ਕੀਤਾ। ਉਸ ਨੇ ਕਿਹਾ ਸੀ ਕਿ ਮਾਸਕੋ ਦਾ ਦੌਰਾ ਯੁੱਧ ਵਿਚ ਉਸ ਦੇ (ਇਮਰਾਨ ਦੇ) ਸਟੈਂਡ ਨੂੰ ਪ੍ਰਗਟ ਕਰਦਾ ਜਾਪਦਾ ਹੈ। ਡੋਨਾਲਡ ਲੂ ਨੇ ਅਮਰੀਕਾ 'ਚ ਪਾਕਿਸਤਾਨ ਦੇ ਰਾਜਦੂਤ ਨੂੰ ਕਿਹਾ ਸੀ, ਇਸ ਨਾਲ ਦੋਹਾਂ ਦੇਸ਼ਾਂ ਦੇ ਸਬੰਧਾਂ 'ਤੇ ਬੁਰਾ ਪ੍ਰਭਾਵ ਪਿਆ ਹੈ। ਪਾਕਿਸਤਾਨ 'ਚ ਸਿਆਸੀ ਸਥਿਤੀ 'ਚ ਬਦਲਾਅ ਨਾਲ ਸਾਡੇ ਰਿਸ਼ਤੇ ਜਲਦੀ ਹੀ ਬਹਾਲ ਹੋ ਸਕਦੇ ਹਨ। ਅਮਰੀਕੀ ਵਿਦੇਸ਼ ਵਿਭਾਗ ਅਤੇ ਪਾਕਿਸਤਾਨੀ ਰਾਜਦੂਤ ਦੀ ਮੀਟਿੰਗ ਦੀ ਪਾਕਿਸਤਾਨ ਨੂੰ ਇੱਕ ਕੇਬਲ ਭੇਜੀ ਗਈ ਸੀ, ਇਸਦਾ ਕੋਡਨੇਮ ਸਾਈਫਰ ਸੀ।

ਅਮਰੀਕਾ ਨੇ ਇਮਰਾਨ ਨੂੰ ਸੱਤਾ ਤੋਂ ਹਟਾਏ ਜਾਣ ਦੀਆਂ ਰਿਪੋਰਟਾਂ ਦਾ ਜਵਾਬ ਦਿੱਤਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਸਾਰੀਆਂ ਰਿਪੋਰਟਾਂ ਨੂੰ ਝੂਠ ਦੱਸਿਆ ਹੈ। ਉਨ੍ਹਾਂ ਕਿਹਾ, ਅਸੀਂ ਯੁੱਧ ਦੇ ਪਹਿਲੇ ਦਿਨ ਇਮਰਾਨ ਖਾਨ ਦੇ ਮਾਸਕੋ ਜਾਣ 'ਤੇ ਚਿੰਤਾ ਜ਼ਾਹਰ ਕੀਤੀ ਸੀ। ਅਸੀਂ ਜਨਤਕ ਅਤੇ ਨਿੱਜੀ ਗੱਲਬਾਤ ਵਿਚ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ।

ਪਿਛਲੇ ਸਾਲ ਇਮਰਾਨ ਖਾਨ ਨੇ ਵੀ ਅਮਰੀਕਾ 'ਤੇ ਉਨ੍ਹਾਂ ਦੀ ਸਰਕਾਰ ਨੂੰ ਡੇਗਣ ਦਾ ਦੋਸ਼ ਲਗਾਇਆ ਸੀ। ਹਾਲਾਂਕਿ ਬਾਅਦ 'ਚ ਉਹ ਆਪਣਾ ਬਿਆਨ ਵਾਪਸ ਲੈ ਲਿਆ। ਯੁੱਧ 'ਚ ਨਿਰਪੱਖ ਰਹਿਣ 'ਤੇ ਪੱਛਮੀ ਦੇਸ਼ਾਂ ਦੀ ਆਲੋਚਨਾ 'ਤੇ ਇਮਰਾਨ ਖਾਨ ਨੇ ਰੈਲੀ 'ਚ ਕਿਹਾ, ਕੀ ਅਸੀਂ ਤੁਹਾਡੇ ਗੁਲਾਮ ਹਾਂ, ਤੁਸੀਂ ਕੀ ਸੋਚਦੇ ਹੋ, ਅਸੀਂ ਉਹੀ ਕਰਾਂਗੇ ਜੋ ਤੁਸੀਂ ਸਾਨੂੰ ਕਹੋਗੇ।

# ਚੀਨ ਨੇ ਅਮਰੀਕਾ 'ਤੇ ਜਾਸੂਸੀ ਕਰਨ ਦਾ ਦੋਸ਼ ਲਗਾਇਆ

**ਬੀਜਿੰਗ, (ਪੰਜਾਬ ਮੇਲ)-** ਚੀਨ ਨੇ ਬੀਤੇ ਸ਼ੁੱਕਰਵਾਰ ਨੂੰ ਅਮਰੀਕਾ 'ਤੇ ਜਾਸੂਸੀ ਕਰਨ ਦਾ ਦੋਸ਼ ਲਗਾਇਆ ਹੈ। ਚੀਨ ਨੇ ਕਿਹਾ ਹੈ ਕਿ ਉਨ੍ਹਾਂ ਨੇ ਜ਼ੇਂਗ ਨਾਂ ਦੇ 52 ਸਾਲਾ ਵਿਅਕਤੀ ਨੂੰ ਫੜਿਆ ਹੈ, ਜੋ ਅਮਰੀਕੀ ਕੇਂਦਰੀ ਖੁਫੀਆ ਏਜੰਸੀ (ਸੀ.ਆਈ.ਏ.) ਨੂੰ ਚੀਨ ਦੀ ਫੌਜ ਨਾਲ ਜੁੜੀਆਂ ਅਹਿਮ ਜਾਣਕਾਰੀਆਂ ਦੇ ਰਿਹਾ ਸੀ।

ਕਿਹਾ ਜਾ ਰਿਹਾ ਹੈ ਕਿ ਇਸ ਦੇ ਬਦਲੇ ਜ਼ੇਂਗ ਨੂੰ ਮੋਟੇ ਪੈਸੇ ਦਿੱਤੇ ਜਾ ਰਹੇ ਸਨ। ਸੀ.ਆਈ.ਏ. ਨੇ ਜ਼ੇਂਗ ਨੂੰ ਅਮਰੀਕੀ ਨਾਗਰਿਕਤਾ ਦਿਵਾਉਣ ਦਾ ਵੀ ਲਾਲਚ ਦਿੱਤਾ ਸੀ। ਚੀਨ ਦੀ ਸਟੇਟ ਸਕਿਓਰਿਟੀ ਮੁਤਾਬਕ ਸੀ.ਆਈ.ਏ. ਨੇ ਜ਼ੇਂਗ ਨੂੰ ਇਟਲੀ ਤੋਂ ਹਾਇਰ ਕੀਤਾ ਸੀ, ਉਸਨੇ ਜਾਸੂਸੀ ਲਈ ਸੀ.ਆਈ.ਏ. ਨਾਲ ਸਮਝੌਤਾ ਕੀਤਾ ਸੀ।

ਮਿਲੀ ਜਾਣਕਾਰੀ ਅਨੁਸਾਰ ਜ਼ੇਂਗ ਰੋਮ ਵਿਚ ਪੜ੍ਹਾਈ ਕਰਨ ਲਈ ਗਿਆ ਸੀ। ਜਿੱਥੇ ਉਸ ਨਾਲ ਸੀ.ਆਈ.ਏ. ਏਜੰਟ ਨੇ ਸੰਪਰਕ ਕੀਤਾ। ਇਹ ਇਟਲੀ ਵਿਚ ਅਮਰੀਕੀ ਐਮਬੈਂਸੀ ਦਾ ਅਧਿਕਾਰੀ ਦੱਸਿਆ ਜਾ ਰਿਹਾ ਹੈ। ਜ਼ੇਂਗ ਨੂੰ ਚੀਨ ਦੀ ਖੁਫੀਆ ਜਾਣਕਾਰੀ ਦੇਣ ਲਈ ਰਾਜ਼ੀ ਕਰ ਲਿਆ। ਇਸ ਅਧਿਕਾਰੀ ਦਾ ਨਾਂ ਸੇਠ ਦੱਸਿਆ ਜਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਰੋਮ ਵਿਚ ਰਹਿੰਦੇ ਹੋਏ, ਜ਼ੇਂਗ ਪੂਰੀ ਤਰ੍ਹਾਂ ਸੇਠ 'ਤੇ ਨਿਰਭਰ ਹੋ ਗਿਆ ਸੀ। ਇਸ ਦਾ ਫਾਇਦਾ ਉਠਾਉਂਦੇ ਹੋਏ ਉਸਨੇ ਜੇਂਗ ਨੂੰ ਪੱਛਮੀ ਦੇਸ਼ਾਂ ਦੇ ਵਿਚਾਰਾਂ ਨਾਲ ਉਲਝਾਉਣਾ ਸ਼ੁਰੂ ਕਰ ਦਿੱਤਾ। ਜਦੋਂ ਦੋਵਾਂ ਦੀ ਦੋਸਤੀ ਡੂੰਘੀ ਹੋਈ ਤਾਂ ਸੇਠ ਨੇ ਜ਼ੇਂਗ ਨੂੰ ਦੱਸਿਆ ਕਿ ਉਹ ਸੀ.ਆਈ.ਏ. ਅਧਿਕਾਰੀ ਹੈ। ਜੇਂਗ ਦੇ ਕੇਸ ਨੂੰ ਰਾਜ ਦੇ ਸਰਕਾਰੀ ਵਕੀਲ ਨੂੰ ਭੇਜਿਆ ਗਿਆ ਹੈ।

# ਵਿਸ਼ਵ ਦੇ ਗਰੀਬ ਤੇ ਵਿਕਾਸਸ਼ੀਲ ਦੇਸ਼ਾਂ 'ਤੇ ਲਗਾਤਾਰ ਵਧ ਰਿਹੈ ਚੀਨ ਦੇ ਕਰਜ਼ੇ ਦਾ ਬੋਝ

**■ ਅਮਰੀਕੀ ਬਿਜ਼ਨਸ ਮੈਗਜ਼ੀਨ ਦੀ ਤਾਜ਼ਾ ਰਿਪੋਰਟ 'ਚ ਖੁਲਾਸਾ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਬਿਜ਼ਨਸ ਮੈਗਜ਼ੀਨ ਦੀ ਤਾਜ਼ਾ ਰਿਪੋਰਟ ਮੁਤਾਬਕ ਦੁਨੀਆਂ ਦੇ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ 'ਤੇ ਚੀਨ ਦੇ ਕਰਜ਼ੇ ਦਾ ਬੋਝ ਲਗਾਤਾਰ ਵਧਦਾ ਜਾ ਰਿਹਾ ਹੈ। ਨਤੀਜੇ ਵਜੋਂ ਅਰਬਾਂ ਡਾਲਰਾਂ ਦੇ ਕਰਜ਼ੇ ਦੇ ਬੋਝ ਹੇਠ ਦੱਬੇ ਉਨ੍ਹਾਂ ਦੀ ਆਰਥਿਕਤਾ ਤਬਾਹੀ ਦੇ ਕੰਢੇ ਪਹੁੰਚ ਗਈ ਹੈ। ਇੱਥੇ, ਵਿਸ਼ਵ ਬੈਂਕ ਦਾ ਅੰਦਾਜ਼ਾ ਹੈ ਕਿ 40 ਤੋਂ ਵੱਧ ਦੇਸ਼ਾਂ ਦੇ ਜੀ.ਡੀ.ਪੀ. ਵਿਚ ਚੀਨ ਦੇ ਕਰਜ਼ੇ ਦੀ ਮਾਤਰਾ 20 ਪ੍ਰਤੀਸ਼ਤ ਜਾਂ ਇਸ ਤੋਂ ਵੱਧ ਹੋ ਗਈ ਹੈ। ਵਿਸ਼ਵ ਬੈਂਕ ਦੇ ਪ੍ਰਧਾਨ ਡੇਵਿਡ ਮਾਲਪਾਸ ਦਾ ਕਹਿਣਾ ਹੈ ਕਿ ਕਰਜ਼ੇ ਦਾ ਇਹ ਪੱਧਰ ਇੰਨਾ ਉੱਚਾ ਹੋ ਗਿਆ ਹੈ ਕਿ ਕਈ ਦੇਸ਼ ਇਸ ਨੂੰ ਚੁਕਾਉਣ ਦੀ ਸਥਿਤੀ ਵਿਚ ਨਹੀਂ ਹਨ। ਅਜਿਹੇ 'ਚ ਉਹ ਇਸ ਜਾਲ 'ਚ ਫਸਦੇ ਜਾ ਰਹੇ ਹਨ, ਜਿਸ ਨੂੰ ਚੀਨ ਦੀ 'ਡੇਟ-ਟ੍ਰੈਪ ਡਿਪਲੋਮੇਸੀ' ਕਿਹਾ ਜਾਂਦਾ ਹੈ। ਜੇਕਰ ਕਰਜ਼ਾ ਵਾਪਸ ਨਹੀਂ ਕੀਤਾ ਜਾਂਦਾ ਹੈ, ਤਾਂ ਚੀਨ ਉਨ੍ਹਾਂ ਪ੍ਰੋਜੈਕਟਾਂ ਵਿਚ ਇਕੁਇਟੀ ਖਰੀਦਦਾ ਹੈ ਜਾਂ ਉਨ੍ਹਾਂ ਨੂੰ ਲੀਜ਼ 'ਤੇ ਰੱਖਦਾ ਹੈ, ਜਿਸ ਲਈ ਉਸਨੇ ਕਰਜ਼ਾ ਦਿੱਤਾ ਹੈ। ਅਮਰੀਕਾ ਸਥਿਤ ਖੋਜ ਸੰਸਥਾ ਐਡਟਾਟਾ ਮੁਤਾਬਕ ਚੀਨ ਨੇ ਦੁਨੀਆਂ ਦੇ 165 ਦੇਸ਼ਾਂ 'ਚ 13,427 ਪ੍ਰਾਜੈਕਟਾਂ 'ਚ 843 ਅਰਬ ਡਾਲਰ ਦਾ ਨਿਵੇਸ਼ ਕੀਤਾ ਹੈ, ਜੋ ਕਿ ਇਕ ਤਰ੍ਹਾਂ ਦਾ ਕਰਜ਼ਾ ਹੈ। ਇਸ ਦੇ ਲਈ ਚੀਨ ਦੀਆਂ 300 ਤੋਂ ਵੱਧ ਸਰਕਾਰੀ ਸੰਸਥਾਵਾਂ ਨੇ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਹੈ। ਆਮ ਤੌਰ 'ਤੇ, ਵਿਸ਼ਵ ਬੈਂਕ ਵਰਗੀਆਂ ਸੰਸਥਾਵਾਂ ਨਰਮ ਕਰਜ਼ੇ ਦਿੰਦੀਆਂ ਹਨ, ਜੋ ਕਿ ਬਹੁਤ ਘੱਟ ਵਿਆਜ (0.5 ਪ੍ਰਤੀਸ਼ਤ ਤੱਕ) 'ਤੇ ਲੰਬੇ ਸਮੇਂ ਲਈ ਦਿੱਤੇ ਜਾਂਦੇ ਹਨ, ਜਦੋਂ ਕਿ ਚੀਨ ਨੇ ਕਈ ਦੇਸ਼ਾਂ ਨੂੰ 4.2 ਪ੍ਰਤੀਸ਼ਤ ਪ੍ਰਤੀ ਸਲਾਨਾ ਵਿਆਜ ਦਰਾਂ 'ਤੇ ਕਰਜ਼ਾ ਦਿੱਤਾ ਹੈ। ਇਹ ਵੀ 10 ਸਾਲ ਤੋਂ ਘੱਟ ਹੈ। ਚੀਨ ਦੀ ਅਤਿ ਅਭਿਲਾਸ਼ੀ 'ਵਨ ਬੈਲਟ ਵਨ ਰੋਡ' ਯੋਜਨਾ ਤਹਿਤ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਵਿਚ ਬੰਦਰਗਾਹਾਂ, ਰੇਲ ਪ੍ਰਾਜੈਕਟਾਂ ਅਤੇ ਹੋਰ ਬੁਨਿਆਦੀ ਢਾਂਚੇ ਦੇ ਨਿਰਮਾਣ 'ਤੇ ਖਰਚ ਕਰਨ ਦੇ ਬਦਲੇ ਜ਼ਿਆਦਾਤਰ ਕਰਜ਼ੇ ਦਿੱਤੇ ਗਏ ਹਨ। ਵਿਸ਼ਵ ਬੈਂਕ ਦੇ ਅਨੁਸਾਰ ਇਕੱਲੇ 2022 ਵਿਚ ਸਭ ਤੋਂ ਗਰੀਬ 74 ਦੇਸ਼ਾਂ ਨੂੰ ਕੁੱਲ 35 ਬਿਲੀਅਨ ਡਾਲਰ ਦਾ ਕਰਜ਼ਾ ਦਿੱਤਾ ਗਿਆ ਸੀ। ਇਸ ਵਿਚੋਂ 13.1 ਬਿਲੀਅਨ ਡਾਲਰ ਦਾ ਮਤਲਬ ਹੈ ਕਿ ਬਾਕੀ ਸਾਰੇ ਦੇਸ਼ਾਂ ਦਾ ਕੁੱਲ ਕਰਜ਼ਾ 8.6 ਬਿਲੀਅਨ ਪ੍ਰਾਈਵੇਟ ਸੈਕਟਰ ਹੈ।

# ਨਵਾਜ ਸ਼ਰੀਫ ਅਗਲੇ ਮਹੀਨੇ ਪਰਤਣਗੇ ਪਾਕਿਸਤਾਨ: ਸ਼ਾਹਬਾਜ਼ ਸ਼ਰੀਫ

**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਕਿਹਾ ਹੈ ਕਿ ਉਨ੍ਹਾਂ ਦੇ ਭਰਾ ਅਤੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਅਗਲੇ ਮਹੀਨੇ ਦੇਸ਼ ਵਿਚ ਆਪਣੇ ਖ਼ਿਲਾਫ਼ ਅਦਾਲਤੀ ਮਾਮਲਿਆਂ ਦਾ ਸਾਹਮਣਾ ਕਰਨ ਅਤੇ ਆਮ ਚੋਣਾਂ ਲਈ ਪਾਰਟੀ ਦੀ ਮੁਹਿੰਮ ਦੀ ਅਗਵਾਈ ਕਰਨ ਲਈ ਪਾਕਿਸਤਾਨ ਪਰਤਣਗੇ। ਨਵਾਜ਼ ਸ਼ਰੀਫ (73) ਨਵੰਬਰ 2019 ਤੋਂ ਬਰਤਾਨੀਆ ਵਿਚ ਸਵੈ-ਜਲਾਵਤੀ ਕੱਟ ਰਹੇ ਹਨ। ਉਨ੍ਹਾਂ ਨੂੰ 2018 ਵਿਚ ਅਲ-ਅਜ਼ੀਜ਼ੀਆ ਮਿੱਲਜ਼ ਅਤੇ ਐਵੇਨਫੀਲਡ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਉਹ ਅਲ-ਅਜ਼ੀਜ਼ੀਆ ਮਿੱਲਜ਼ ਕੇਸ ਵਿਚ ਲਾਹੌਰ ਦੀ ਕੋਟ ਲਖਪਤ ਜੇਲ੍ਹ ਵਿਚ ਸੱਤ ਸਾਲ ਦੀ ਸਜ਼ਾ ਕੱਟ ਰਹੇ ਸਨ ਤੇ ਉਨ੍ਹਾਂ ਨੂੰ ਮੈਡੀਕਲ ਆਧਾਰ 'ਤੇ 2019 ਵਿਚ ਲੰਡਨ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ ਤੇ ਫੇਰ ਉਥੋਂ ਨਹੀਂ ਮੁੜੇ।




Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn't qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA Certified Insurance Agent

Designed By Punjab Mail USA

Ph.: (916) 900-2000

# ਅਮਰੀਕੀ ਜੰਗਲਾਂ 'ਚ 100 ਸਾਲਾਂ ਦੀ ਸਭ ਤੋਂ ਭਿਆਨਕ ਅੱਗ; 93 ਮੌਤਾਂ

**ਹਵਾਈ, (ਪੰਜਾਬ ਮੇਲ)-** ਅਮਰੀਕਾ ਦੇ ਹਵਾਈ ਸੂਬੇ 'ਚ ਮਾਉਈ ਦੇ ਜੰਗਲ 'ਚ ਲੱਗੀ ਅੱਗ ਕਾਰਨ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 93 ਹੋ ਗਈ ਹੈ। ਅਧਿਕਾਰੀਆਂ ਨੇ ਸ਼ਨਿੱਚਰਵਾਰ ਨੂੰ ਇਹ ਜਾਣਕਾਰੀ ਦਿਤੀ। ਇਹ ਇਕ ਸਦੀ ਵਿਚ ਅਮਰੀਕਾ ਦੇ ਇਤਿਹਾਸ ਵਿਚ ਸਭ ਤੋਂ ਘਾਤਕ ਜੰਗਲੀ ਅੱਗ ਹੈ। ਮਾਉਈ ਦੇ ਪੁਲਿਸ ਮੁਖੀ ਜੌਹਨ ਪੇਲਟੀਅਰ ਨੇ ਕਿਹਾ ਕਿ ਮਰਨ ਵਾਲਿਆਂ ਦੀ ਗਿਣਤੀ ਵੱਧ ਸਕਦੀ ਹੈ ਕਿਉਂਕਿ ਬਚਾਅ ਅਤੇ ਖੋਜ ਟੀਮਾਂ ਨੇ ਸਿਰਫ਼ 3 ਪ੍ਰਤੀਸ਼ਤ ਖੇਤਰ ਦੀ ਖੋਜ ਕੀਤੀ ਹੈ। ਉਨ੍ਹਾਂ ਕਿਹਾ ਕਿ ਲਾਸ਼ਾਂ ਦੀ ਸ਼ਨਾਖਤ ਕਰਨਾ ਬਹੁਤ ਮੁਸ਼ਕਲ ਹੈ ਕਿਉਂਕਿ ਉਨ੍ਹਾਂ ਨੂੰ ਸਿਰਫ ਲਾਸ਼ਾਂ ਦੇ ਅਵਸ਼ੇਸ਼ ਹੀ ਮਿਲੇ ਹਨ। ਪੇਲੇਟੀਅਰ ਨੇ ਦੱਸਿਆ ਕਿ ਹੁਣ ਤੱਕ ਦੋ ਲਾਸ਼ਾਂ ਦੀ ਪਛਾਣ ਹੋ ਚੁੱਕੀ ਹੈ।



ਪੇਲੇਟੀਅਰ ਨੇ ਕਿਹਾ ਕਿ ਪੁਲਿਸ ਨੂੰ ਲਾਸ਼ਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਪਛਾਣ ਕਰਨ ਲਈ ਡੀ.ਐੱਨ.ਏ. ਟੈਸਟ ਕਰਨ ਦੀ ਜ਼ਰੂਰਤ ਹੋਵੇਗੀ। ਸੂਬੇ ਦੇ ਗਵਰਨਰ ਜੋਸ਼ ਗ੍ਰੀਨ ਨੇ ਕਿਹਾ ਕਿ ਹਵਾਈ 'ਚ ਇਹ ਹੁਣ ਤੱਕ ਦੀ ਸੱਭ ਤੋਂ ਭਿਆਨਕ ਕੁਦਰਤੀ ਆਫ਼ਤ ਹੈ। ਉਨ੍ਹਾਂ ਇਹ ਟਿੱਪਣੀ ਇਤਿਹਾਸਕ ਫਰੰਟ ਸਟਰੀਟ ਦਾ ਦੌਰਾ ਕਰਨ ਉਪਰੰਤ ਕੀਤੀ।

ਉਨ੍ਹਾਂ ਕਿਹਾ, 'ਅਸੀਂ ਸਿਰਫ ਇੰਤਜ਼ਾਰ ਕਰ ਸਕਦੇ ਹਾਂ ਅਤੇ ਉਨ੍ਹਾਂ ਦੀ ਮਦਦ ਕਰ ਸਕਦੇ ਹਾਂ, ਜੋ ਜ਼ਿੰਦਾ ਹਨ। ਹੁਣ ਸਾਡਾ ਫੋਕਸ ਜਦੋਂ ਵੀ ਸੰਭਵ ਹੋ ਸਕੇ, ਲੋਕਾਂ ਨੂੰ ਇਕਜੁੱਟ ਕਰਨਾ, ਉਨ੍ਹਾਂ ਨੂੰ ਰਿਹਾਇਸ਼ ਦਿਵਾਉਣਾ ਅਤੇ ਉਨ੍ਹਾਂ ਨੂੰ ਸਿਹਤ ਸੰਭਾਲ ਪ੍ਰਦਾਨ ਕਰਨਾ ਹੈ'। ਗਵਰਨਰ ਗ੍ਰੀਨ ਨੇ ਕਿਹਾ ਕਿ ਪੱਛਮੀ ਮਾਉਈ 'ਚ ਘੱਟੋ-ਘੱਟ 2,200 ਇਮਾਰਤਾਂ ਤਬਾਹ ਜਾਂ ਨੁਕਸਾਨੀਆਂ ਗਈਆਂ ਹਨ, ਜਿਨ੍ਹਾਂ ਵਿਚੋਂ 86 ਪ੍ਰਤੀਸ਼ਤ ਰਿਹਾਇਸ਼ੀ ਹਨ।

ਉਨ੍ਹਾਂ ਕਿਹਾ ਕਿ ਕਰੀਬ ਛੇ ਅਰਬ ਅਮਰੀਕੀ ਡਾਲਰ ਦਾ ਨੁਕਸਾਨ ਹੋਇਆ ਹੈ। ਗ੍ਰੀਨ ਅਤੇ ਹੋਰ ਅਧਿਕਾਰੀਆਂ ਨੇ ਦੱਸਿਆ ਕਿ 93 ਲੋਕਾਂ ਦੀ ਮੌਤ ਦੀ ਪੁਸ਼ਟੀ ਹੋਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਪੱਛਮੀ ਮਾਉਈ ਦੇ ਕਾਨਾਪਲੀ 'ਚ ਸ਼ੁਕਰਵਾਰ ਸ਼ਾਮ ਨੂੰ ਲੱਗੀ ਅੱਗ ਨੂੰ ਬੁਝਾਉਣ 'ਚ ਅਧਿਕਾਰੀ ਸਫਲ ਰਹੇ। ਮਾਉਈ ਟਾਪੂ 'ਤੇ ਸਥਿਤ ਇਤਿਹਾਸਕ ਬੀਤੇ ਹਫਤੇ ਬੁੱਧਵਾਰ ਨੂੰ ਬੀਚ ਤੇਜ਼ੀ ਨਾਲ ਫੈਲ ਰਹੀ ਅੱਗ ਨਾਲ ਲਗਭਗ ਪੂਰੀ ਤਰ੍ਹਾਂ ਤਬਾਹ ਹੋ ਗਿਆ ਸੀ। ਜੇਕਰ ਬਚੇ ਲੋਕਾਂ ਦੀ ਮੰਨੀਏ, ਤਾਂ ਉਨ੍ਹਾਂ ਨੂੰ ਘਟਨਾ ਬਾਰੇ ਕੋਈ ਚੇਤਾਵਨੀ ਨਹੀਂ ਦਿੱਤੀ ਗਈ ਸੀ। ਕਾਉਂਟੀ ਅਧਿਕਾਰੀਆਂ ਨੇ ਫੇਸਬੁੱਕ 'ਤੇ ਕਿਹਾ ਕਿ ਫੈਡਰਲ ਐਮਰਜੈਂਸੀ ਮੈਨੇਜਮੈਂਟ ਏਜੰਸੀ ਅਤੇ ਪੈਸੀਫਿਕ ਡਿਜ਼ਾਸਟਰ ਸੈਂਟਰ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ, 4,500 ਲੋਕਾਂ ਨੂੰ ਪਨਾਹ ਦੀ ਲੋੜ ਹੈ। ਇਸ ਤੋਂ ਪਹਿਲਾਂ, ਉਤਰੀ ਕੈਲੀਫੋਰਨੀਆ 'ਚ ਬੁੱਟ ਕਾਉਂਟੀ 'ਚ 2018 'ਚ ਜੰਗਲ ਦੀ ਅੱਗ ਕਾਰਨ 85 ਲੋਕਾਂ ਦੀ ਮੌਤ ਹੋ ਗਈ ਸੀ। ਇਸ ਘਟਨਾ ਨੂੰ 'ਕੈਂਪ ਫਾਇਰ' ਵਜੋਂ ਜਾਣਿਆ ਜਾਂਦਾ ਹੈ। ਇਸ ਤੋਂ ਪਹਿਲਾਂ 1918 ਵਿਚ ਕਾਰਲਟਨ ਕਾਉਂਟੀ, ਮਿਨੇਸੋਟਾ 'ਚ ਜੰਗਲ ਦੀ ਅੱਗ ਨੇ ਹਜ਼ਾਰਾਂ ਘਰ ਤਬਾਹ ਕਰ ਦਿੱਤੇ ਸਨ ਅਤੇ ਸੈਂਕੜੇ ਲੋਕ ਮਾਰੇ ਗਏ ਸਨ। ਇਸ ਨੂੰ 'ਕਲੋਕੇਟ ਫਾਇਰ' ਕਿਹਾ ਜਾਂਦਾ ਹੈ।






# ਬਾਇਡਨ ਨੂੰ ਧਮਕੀਆਂ ਦੇਣ ਵਾਲਾ ਵਿਅਕਤੀ ਐੱਫ.ਬੀ.ਆਈ. ਹੱਥੋਂ ਮਾਰਿਆ ਗਿਆ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**-ਅਮਰੀਕਾ ਦੇ ਯੂਟਾਹ ਰਾਜ ਦਾ ਇਕ ਵਿਅਕਤੀ ਜਿਸ ਨੇ ਰਾਸ਼ਟਰਪਤੀ ਜੋਅ ਬਾਇਡਨ ਵਿਰੁੱਧ ਧਮਕੀ ਭਰੇ ਬਿਆਨ ਦਿੱਤੇ ਸਨ, ਐੱਫ.ਬੀ.ਆਈ. ਏਜੰਟਾਂ ਹੱਥੋਂ ਉਸ ਵੇਲੇ ਮਾਰਿਆ ਗਿਆ, ਜਦੋਂ ਉਹ ਉਸ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਉਟਾਹ ਦੇ ਪ੍ਰੋਵੋ ਸ਼ਹਿਰ ਦੇ ਵਾਸੀ 75 ਸਾਲਾ ਕਰੈਗ ਡੇਲੀਊ ਰਾਬਰਟਸਨ ਨੇ ਰਾਸ਼ਟਰਪਤੀ ਦੇ ਯੂਟਾਹ ਦੌਰੇ 'ਤੋਂ ਪਹਿਲਾਂ ਧਮਕੀ ਭਰੇ ਬਿਆਨ ਦਿੱਤੇ ਸਨ, ਜਿਨ੍ਹਾਂ ਵਿਚ ਰਾਸ਼ਟਰਪਤੀ ਨਾਲ ਸਿਝ ਲੈਣ ਦੀ ਗੱਲ ਕਹੀ ਗਈ ਸੀ। ਉਸ ਵਿਰੁੱਧ ਰਾਸ਼ਟਰਪਤੀ ਨੂੰ ਧਮਕੀਆਂ ਦੇਣ ਨਾਲ ਸਬੰਧਤ ਦੋਸ਼ ਆਇਦ ਕੀਤੇ ਗਏ ਸਨ। ਪ੍ਰਾਪਤ ਵੇਰਵੇ ਅਨੁਸਾਰ



ਪ੍ਰੋਵੋ, ਯੂਟਾਹ 'ਚ ਉਹ ਘਰ ਜਿਥੇ ਗੋਲੀਬਾਰੀ ਹੋਈ। ਤਸਵੀਰ ਵਿਚ ਲਾਅ ਇਨਫੋਰਸਮੈਂਟ ਦੀਆਂ ਗੱਡੀਆਂ ਵੀ ਨਜ਼ਰ ਆ ਰਹੀਆਂ ਹਨ।

ਜਦੋਂ ਐੱਫ.ਬੀ.ਆਈ. ਏਜੰਟ ਵਾਰੰਟ ਲੈ ਕੇ ਰਾਬਰਟਸਨ ਨੂੰ ਗ੍ਰਿਫਤਾਰ ਕਰਨ ਲਈ ਉਸ ਦੇ ਘਰ ਪੁੱਜੇ, ਤਾਂ ਇਸ ਦੌਰਾਨ ਗੋਲੀਬਾਰੀ ਦੀ ਘਟਨਾ ਵਾਪਰੀ ਜਿਸ ਦੌਰਾਨ ਰਾਬਰਟਸਨ ਮਾਰਿਆ ਗਿਆ। ਐੱਫ.ਬੀ.ਆਈ. ਨੇ ਗੋਲੀ ਚੱਲਣ ਸਬੰਧੀ ਕੋਈ ਵੇਰਵਾ ਜਾਰੀ ਨਹੀਂ ਕੀਤਾ ਹੈ। ਗੋਲੀਬਾਰੀ ਦੀ ਜਾਂਚ ਐੱਫ.ਬੀ.ਆਈ. ਦੀ ਇੰਸਪੈਕਸ਼ਨ ਡਵੀਜਨ ਕਰੇਗੀ। ਰਾਬਰਟਸਨ ਵਿਰੁੱਧ ਆਇਦ ਕੀਤੇ ਦੋਸ਼ਾਂ ਅਨੁਸਾਰ ਉਸ ਨੇ ਆਪਣੇ ਫੇਸਬੁੱਕ ਖਾਤੇ 'ਤੇ ਲਿਖਿਆ ਸੀ "ਮੈ ਸੁਣਿਆ ਹੈ ਬਾਇਡਨ ਯੂਟਾਹ ਆ ਰਿਹਾ ਹੈ। ਮੈਂ ਐਮ 24 ਸਨਾਈਪਰ ਰਾਈਫਲ ਤੋਂ ਮਿੱਟੀ ਝਾੜ ਰਿਹਾ ਹਾਂ। ਜੀ ਆਇਆਂ ਨੂੰ।" ਰਾਸ਼ਟਰਪਤੀ ਯੂਟਾਹ ਪੁੱਜੇ--ਐੱਫ.ਬੀ.ਆਈ. ਏਜੰਟਾਂ ਹੱਥੋਂ ਪ੍ਰੋਵੋ ਸ਼ਹਿਰ ਵਿਚ ਰਾਬਰਟਸਨ ਦੀ ਹੋਈ ਮੌਤ ਤੋਂ ਕੁਝ ਘੰਟੇ ਬਾਅਦ ਰਾਸ਼ਟਰਪਤੀ ਦੁਪਹਿਰ ਬਾਅਦ ਉਟਾਹ ਪੁੱਜੇ। ਏਅਰ ਫੋਰਸ ਦਾ ਜਹਾਜ਼ ਪ੍ਰੋਵੋ ਤੋਂ ਤਕਰੀਬਨ 50 ਮੀਲ ਦੂਰ ਸਾਲਟ ਲੇਕ ਸਿਟੀ ਵਿਚ ਰੋਲੈਂਡ ਆਰ ਰਾਈਟ ਏਅਰ ਨੈਸ਼ਨਲ ਗਾਰਡ ਬੇਸ 'ਤੇ ਰਾਸ਼ਟਰਪਤੀ ਨੂੰ ਲੈ ਕੇ ਸ਼ਾਮ 4.24 ਵਜੇ ਉਤਰਿਆ। ਫੌਜੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ।

## ਕੈਲੀਫੋਰਨੀਆ 'ਚ ਭਾਰਤੀ ਕ੍ਰਿਕਟਰ ਰੋਹਿਤ ਸ਼ਰਮਾ ਵੱਲੋਂ ਕ੍ਰਿਕਟ ਅਕੈਡਮੀ ਦਾ ਉਦਘਾਟਨ



ਰੋਹਿਤ ਸ਼ਰਮਾ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਵਿਚ ਕ੍ਰਿਕਟ ਦੀ ਵੱਧ ਰਹੀ ਲੋਕਪ੍ਰਿਯਤਾ ਦੇ ਦਰਮਿਆਨ ਵਿਸ਼ਵ ਪ੍ਰਸਿੱਧ ਭਾਰਤੀ ਕ੍ਰਿਕਟਰ ਰੋਹਿਤ ਸ਼ਰਮਾ ਨੇ ਮਿਲਪੀਟਸ, ਕੈਲੀਫੋਰਨੀਆ (ਸਾਂਟਾ ਕਲਾਰਾ ਕਾਊਂਟੀ) ਵਿਚ ਕ੍ਰਿਕਟ ਅਕੈਡਮੀ ਦਾ ਉਦਘਾਟਨ ਕੀਤਾ। ਕ੍ਰਿਕਕਿੰਗਡਮ ਕ੍ਰਿਕਟ ਅਕੈਡਮੀ ਦੇ ਰਸਮੀ ਉਦਘਾਟਨ ਤੋਂ ਪਹਿਲਾਂ ਹੋਏ ਸਮਾਗਮ 'ਚ ਰੋਹਿਤ ਸ਼ਰਮਾ ਨੂੰ ਜੀ ਆਇਆਂ ਕਿਹਾ ਗਿਆ। ਸਮਾਗਮ 'ਚ ਅਮਰੀਕਾ ਦੀਆਂ ਨਾਮਵਰ ਸ਼ਖਸੀਅਤਾਂ ਹਾਜ਼ਰ ਸਨ, ਜਿਨ੍ਹਾਂ ਵਿਚ ਡਾਕਟਰ ਟੀ.ਵੀ. ਨਾਗੇਂਦਰ ਪ੍ਰਸਾਦ, ਵਿਧਾਇਕ ਅਲੈਕਸ ਲੀ, ਫਰੀਮਾਂਟ ਦੇ ਮੇਅਰ ਲਿਲੀ ਮੀ, ਮਿਲਪਿਟਸ ਮੇਅਰ ਕਾਰਮੈੱਨ ਮਨਟਾਨੋ ਤੇ ਸਨੀਵੇਲ ਕੌਂਸਲ ਮੈਂਬਰ ਰੁਸ ਮੈਲਟਨ ਹਾਜ਼ਰ ਸਨ। ਰੋਹਿਤ ਸ਼ਰਮਾ ਨੇ ਆਪਣੇ ਸੰਖੇਪ ਸੰਬੋਧਨ 'ਚ ਕ੍ਰਿਕਟ ਨੂੰ ਜ਼ਮੀਨੀ ਪੱਧਰ 'ਤੇ ਲੋਕਪ੍ਰਿਯ ਕਰਨ ਉਪਰ ਜ਼ੋਰ ਦਿੱਤਾ। ਰੋਹਿਤ ਸ਼ਰਮਾ ਦੇ ਕਾਰੋਬਾਰੀ ਭਾਈਵਾਲ ਚੇਤਨ ਸੂਰੀਯਾਵੰਸ਼ੀ ਨੇ ਸੋਸ਼ਲ ਮੀਡੀਆ ਉਪਰ ਕ੍ਰਿਕਟ ਅਕੈਡਮੀ ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ।

# ਭਾਰਤੀ ਦੂਤਘਰ ਵੱਲੋਂ ਨਿਊਯਾਰਕ ਸਟੇਟ ਪੁਲਿਸ 'ਤੇ ਸਿੱਖ ਫੌਜੀ ਨੂੰ ਦਾੜ੍ਹੀ ਰੱਖਣ ਤੋਂ ਰੋਕਣ 'ਤੇ ਇਤਰਾਜ਼ ਜ਼ਾਹਿਰ

**ਵਾਸ਼ਿੰਗਟਨ, (ਪੰਜਾਬ ਮੇਲ)**- ਵਾਸ਼ਿੰਗਟਨ ਸਥਿਤ ਭਾਰਤੀ ਦੂਤਘਰ ਨੇ ਨਿਊਯਾਰਕ ਰਾਜ ਦੇ ਇਕ ਸਿੱਖ ਫੌਜੀ ਨੂੰ ਦਾੜ੍ਹੀ ਰੱਖਣ ਤੋਂ ਰੋਕੇ ਜਾਣ ਦਾ ਮਾਮਲਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਕੋਲ ਉਠਾਇਆ ਹੈ, ਕਿਉਂਕਿ ਸੰਸਦ ਮੈਂਬਰਾਂ ਨੇ ਇਸ ਘਟਨਾ 'ਤੇ ਚਿੰਤਾ ਪ੍ਰਗਟਾਈ ਹੈ ਅਤੇ ਇਸ ਨੂੰ 'ਧਾਰਮਿਕ ਵਿਤਕਰਾ' ਕਰਾਰ ਦਿੱਤਾ ਹੈ। ਨਿਊਯਾਰਕ ਸਟੇਟ ਦੇ ਫੌਜੀ ਚਰਨਜੋਤ ਟਿਵਾਣਾ ਨੇ ਪਿਛਲੇ ਸਾਲ ਮਾਰਚ ਵਿਚ ਆਪਣੇ ਵਿਆਹ ਵਿਚ ਦਾੜ੍ਹੀ ਰੱਖਣ ਦੀ ਇਜਾਜ਼ਤ ਮੰਗੀ ਸੀ। ਹਾਲਾਂਕਿ, ਉਸਦੀ ਬੇਨਤੀ ਨੂੰ ਇਸ ਅਧਾਰ 'ਤੇ ਰੱਦ ਕਰ ਦਿੱਤਾ ਗਿਆ ਸੀ ਕਿ ਗੈਸ ਮਾਸਕ ਪਹਿਨਣ ਦੀ ਜ਼ਰੂਰਤ ਪੈਣ 'ਤੇ ਦਾੜ੍ਹੀ ਰੱਖਣ ਨਾਲ ਸੁਰੱਖਿਆ ਜ਼ੋਖ਼ਮ ਪੈਦਾ ਹੋ ਸਕਦਾ ਹੈ।

ਇੱਥੇ ਭਾਰਤੀ ਅਧਿਕਾਰੀਆਂ ਨੇ ਇਹ ਮੁੱਦਾ ਨਿਊਯਾਰਕ ਰਾਜ ਦੇ ਗਵਰਨਰ ਦੇ ਦਫ਼ਤਰ ਕੋਲ ਉਠਾਇਆ ਅਤੇ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਇਹ ਮਾਮਲਾ ਬਾਇਡਨ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਕੋਲ ਉਠਾਇਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਨਿਊਯਾਰਕ ਸਟੇਟ ਪੁਲਿਸ ਅਤੇ ਗਵਰਨਰ ਦਫ਼ਤਰ ਵੀ ਇਸ 'ਤੇ ਕੰਮ ਕਰ ਰਹੇ ਹਨ। ਨਿਊਯਾਰਕ ਸਟੇਟ ਅਸੈਂਬਲੀ ਵਿਚ ਕੁਈਨਜ਼ ਦੀ ਨੁਮਾਇੰਦਗੀ ਕਰ ਰਹੇ ਅਸੈਂਬਲੀਮੈਨ ਡੇਵਿਡ ਵੇਪ੍ਰਿਨ ਨੇ ਨਿਊਯਾਰਕ ਸਟੇਟ ਪੁਲਿਸ ਵਿਚ ਟਿਵਾਣਾ ਦੀ ਦਾੜ੍ਹੀ ਵਧਾਉਣ ਦੀ ਬੇਨਤੀ ਨੂੰ ਅਸਵੀਕਾਰ ਕਰਨ ਨੂੰ "ਧਾਰਮਿਕ ਵਿਤਕਰੇ ਦੀ ਇੱਕ ਚਿੰਤਾਜਨਕ ਘਟਨਾ" ਕਰਾਰ ਦਿੱਤਾ।


ਨਿਊਯਾਰਕ ਸਟੇਟ ਪੁਲਿਸ ਵੱਲੋਂ ਟਿਵਾਣਾ ਨੂੰ ਰਾਜ ਦੇ ਕਾਨੂੰਨ ਦੇ ਅਨੁਸਾਰ ਅਨੁਕੂਲਿਤ ਕਰਨ ਲਈ ਤੁਰੰਤ ਕਾਰਵਾਈ ਦੀ ਮੰਗ ਕਰਦੇ ਹੋਏ ਵੇਪ੍ਰਿਨ ਨੇ ਕਿਹਾ, "ਸਪੱਸ਼ਟ ਤੌਰ 'ਤੇ ਮੈਂ ਇਨ੍ਹਾਂ ਪੱਖਪਾਤੀ ਕਾਰਵਾਈਆਂ ਅਤੇ ਰਾਜ ਦੇ ਕਾਨੂੰਨ ਦੀ ਸਪੱਸ਼ਟ ਉਲੰਘਣਾ ਤੋਂ ਹੈਰਾਨ ਹਾਂ।"

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸੰਧੂ ਅਤੇ ਵਿਦੇਸ਼ ਮੰਤਰੀ ਐੱਸ, ਜੈਸ਼ੰਕਰ ਨੂੰ ਪੱਤਰ ਲਿਖ ਕੇ ਸਿੱਖ ਫੌਜੀਆਂ ਨੂੰ ਵਾਲ ਕੱਟਣ ਲਈ ਮਜਬੂਰ ਕਰਨ ਦੀ ਨਿਊਯਾਰਕ ਸਟੇਟ ਪੁਲਿਸ ਦੀ ਪੱਖਪਾਤੀ ਨੀਤੀ 'ਤੇ ਸਖ਼ਤ ਇਤਰਾਜ਼ ਜਤਾਇਆ ਸੀ। 2016 ਵਿਚ, ਦੇਸ਼ ਦੀ ਸਭ ਤੋਂ ਵੱਡੀ ਪੁਲਿਸ ਫੋਰਸ, ਨਿਊਯਾਰਕ ਸਿਟੀ ਪੁਲਿਸ ਡਿਪਾਰਟਮੈਂਟ ਨੇ ਐਲਾਨ ਕੀਤਾ ਸੀ ਕਿ ਉਹ ਸਿੱਖ ਅਫਸਰਾਂ ਨੂੰ ਵਰਦੀ ਵਿਚ ਦਾੜ੍ਹੀ ਅਤੇ ਪਗੜੀ ਪਹਿਨਣ ਦੀ ਆਗਿਆ ਦੇਵੇਗੀ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : **www.punjabmailusa.com**

# ਭਾਰਤ ਨੇ ਨਿਊਯਾਰਕ 'ਚ ਸਿੱਖ ਪੁਲਿਸ ਅਧਿਕਾਰੀ ਨੂੰ ਦਾੜ੍ਹੀ ਰੱਖਣ ਤੋਂ ਰੋਕਣ ਦਾ ਮਾਮਲਾ ਬਾਇਡਨ ਪ੍ਰਸ਼ਾਸਨ ਕੋਲ ਉਠਾਇਆ

**ਨਿਊਯਾਰਕ, (ਪੰਜਾਬ ਮੇਲ)**- ਵਾਸ਼ਿੰਗਟਨ ਸਥਿਤ ਭਾਰਤੀ ਸਫ਼ਾਰਤਖਾਨੇ ਨੇ ਨਿਊਯਾਰਕ ਰਾਜ ਦੇ ਪੁਲਿਸ ਜਵਾਨ ਨੂੰ ਦਾੜ੍ਹੀ ਰੱਖਣ ਤੋਂ ਰੋਕਣ ਦਾ ਮਾਮਲਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਕੋਲ ਉਠਾਇਆ ਹੈ। ਨਿਊਯਾਰਕ ਸਟੇਟ ਦੇ ਫੌਜੀ ਚਰਨਜੋਤ ਟਿਵਾਣਾ ਨੇ ਪਿਛਲੇ ਸਾਲ ਮਾਰਚ ਵਿਚ ਆਪਣੇ ਵਿਆਹ ਮੌਕੇ ਦਾੜ੍ਹੀ ਰੱਖਣ ਦੀ ਇਜਾਜ਼ਤ ਮੰਗੀ ਸੀ। ਉਸ ਦੀ ਬੇਨਤੀ ਨੂੰ ਇਸ ਆਧਾਰ 'ਤੇ ਰੱਦ ਕਰ ਦਿੱਤਾ ਗਿਆ ਸੀ ਕਿ ਲੋੜ ਪੈਣ 'ਤੇ ਗੈਸ ਮਾਸਕ ਪਹਿਨਣ ਮੌਕੇ ਦਾੜ੍ਹੀ ਕਾਰਨ ਸੁਰੱਖਿਆ ਜ਼ੋਖਮ ਪੈਦਾ ਹੋ ਸਕਦਾ ਹੈ। ਇੱਥੇ ਭਾਰਤੀ ਅਧਿਕਾਰੀਆਂ ਨੇ ਇਹ ਮੁੱਦਾ ਨਿਊਯਾਰਕ ਰਾਜ ਦੇ ਗਵਰਨਰ ਦੇ ਦਫ਼ਤਰ ਕੋਲ ਉਠਾਇਆ ਅਤੇ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਇਹ ਮਾਮਲਾ ਬਾਇਡਨ ਪ੍ਰਸ਼ਾਸਨ ਦੇ ਸੀਨੀਅਰ ਕੋਲ ਉਠਾਇਆ। ਅਧਿਕਾਰੀਆਂ ਨੇ ਦੱਸਿਆ ਕਿ ਨਿਊਯਾਰਕ ਸਟੇਟ ਪੁਲਿਸ ਅਤੇ ਗਵਰਨਰ ਦਫ਼ਤਰ ਵੀ ਇਸ 'ਤੇ ਕੰਮ ਕਰ ਰਹੇ ਹਨ।




ਸਫਾ 1 ਦਾ ਬਾਕੀ

## ਅਮਰੀਕਾ 'ਚ 46 ਹਜ਼ਾਰ ਤੋਂ ਵੱਧ ਪ੍ਰਵਾਸੀ ਨਾਗਰਿਕ ਗ੍ਰਿਫ਼ਤਾਰ...

ਈ.ਆਰ.ਓ. ਦੇ ਕਰਮਚਾਰੀਆਂ ਵਿਚ 7700 ਤੋਂ ਵੱਧ ਕਾਨੂੰਨ ਲਾਗੂ ਕਰਨ ਵਾਲੇ ਅਤੇ ਗੈਰ ਕਾਨੂੰਨ ਲਾਗੂ ਕਰਨ ਵਾਲੇ ਸਹਾਇਤਾ ਕਰਮਚਾਰੀ 25 ਘਰੇਲੂ ਫੀਲਡ ਦਫਤਰਾਂ ਅਤੇ ਦੇਸ਼ ਭਰ ਵਿਚ 208 ਸਥਾਨਾਂ, 30 ਵਿਦੇਸ਼ੀ ਪੋਸਟਿੰਗਾਂ ਅਤੇ ਸਰਹੱਦ ਦੇ ਨਾਲ ਕਈ ਅਸਥਾਈ ਡਿਊਟੀ ਯਾਤਰਾ ਅਸਾਈਨਮੈਂਟਾਂ ਵਿਚ ਸ਼ਾਮਲ ਹਨ।

ਡਿਪੋਰਟ ਕਰਨ ਦੀ ਕਾਰਵਾਈ ਵਿਚ ਰੱਖੇ ਗਏ ਗੈਰ-ਨਾਗਰਿਕਾਂ ਨੂੰ ਇਮੀਗ੍ਰੇਸ਼ਨ ਅਦਾਲਤਾਂ ਵਿੱਚ ਸੰਘੀ ਇਮੀਗ੍ਰੇਸ਼ਨ ਜੱਜਾਂ ਤੋਂ ਉਨ੍ਹਾਂ ਦੀ ਕਾਨੂੰਨੀ ਬਣਦੀ ਪ੍ਰਕਿਰਿਆ ਪ੍ਰਾਪਤ ਹੁੰਦੀ ਹੈ, ਜੋ ਕਿ ਨਿਆਂ ਵਿਭਾਗ ਦੇ ਅੰਦਰ EOIR ਦੁਆਰਾ ਨਿਯੰਤਰਿਤ ਕੀਤੀ ਜਾਂਦੀ ਹੈ। EOIR ਯੂ.ਐੱਸ. ਡਿਪਾਰਟਮੈਂਟ ਆਫ ਹੋਮਲੈਂਡ ਸਿਕਿਓਰਿਟੀ (ਡੀ.ਐੱਚ.ਐੱਸ.) ਅਤੇ ਆਈ.ਸੀ.ਈ. ਤੋਂ ਵੱਖਰੀ ਇਕਾਈ ਹੈ। ਇਨ੍ਹਾਂ ਅਦਾਲਤਾਂ ਵਿਚ ਇਮੀਗ੍ਰੇਸ਼ਨ ਜੱਜ ਹਰੇਕ ਵਿਅਕਤੀਗਤ ਕੇਸ ਦੇ ਗੁਣਾਂ ਦੇ ਆਧਾਰ 'ਤੇ ਫੈਸਲੇ ਲੈਂਦੇ ਹਨ, ਇਹ ਨਿਰਧਾਰਿਤ ਕਰਦੇ ਹੋਏ ਕਿ ਕੀ ਕੋਈ ਗੈਰ-ਨਾਗਰਿਕ ਨੂੰ ਹਟਾਉਣ ਦੇ ਅੰਤਮ ਆਦੇਸ਼ ਦੇ ਅਧੀਨ ਹੈ ਜਾਂ ਹਟਾਉਣ ਤੋਂ ਰਾਹਤ ਦੇ ਕੁਝ ਰੂਪਾਂ ਲਈ ਯੋਗ ਹੈ। ਇੱਕ ਵਾਰ ਜਦੋਂ ਇੱਕ ਗੈਰ-ਨਾਗਰਿਕ ਨੂੰ ਕਿਸੇ ਇਮੀਗ੍ਰੇਸ਼ਨ ਜੱਜ ਜਾਂ ਹੋਰ ਕਾਨੂੰਨੀ ਤਰੀਕਿਆਂ ਦੁਆਰਾ ਜਾਰੀ ਕੀਤੇ ਹਟਾਉਣ ਦੇ ਅੰਤਮ ਆਦੇਸ਼ ਦੇ ਅਧੀਨ ਹੋ ਜਾਂਦਾ ਹੈ, ਤਾਂ ਆਈ.ਸੀ.ਈ. ਅਧਿਕਾਰੀ ਹਟਾਉਣ ਨੂੰ ਪੂਰਾ ਕਰ ਸਕਦੇ ਹਨ। ਆਈ.ਸੀ.ਈ. ਅਧਿਕਾਰੀ ਇੱਕ ਪੇਸ਼ੇਵਰ ਅਤੇ ਜ਼ਿੰਮੇਵਾਰ ਤਰੀਕੇ ਨਾਲ ਕੇਸ-ਦਰ-ਕੇਸ ਦੇ ਆਧਾਰ 'ਤੇ ਲਾਗੂ ਕਰਨ ਦੇ ਫੈਸਲੇ ਲੈਂਦੇ ਹਨ, ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੇ ਤੌਰ 'ਤੇ ਉਨ੍ਹਾਂ ਦੇ ਤਜ਼ਰਬੇ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਅਤੇ ਇਸ ਤਰੀਕੇ ਨਾਲ ਕਿ ਦੇਸ਼ ਲਈ ਸਭ ਤੋਂ ਵੱਡੇ ਖਤਰਿਆਂ ਤੋਂ ਸਭ ਤੋਂ ਵਧੀਆ ਰੱਖਿਆ ਕਰਦਾ ਹੈ।

ਸਫਾ 1 ਦਾ ਬਾਕੀ

## ਨਿਊਯਾਰਕ ਸਿਟੀ ਦੇ ਮੇਅਰ ਵੱਲੋਂ ਪ੍ਰਵਾਸੀਆਂ ਨੂੰ ਰੱਖਣ ਦੀ ਬਣ ਰਹੀ...

ਇਨ੍ਹਾਂ ਨੂੰ ਰੱਖਣ ਲਈ ਈਸਟ ਰਿਵਰ ਦੇ ਇੱਕ ਟਾਪੂ ਤੋਂ ਇਲਾਵਾ, ਮੈਨਹੱਟਨ, ਕੁਇਨਜ਼, ਬ੍ਰੌਂਕਸ, ਰੈਂਡਲਸ ਅਤੇ ਹੋਟਲ, ਮੋਟਲ ਆਦਿ ਥਾਵਾਂ 'ਤੇ ਵੀ ਇੰਤਜ਼ਾਮ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਭਾਰੀ ਗਿਣਤੀ 'ਚ ਆ ਰਹੇ ਸ਼ਰਨਾਰਥੀਆਂ ਬਾਰੇ ਚਿੰਤਾ ਪ੍ਰਗਟਾਈ ਸੀ ਅਤੇ ਇਸ ਬਾਰੇ ਫੈਡਰਲ ਤੋਂ ਮਦਦ ਵੀ ਮੰਗੀ ਸੀ।

ਸਫਾ 1 ਦਾ ਬਾਕੀ

## ਗੈਰ ਪ੍ਰਵਾਸੀਆਂ ਦੀ ਵੱਧ ਆਮਦ ਕਾਰਨ ਮੈਸੇਚਿਊਸੇਟਸ ਦੀ ਗਵਰਨਰ

ਕਰਨ ਵਿਚ ਦੇਰੀ ਕਾਰਨ ਮੁਸ਼ਕਲ ਹੋਰ ਵਧ ਰਹੀ ਹੈ। ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.), ਵਰਕ ਪਰਮਿਟਾਂ ਨੂੰ ਮਨਜ਼ੂਰੀ ਦੇਣ ਅਤੇ ਨਵਿਆਉਣ ਲਈ ਜ਼ਿੰਮੇਵਾਰ ਏਜੰਸੀ, ਕੋਵਿਡ ਮਹਾਂਮਾਰੀ 'ਤੇ ਦੇਰੀ ਨੂੰ ਜ਼ਿੰਮੇਵਾਰ ਠਹਿਰਾਉਂਦੀ ਹੈ, ਜਿਸ ਨੇ ਕਿਹਾ ਕਿ ਇਸ ਦੇ ਸਰੋਤਾਂ ਵਿਚ ਤਣਾਅ ਅਤੇ ਪ੍ਰਕਿਰਿਆਵਾਂ ਵਿਚ ਵਿਘਨ ਪਿਆ। ਉਨ੍ਹਾਂ ਕਿਹਾ ਕਿ ਮੈਸੇਚਿਊਸੇਟਸ ਇਕਲੌਤਾ ਅਜਿਹਾ ਰਾਜ ਹੈ, ਜਿਸ ਕੋਲ "ਆਸਰਾ ਦਾ ਅਧਿਕਾਰ" ਕਾਨੂੰਨ ਹੈ, ਜਿਸ ਲਈ ਯੋਗ ਪਰਿਵਾਰਾਂ ਨੂੰ ਤੁਰੰਤ ਰਿਹਾਇਸ਼ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ।

ਜ਼ਿਕਰਯੋਗ ਹੈ ਕਿ ਅੱਜਕੱਲ੍ਹ ਮੈਕਸੀਕੋ ਬਾਰਡਰ ਤੋਂ ਭਾਰੀ ਗਿਣਤੀ ਵਿਚ ਪ੍ਰਵਾਸੀ ਅਮਰੀਕਾ ਵਿਚ ਦਾਖਲ ਹੋ ਰਹੇ ਹਨ ਅਤੇ ਅਮਰੀਕਾ ਦੀਆਂ ਵੱਖ-ਵੱਖ ਸਟੇਟਾਂ ਵਿਚ ਜਾ ਰਹੇ ਹਨ, ਜਿਸ ਕਰਕੇ ਇੱਥੇ ਬੇਰੁਜ਼ਗਾਰੀ ਪੈਦਾ ਹੋਣ ਦੀ ਸ਼ੰਕਾ ਜ਼ਾਹਿਰ ਕੀਤੀ ਜਾ ਰਹੀ ਹੈ।

ਸਫਾ 1 ਦਾ ਬਾਕੀ

## ਮੁੱਖ ਮੰਤਰੀ ਵੱਲੋਂ 13 ਉੱਘੀਆਂ ਸ਼ਖ਼ਸੀਅਤਾਂ ਦਾ ਸਟੇਟ ਐਵਾਰਡ ਨਾਲ...

ਜਲੰਧਰ ਦੇ ਸਲੀਮ ਮੁਹੰਮਦ, ਪਟਿਆਲਾ ਦੀ ਸਾਇੰਸ ਮਿਸਟ੍ਰੈਸ ਗਗਨਦੀਪ ਕੌਰ, ਬਰਨਾਲਾ ਦੇ ਸਾਇੰਸ ਮਾਸਟਰ ਸੁਖਪਾਲ ਸਿੰਘ, ਸਿਵਲ ਮਿਲਟਰੀ ਅਫੇਅਰਜ਼ ਹੈੱਡ ਕੁਆਟਰਜ਼ ਵੈਸਟਰਨ ਕਮਾਂਡ ਦੇ ਐਡਵਾਈਜ਼ਰ-ਕਮ-ਪ੍ਰਿੰਸੀਪਲ ਡਾਇਰੈਕਟਰ ਕਰਨਲ ਜਸਦੀਪ ਸੰਧੂ ਅਤੇ ਐੱਨ.ਡੀ.ਆਰ.ਐੱਫ. ਬਠਿੰਡਾ ਦੀ ਸੱਤਵੀਂ ਬਟਾਲੀਅਨ ਦੇ ਕਮਾਂਡੈਂਟ ਸੰਤੋਸ਼ ਕੁਮਾਰ ਨੂੰ ਸਰਟੀਫਿਕੇਟ ਤੇ ਨਕਦ ਇਨਾਮ ਨਾਲ ਸਨਮਾਨਿਤ ਕੀਤਾ। ਮੁੱਖ ਮੰਤਰੀ ਨੇ ਸ਼ਾਨਦਾਰ ਸੇਵਾਵਾਂ ਦੇਣ ਵਾਲੇ 19 ਪੁਲਿਸ ਅਧਿਕਾਰੀਆਂ/ਮੁਲਾਜ਼ਮਾਂ ਦਾ ਮੁੱਖ ਮੰਤਰੀ ਪੁਲਿਸ ਮੈਡਲ ਨਾਲ ਸਨਮਾਨ ਕੀਤਾ। ਇਨ੍ਹਾਂ ਵਿਚ ਏ.ਜੀ.ਟੀ.ਐੱਫ. ਦੇ ਏ.ਆਈ.ਜੀ. ਸੰਦੀਪ ਗੋਇਲ, ਏ.ਜੀ.ਟੀ.ਐੱਫ. ਦੇ ਡੀ.ਐੱਸ.ਪੀ. ਬਿਕਰਮਜੀਤ ਸਿੰਘ ਬਰਾੜ, ਇੰਸਪੈਕਟਰ ਪੁਸ਼ਵਿੰਦਰ ਸਿੰਘ, ਸਿਪਾਹੀ ਨਵਨੀਤ ਸਿੰਘ, ਐੱਸ.ਐੱਸ.ਪੀ. ਫ਼ਿਰੋਜ਼ਪੁਰ ਭੁਪਿੰਦਰ ਸਿੰਘ, ਏ.ਆਈ.ਜੀ. ਸੀ.ਆਈ.ਡੀ. ਆਲਮ ਵਿਜੈ ਸਿੰਘ, ਐੱਸ.ਪੀ. ਇਨਵੈਸਟੀਗੇਸ਼ਨ ਤਰਨ ਤਾਰਨ ਵਿਸ਼ਾਲਜੀਤ ਸਿੰਘ, ਡੀ.ਐੱਸ.ਪੀ. ਐੱਸ.ਟੀ.ਐੱਫ. ਲੁਧਿਆਣਾ ਦਵਿੰਦਰ ਕੁਮਾਰ, ਡੀ.ਐੱਸ.ਪੀ. ਸੰਜੀਵਨ ਗੁਰੂ, ਡੀ.ਐੱਸ.ਪੀ. ਫਲਾਇੰਗ ਸਕੁਐਡ ਵਿਜੀਲੈਂਸ ਬਿਊਰੋ ਬਰਿੰਦਰ ਸਿੰਘ, ਡੀ.ਐੱਸ.ਪੀ. ਸੁਭਾਸ਼ ਚੰਦਰ, ਇੰਸਪੈਕਟਰ ਸ਼ਿਵ ਕੁਮਾਰ, ਸਬ ਇੰਸਪੈਕਟਰ ਗੁਰਿੰਦਰ ਸਿੰਘ, ਸਬ ਇੰਸਪੈਕਟਰ ਸੁਰੇਸ਼ ਕੁਮਾਰ, ਸਬ ਇੰਸਪੈਕਟਰ ਅਕਸ਼ਿਆਦੀਪ ਸਿੰਘ, ਏ.ਐੱਸ.ਆਈ. ਇਕਬਾਲ ਸਿੰਘ, ਏ.ਐੱਸ.ਆਈ. ਹਰਵਿੰਦਰ ਸਿੰਘ, ਏ.ਐੱਸ.ਆਈ. ਦਿਨੇਸ਼ ਕੁਮਾਰ ਤੇ ਏ.ਐਸ.ਆਈ. ਸੁਰਿੰਦਰ ਪਾਲ ਸਿੰਘ ਸ਼ਾਮਲ ਹਨ।

# ਸੰਤੋਖ ਸਿੰਘ ਕਤਲ ਕੇਸ: ਏ.ਜੀ.ਟੀ.ਐੱਫ. ਵੱਲੋਂ ਮੋਗਾ ਪੁਲਿਸ ਨਾਲ ਮਿਲ ਕੇ ਮੁੱਖ ਸ਼ੂਟਰ ਗੋਪੀ ਡੱਲੇਵਾਲੀਆ ਗ੍ਰਿਫ਼ਤਾਰ

- ਪਿਸਤੌਲ ਬਰਾਮਦ, ਪੰਜਾਬ ਪੁਲਿਸ ਮੁੱਖ ਮੰਤਰੀ ਭਗਵੰਤ ਮਾਨ ਦੀ ਸੋਚ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਚਨਬੱਧ
- ਗੈਂਗਸਟਰ ਗੋਪੀ ਡੱਲੇਵਾਲੀਆ ਚਾਰ ਮਾਮਲਿਆਂ ਵਿਚ ਦੋਸ਼ੀ ਕਰਾਰ, 2016 ਦੇ ਗੁਰਾਇਆ ਕਤਲ ਕੇਸ ਵਿਚ ਭਗੌੜਾ




**ਚੰਡੀਗੜ੍ਹ/ਮੋਗਾ, (ਪੰਜਾਬ ਮੇਲ)-** ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐੱਫ.) ਨੇ ਮੋਗਾ ਪੁਲਿਸ ਨਾਲ ਸਾਂਝੇ ਤੌਰ 'ਤੇ ਕਾਰਵਾਈ ਕਰਦਿਆਂ ਗੈਂਗਸਟਰ ਗੁਰਪ੍ਰੀਤ ਸਿੰਘ ਉਰਫ ਗੋਪੀ ਡੱਲੇਵਾਲੀਆ ਨੂੰ ਗ੍ਰਿਫਤਾਰ ਕੀਤਾ ਹੈ, ਜੋ ਕਿ ਸੰਤੋਖ ਸਿੰਘ ਕਤਲ ਕਾਂਡ ਵਿਚ ਮੁੱਖ ਸ਼ੂਟਰ ਸੀ। ਇਹ ਜਾਣਕਾਰੀ ਡੀ.ਜੀ.ਪੀ. ਗੌਰਵ ਯਾਦਵ ਨੇ ਦਿੰਦਿਆਂ ਦੱਸਿਆ ਕਿ ਮੁਲਜ਼ਮ ਗੋਪੀ ਡੱਲੇਵਾਲੀਆ, ਜੋ ਕਿ ਜਲੰਧਰ ਦੇ ਪਿੰਡ ਡੱਲੇਵਾਲ ਦਾ ਰਹਿਣ ਵਾਲਾ ਹੈ, ਗੋਰੂ ਬੱਚਾ ਗਰੋਹ ਦਾ ਮੈਂਬਰ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਉਸ ਦੇ ਕਬਜ਼ੇ ਵਿਚੋਂ ਇੱਕ ਪਿਸਤੌਲ ਅਤੇ ਪੰਜ ਕਾਰਤੂਸ ਵੀ ਬਰਾਮਦ ਕੀਤੇ ਹਨ।

ਇਹ ਕਾਰਵਾਈ ਪੰਜਾਬ ਪੁਲਿਸ ਵੱਲੋਂ ਤਿੰਨ ਸ਼ੂਟਰਾਂ, ਜਿਨ੍ਹਾਂ ਦੀ ਪਛਾਣ ਨਿਰਮਲ ਸਿੰਘ ਉਰਫ਼ ਨਿੰਮਾ, ਅਪ੍ਰੈਲ ਸਿੰਘ ਉਰਫ਼ ਸ਼ੇਰਾ ਅਤੇ ਜਸਕਰਨ ਸਿੰਘ ਉਰਫ਼ ਕਰਨ ਵਜੋਂ ਕੀਤੀ ਗਈ ਸੀ, ਨੂੰ ਗ੍ਰਿਫਤਾਰ ਕਰਨ ਤੋਂ 15 ਦਿਨਾਂ ਬਾਅਦ ਅਮਲ ਵਿਚ ਲਿਆਂਦੀ ਗਈ। ਪੁਲਿਸ ਨੇ ਉਨ੍ਹਾਂ ਦੇ ਕਬਜ਼ੇ 'ਚੋਂ ਅਪਰਾਧ ਵਿਚ ਵਰਤੇ ਗਏ ਤਿੰਨ .32 ਕੈਲੀਬਰ ਪਿਸਤੌਲਾਂ ਸਮੇਤ 10 ਜਿੰਦਾ ਕਾਰਤੂਸ ਅਤੇ ਇੱਕ ਹੁੰਡਈ ਵਰਨਾ ਕਾਰ ਬਰਾਮਦ ਕੀਤੀ ਸੀ। ਦੱਸਣਯੋਗ ਹੈ ਕਿ ਚਾਰ ਹਮਲਾਵਰਾਂ ਨੇ ਮੋਗਾ ਵਿਚ 16 ਜੁਲਾਈ, 2023 ਨੂੰ ਸੰਤੋਖ ਸਿੰਘ ਦੇ ਘਰ ਵਿਚ ਵੜ ਕੇ ਉਸਦਾ ਕਤਲ ਕਰ ਦਿੱਤਾ ਸੀ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਭਰੋਸੇਮੰਦ ਸੂਤਰ ਮਿਲਣ ਉਪਰੰਤ ਏ.ਡੀ.ਜੀ.ਪੀ. ਪ੍ਰਮੋਦ ਬਾਨ ਦੀ ਸਮੁੱਚੀ ਨਿਗਰਾਨੀ ਹੇਠ ਏ.ਜੀ.ਟੀ.ਐਫ. ਦੀ ਟੀਮ ਨੇ ਮੋਗਾ ਪੁਲਿਸ ਨਾਲ ਮਿਲ ਕੇ ਗੋਪੀ ਡੱਲੇਵਾਲੀਆ ਨੂੰ ਜਲੰਧਰ ਦੇ ਮਹਿਤਪੁਰ ਖੇਤਰ ਤੋਂ ਗ੍ਰਿਫਤਾਰ ਕੀਤਾ ਹੈ। ਗ੍ਰਿਫ਼ਤਾਰ ਵਿਅਕਤੀ ਚਾਰ ਅਪਰਾਧਿਕ ਮਾਮਲਿਆਂ ਵਿੱਚ ਦੋਸ਼ੀ ਹੈ ਅਤੇ ਉਸਨੂੰ 2016 ਦੇ ਗੁਰਾਇਆ ਕਤਲ ਕਾਂਡ ਵਿਚ ਭਗੌੜਾ ਕਰਾਰ ਦਿੱਤਾ ਗਿਆ ਸੀ।

# ਇੰਗਲਿਸ਼ ਚੈਨਲ 'ਚ ਕਿਸ਼ਤੀ ਪਲਟਣ ਕਾਰਨ 6 ਲੋਕਾਂ ਦੀ ਮੌਤ



- 65 ਲੋਕ ਸਨ ਸਵਾਰ; 50 ਲੋਕਾਂ ਨੂੰ ਬਚਾਇਆ ਗਿਆ

**ਲੰਡਨ, (ਪੰਜਾਬ ਮੇਲ)-** ਇੰਗਲਿਸ਼ ਚੈਨਲ ਵਿਚ ਇਕ ਕਿਸ਼ਤੀ ਪਲਟ ਗਈ ਜਿਸ ਨਾਲ 6 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਅਜੇ 2 ਲੋਕ ਲਾਪਤਾ ਹਨ। ਹਾਦਸੇ ਵਿਚ ਬਚੇ ਲੋਕਾਂ ਮੁਤਾਬਕ ਕਿਸ਼ਤੀ ਵਿਚ 65 ਲੋਕ ਸਵਾਰ ਸਨ। ਬ੍ਰਿਟੇਨ ਦੀ ਗ੍ਰਹਿ ਸਕੱਤਰ ਬ੍ਰੇਵਰਮੈਨ ਤੇ ਫਰਾਂਸ ਦੀ ਪ੍ਰਧਾਨ ਮੰਤਰੀ ਬੋਰਨ ਨੇ ਪੀੜਤਾਂ ਪ੍ਰਤੀ ਹਮਦਰਦੀ ਪ੍ਰਗਟ ਕੀਤੀ ਹੈ।

ਮੇਅਰ ਫ੍ਰੈਂਕ ਡੇਰਸਿਨ ਨੇ ਟਵੀਟ ਕਰਕੇ ਹਾਦਸੇ ਦੀ ਜਾਣਕਾਰੀ ਦਿੱਤੀ। ਉਨ੍ਹਾਂ ਟਵੀਟ ਕਰਕੇ ਕਿਹਾ ਕਿ ਕੈਲਾਇਸ/ਵਿਸੈਂਟ ਕਿਨਾਰੇ 'ਤੇ ਇਕ ਹੋਰ ਹਾਦਸਾ ਹੋ ਗਿਆ। ਹਾਦਸੇ ਵਿਚ ਕਈ ਪ੍ਰਵਾਸੀ ਡੁੱਬ ਗਏ ਹਨ। ਇੰਗਲਿਸ਼ ਚੈਨਲ 'ਤੇ ਆਏ ਦਿਨ ਹੋਏ ਹਾਦਸਿਆਂ ਕਾਰਨ ਮੇਅਰ ਨੇ ਟਵੀਟ ਕਰਕੇ ਕਿਹਾ ਕਿ ਸਾਨੂੰ ਇਕ ਦਿਨ ਚੈਨਸ ਤੇ ਭੂਮੱਧ ਸਾਗਰ ਵਿਚ ਹੋ ਰਹੀਆਂ ਮੌਤਾਂ ਦੇ ਅੰਕੜਿਆਂ ਨੂੰ ਰਿਕਾਰਡ ਕਰਨਾ ਬੰਦ ਕਰਨਾ ਪਵੇਗਾ। ਹਾਦਸੇ ਦੇ ਪੀੜਤ ਲੋਕਾਂ ਨੇ ਦੱਸਿਆ ਕਿ ਕਿਸ਼ਤੀ ਵਿਚ ਲਗਭਗ 65 ਲੋਕ ਸਵਾਰ ਸਨ। 20 ਤੋਂ ਜ਼ਿਆਦਾ ਲੋਕਾਂ ਨੂੰ ਬ੍ਰਿਟਿਸ਼ ਅਧਿਕਾਰੀ ਡੋਵਰ ਲੈ ਗਏ ਹਨ।



# ਪੰਚਾਇਤਾਂ ਭੰਗ ਕਰਨਾ ਗੈਰ-ਲੋਕਤੰਤਰਿਕ





ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)


ਪੰਜਾਬ ਸਰਕਾਰ ਵਲੋਂ ਸਥਾਨਕ ਸਰਕਾਰਾਂ ਕਹਾਉਂਦੀਆਂ ਪਿੰਡ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਨੂੰ ਉਨ੍ਹਾਂ ਦੀ 5 ਸਾਲ ਦੀ ਮਿਆਦ ਖ਼ਤਮ ਹੋਣ ਤੋਂ 4-5 ਮਹੀਨੇ ਪਹਿਲਾਂ ਹੀ ਭੰਗ ਕਰ ਦਿੱਤਾ ਹੈ। ਇੱਕ ਨੋਟੀਫੀਕੇਸ਼ਨ ਰਾਹੀਂ ਸਰਪੰਚਾਂ ਦੀ ਥਾਂ ਅਫ਼ਸਰਸ਼ਾਹੀ ਉਨ੍ਹਾਂ ਦੇ ਅਧਿਕਾਰਾਂ ਦੀ ਵਰਤੋਂ ਕਰੇਗੀ ਅਤੇ ਪੰਚਾਇਤਾਂ ਉਤੇ ਪ੍ਰਬੰਧਕ ਪ੍ਰਸ਼ਾਸਕ ਲਗਾ ਦਿੱਤੇ ਗਏ ਹਨ। ਇੱਕ ਹੋਰ ਨੋਟੀਫੀਕੇਸ਼ਨ ਜਾਂ ਪੱਤਰ ਰਾਹੀਂ ਸਰਪੰਚਾਂ ਨੂੰ ਪੰਚਾਇਤ ਖਾਤਿਆਂ ਵਿਚੋਂ ਕੋਈ ਵੀ ਲੈਣ-ਦੇਣ ਕਰਨ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ।

ਪੰਜਾਬ ਦਾ ਪੇਂਡੂ ਪੰਚਾਇਤੀ ਢਾਂਚਾ ਲੜਖੜਾ ਗਿਆ ਹੈ। ਪੰਜਾਬ ਸਰਕਾਰ ਉਤੇ ਵੱਡੇ ਸਵਾਲ ਉੱਠਣ ਲੱਗੇ ਹਨ ਕਿ ਸਰਕਾਰ ਦਾ ਇਹ ਫੈਸਲਾ ਗੈਰ-ਲੋਕਤੰਤਰੀ ਹੈ, ਕਿ ਜਦੋਂ ਗ੍ਰਾਮ ਸਭਾਵਾਂ (ਪਿੰਡ ਦੇ ਵੋਟਰਾਂ) ਨੇ 5 ਸਾਲ ਲਈ ਪੰਚਾਇਤਾਂ ਚੁਣੀਆਂ ਸਨ, ਆਪਣੀਆਂ ਸਥਾਨਕ ਸਰਕਾਰਾਂ ਬਣਾਈਆਂ ਸਨ, ਤਾਂ ਸਰਕਾਰ ਨੇ ਸਿਰਫ਼ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਸਥਾਨਕ ਸਰਕਾਰਾਂ ਕਿਉਂ ਭੰਗ ਕੀਤੀਆਂ ਹਨ?

ਮੌਜੂਦਾ ਸਮੇਂ ਪੰਜਾਬ ਵਿਚ 13,326 ਪਿੰਡ ਪੰਚਾਇਤਾਂ ਹਨ। ਕੁੱਲ ਮਿਲਾਕੇ 153 ਬਲਾਕ ਸੰਮਤੀਆਂ ਅਤੇ 23 ਜ਼ਿਲ੍ਹਾ ਪ੍ਰੀਸ਼ਦਾਂ ਹਨ। ਬਿਨ੍ਹਾਂ ਸ਼ੱਕ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀ ਮਿਆਦ ਤਾਂ ਪੂਰੀ ਹੋ ਗਈ ਸੀ, ਪਰ ਪੰਚਾਇਤਾਂ ਨੂੰ ਸਮੇਂ ਤੋਂ ਪਹਿਲਾਂ ਭੰਗ ਕੀਤੇ ਜਾਣ 'ਤੇ ਸਵਾਲ ਉਠਣੇ ਲਾਜ਼ਮੀ ਸਨ।

ਸਵਾਲ ਤਾਂ ਉਸ ਵੇਲੇ ਵੀ ਉਠੇ ਸਨ, ਜਦੋਂ ਕਾਂਗਰਸੀ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸਮੇਂ ਤੋਂ 2002 ਵਿਚ ਪੰਚਾਇਤਾਂ ਭੰਗ ਕਰ ਦਿੱਤੀਆਂ ਸਨ। ਪੰਜਾਬ 'ਚ ਪੰਚਾਇਤਾਂ ਜੂਨ 1998 'ਚ ਚੁਣੀਆਂ ਗਈਆਂ ਸਨ, ਪੰਚਾਇਤਾਂ ਦੀ ਪਹਿਲੀ ਮੀਟਿੰਗ ਅਗਸਤ 1998 'ਚ ਹੋਈ ਸੀ।

ਉਸ ਸਮੇਂ ਮਾਨਯੋਗ ਪੰਜਾਬ-ਹਰਿਆਣਾ ਹਾਈਕੋਰਟ ਚੰਗੀਗੜ੍ਹ ਨੇ ਸਮੇਂ ਤੋਂ ਪਹਿਲਾਂ ਭੰਗ ਕੀਤੀਆਂ ਪੰਚਾਇਤਾਂ ਸਬੰਧੀ ਫੈਸਲੇ 'ਚ ਕਿਹਾ ਸੀ ਕਿ ਕਾਂਗਰਸ ਦਾ ਰਾਜ ਭਾਗ ਆਉਣ ਦਾ ਭਾਵ ਇਹ ਨਹੀਂ ਹੈ ਕਿ ਚੁਣੀਆਂ ਹੋਈਆਂ ਪੰਚਾਇਤਾਂ ਸਮੇਂ ਤੋਂ ਪਹਿਲਾਂ ਭੰਗ ਕਰ ਦਿੱਤੀਆਂ ਜਾਣ। ਮਾਨਯੋਗ ਜੱਜ ਸਾਹਿਬਾਨ ਨੇ ਕਿਹਾ ਸੀ ਕਿ ਸੂਬਾ ਸਰਕਾਰ ਕੋਲ ਚੁਣੀਆਂ ਪੰਚਾਇਤਾਂ ਨੂੰ ਸਮੇਂ ਤੋਂ ਪਹਿਲਾਂ ਭੰਗ ਕਰਨ ਦਾ ਕੋਈ ਅਧਿਕਾਰ ਹੀ ਨਹੀਂ ਹੈ। ਭਾਵੇਂ ਕਿ ਜੱਜ ਸਾਹਿਬਾਨ ਨੇ ਕਈ ਹੋਰ ਤੱਥਾਂ ਨੂੰ ਵੀ ਸਪੱਸ਼ਟ ਕੀਤਾ ਸੀ।

ਜਦੋਂ ਵੀ ਪੰਜਾਬ 'ਚ ਸੂਬਾ ਸਰਕਾਰਾਂ 'ਚ ਸੱਤਾ ਤਬਦੀਲੀ ਹੋਈ, ਉਦੋਂ ਹੀ ਸਭ ਤੋਂ ਪਹਿਲਾਂ ਪੰਚਾਇਤਾਂ ਨੂੰ ਭੰਗ ਕਰ ਦਿੱਤਾ ਗਿਆ। ਭਾਵੇਂ ਉਹ ਸਰਕਾਰਾਂ ਕਾਂਗਰਸ ਦੀਆਂ ਸਨ ਜਾਂ ਅਕਾਲੀਆਂ ਦੀਆਂ ਜਾਂ ਹੁਣ ਆਮ ਆਦਮੀ ਪਾਰਟੀ ਦੀਆਂ।

ਇਥੇ ਸਵਾਲ ਤਾਂ ਇਹ ਉੱਠਦਾ ਹੈ ਕਿ ਆਮ ਆਦਮੀ ਪਾਰਟੀ ਜਾਂ ਸਰਕਾਰ ਜਿਹੜੀ ਲੋਕਾਂ ਨੂੰ ਸਵਾਲ ਖੜ੍ਹੇ ਕਰਨ ਦਾ ਸੱਦਾ ਦਿੰਦੀ ਹੋਈ ਪੰਜਾਬ 'ਚ ਤਾਕਤ ਵਿਚ ਆਈ ਸੀ, ਉਹ ਲੋਕਾਂ ਦਾ ਖਿਆਲ ਨਾ ਰੱਖਣ ਵਾਲੀਆਂ ਰਿਵਾਇਤੀ ਪਾਰਟੀਆਂ ਦੀ ਕਤਾਰ ਵਿਚ ਆਪ ਖੜ੍ਹੀ ਕਿਉਂ ਹੋ ਗਈ? ਸਵਾਲ ਇਹ ਵੀ ਉੱਠਦਾ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਤਾਂ ਆਮ ਆਦਮੀ ਪਾਰਟੀ ਪਿੰਡਾਂ 'ਚ ਗ੍ਰਾਮ ਸਭਾਵਾਂ ਦੇ ਆਦੇਸ਼ ਨਾਲ ਚਲਾਉਣ ਦਾ ਪੱਖ ਪੂਰਦੀ ਸੀ, ਪਰ ਸਰਕਾਰ ਵਲੋਂ ਗ੍ਰਾਮ ਸਭਾਵਾਂ ਭਾਵ ਪਿੰਡਾਂ ਦੇ ਵੋਟਰਾਂ ਤੋਂ ਪੰਚਾਇਤਾਂ ਸਮੇਂ ਤੋਂ ਪਹਿਲਾਂ ਭੰਗ ਕਰਨ ਦੀ ਸਲਾਹ ਲੈਣੀ ਵੀ ਗਨੀਮਤ ਨਹੀਂ ਸਮਝੀ।

ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 209 ਸਬ-ਸੈਕਸ਼ਨ (1) (ਪੰਜਾਬ ਐਕਟ 9 ਆਫ 1994) ਦੀ ਵਰਤੋਂ ਕਰਦਿਆਂ, ਸਮੇਂ ਤੋਂ ਪਹਿਲਾਂ ਪੰਚਾਇਤਾਂ ਭੰਗ ਕਰਨ ਦਾ ਕਾਰਨ ਦਸਣਾ ਜ਼ਰੂਰੀ ਹੁੰਦਾ ਹੈ।

ਹੋ ਸਕਦਾ ਹੈ ਕਿ ਸਰਕਾਰ ਪਿਛਲੀਆਂ ਸਰਕਾਰ ਸਮੇਂ ਚੁਣੀਆਂ ਪੰਚਾਇਤਾਂ ਦੇ ਕੰਮਕਾਰ ਤੋਂ ਖੁਸ਼ ਨਾ ਹੋਵੇ। ਇਹ ਵੀ ਸਰਕਾਰ ਮਹਿਸੂਸ ਕਰ ਰਹੀ ਹੋਵੇ ਕਿ ਪੰਚਾਇਤਾਂ 'ਚ ਭ੍ਰਿਸ਼ਟਾਚਾਰ ਫੈਲਿਆਂ ਹੋਇਆ ਹੈ ਅਤੇ ਬਹੁਤੇ ਸਰਪੰਚ, ਪੰਚਾਇਤੀ ਮੁਲਾਜ਼ਮਾਂ, ਅਫ਼ਸਰਾਂ ਨਾਲ ਰਲਕੇ ਫੰਡਾਂ ਦੀ ਦੁਰਵਰਤੋਂ ਕਰਦੇ ਹਨ ਪਰ ਹੁਣ ਜਦੋਂ ਸਰਪੰਚਾਂ ਜਾਂ ਪੰਚਾਇਤਾਂ ਨੂੰ ਨੁਕਰੇ ਲਾਕੇ, ਸਭੋ ਕੁਝ ਅਫ਼ਸਰਸ਼ਾਹੀ ਹੱਥ ਫੜਾ ਦਿੱਤਾ ਗਿਆ ਹੈ, ਤਾਂ ਕੀ ਫੰਡਾਂ ਦੀ ਦੁਰਵਰਤੋਂ, ਭ੍ਰਿਸ਼ਟਾਚਾਰ ਦਾ ਵਰਤਾਰਾ ਖ਼ਤਮ ਹੋ ਜਾਏਗਾ? ਉਂਜ ਦੱਸਣਾ ਤਾਂ ਬਣਦਾ ਹੀ ਸੀ ਕਿ ਪੰਚਾਇਤਾਂ ਕਿਸ ਲੋਕ ਹਿੱਤ ਵਿਚ ਭੰਗ ਕੀਤੀਆਂ ਗਈਆਂ ਹਨ।

ਦੇਸ਼ ਵਿਚ ਤਿੰਨ ਕਿਸਮ ਦੀਆਂ ਸਰਕਾਰਾਂ ਹਨ। ਕੇਂਦਰ ਸਰਕਾਰ, ਲੋਕਾਂ ਦੀ ਚੁਣੀ ਹੋਈ ਦੇਸ਼ ਦੀ ਸਰਕਾਰ। ਸੂਬਾ ਸਰਕਾਰ, ਸੂਬੇ ਦੇ ਲੋਕਾਂ ਦੀ ਚੋਣੀ ਹੋਈ ਸਰਕਾਰ। ਸਥਾਨਕ ਸਰਕਾਰਾਂ, ਭਾਵ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਪਿੰਡਾਂ ਲਈ ਅਤੇ ਨਗਰਪਾਲਿਕਾਵਾਂ ਆਦਿ ਸ਼ਹਿਰਾਂ ਲਈ, ਜੋ ਬਕਾਇਦਾ ਤੌਰ 'ਤੇ ਪੰਜ ਸਾਲਾਂ ਲਈ ਚੁਣੀਆਂ ਜਾਂਦੀਆਂ ਹਨ। ਭਾਰਤੀ ਸੰਵਿਧਾਨ 'ਚ ਤਿੰਨਾਂ ਸਰਕਾਰਾਂ ਦੀ ਵਿਵਸਥਾ ਹੈ। ਕੇਂਦਰ ਤੇ ਸੂਬਾ ਸਰਕਾਰ ਦੀਆਂ ਤਾਂ ਆਪੋ-ਆਪਣੀਆਂ ਸ਼ਕਤੀਆਂ ਹਨ। ਸੰਵਿਧਾਨ 'ਚ ਦਰਜ਼ ਹਨ। ਪੰਚਾਇਤੀ ਪ੍ਰਬੰਧ ਲਈ ਸੰਵਿਧਾਨ 'ਚ 73ਵੀਂ ਸੋਧ 1992 'ਚ ਕਰਕੇ ਪੰਚਾਇਤਾਂ ਨੂੰ ਵੀ ਬਰਾਬਰ ਦੇ ਅਧਿਕਾਰ ਹਨ।

ਜੇਕਰ ਸੂਬਾ ਸਰਕਾਰ ਭੰਗ ਕਰਨੀ ਹੈ, ਤਾਂ ਨਿਯਮ ਹਨ। ਸਰਕਾਰ ਦੇ ਨੁਮਾਇੰਦੇ ਸਮੇਂ ਤੋਂ ਪਹਿਲਾਂ ਭੰਗ ਕਰਨ ਲਈ ਮਤਾ ਪਾਸ ਕਰਦੇ ਹਨ। ਇਵੇਂ ਹੀ ਕੇਂਦਰ ਦੀ ਸਰਕਾਰ ਸਮੇਂ ਤੋਂ ਪਹਿਲਾਂ ਭੰਗ ਕਰਨ 'ਤੇ ਅਗਾਊਂ ਚੋਣਾਂ ਕਰਾਉਣ ਦੇ ਵੀ ਨਿਯਮ ਹਨ। ਸੰਵਿਧਾਨ ਦੀ ਧਾਰਾ 24-ਈ ਅਨੁਸਾਰ ਪੰਚਾਇਤਾਂ ਸਬੰਧੀ ਵੀ ਨਿਯਮ ਹਨ। ਜੇਕਰ ਕੇਂਦਰ 'ਚ ਚੁਣੇ ਮੈਂਬਰਾਂ ਦੀ ਹਾਊਸ ਭੰਗ ਕਰਨ ਦੀ ਸੁਣੀ ਜਾਂਦੀ ਹੈ, ਜੇਕਰ ਸੂਬੇ 'ਚ ਚੁਣੇ ਮੈਂਬਰਾਂ ਦੀ ਸਦਨ ਭੰਗ ਕਰਨ ਦੀ ਸੁਣੀ ਜਾਂਦੀ ਹੈ, ਤਾਂ ਬਰਾਬਰ ਦੇ ਅਧਿਕਾਰ ਮਿਲੇ ਹੋਣ ਦੇ ਬਾਵਜੂਦ ਵੀ ਸਥਾਨਕ ਸਰਕਾਰਾਂ ਨੂੰ ਭੰਗ ਕਰਨ ਦਾ ਆਪਹੁਦਰਾ ਅਤੇ ਗੈਰ ਸੰਵਿਧਾਨਿਕ ਕੰਮ ਕਿਉਂ ਕੀਤਾ ਜਾਂਦਾ ਹੈ।

ਪੰਚਾਇਤੀ ਰਾਜ ਪ੍ਰਬੰਧ ਨੂੰ ਸਹੀ ਢੰਗ ਨਾਲ ਲਾਗੂ ਕਰਨ ਵੱਲ 73ਵੀਂ ਸੋਧ ਵੱਡਾ ਕਦਮ ਕਿਹਾ ਗਿਆ। ਇਸ ਸੋਧ ਅਧੀਨ ਪੰਚਾਇਤਾਂ ਦੇ ਗਠਨ ਨੂੰ ਸੰਵਿਧਾਨਿਕ ਮਾਨਤਾ ਦਿੱਤੀ ਗਈ। ਧਾਰਾ 243 ਦੀਆਂ ਵੱਖੋ-ਵੱਖਰੀਆਂ ਮੱਦਾ 243-ਏ ਤੋਂ ਲੈ ਕੇ 243-ਓ ਤੱਕ ਪੰਚਾਇਤਾਂ ਦੇ ਸਬੰਧ 'ਚ ਪ੍ਰਾਵਾਧਾਨਾਂ ਦਾ ਵਰਨਣ ਹੋਇਆ। ਗ੍ਰਾਮ ਸਭਾ ਦੀ ਸਥਾਪਨਾ ਤੋਂ ਲੈ ਕੇ ਪੰਚਾਇਤਾਂ ਦੀਆਂ ਸ਼ਕਤੀਆਂ ਅਧਿਕਾਰਾਂ, ਗਠਨ ਆਦਿ ਬਾਰੇ ਵਿਸਥਾਰਿਤ ਵਰਨਣ ਕੀਤਾ ਗਿਆ। ਪੰਚਾਇਤਾਂ ਨੂੰ ਵਧ ਅਧਿਕਾਰ ਦਿੱਤੇ ਗਏ।

ਇਹ ਸਪੱਸ਼ਟ ਕੀਤਾ ਗਿਆ ਕਿ ਪੇਂਡੂ ਭਾਰਤ 'ਚ ਸਥਾਨਕ ਸਰਕਾਰ ਇੱਕ ਮੁਢਲੀ ਪ੍ਰਣਾਲੀ ਹੈ। ਇਨ੍ਹਾਂ ਸੰਸਥਾਵਾਂ ਦਾ ਕੰਮ ਪਿੰਡਾਂ ਦਾ ਆਰਥਿਕ ਵਿਕਾਸ ਕਰਨਾ, ਸਮਾਜਿਕ ਨਿਆਂ ਨੂੰ ਮਜ਼ਬੂਤ ਕਰਨਾ ਅਤੇ ਸੂਬਾ ਅਤੇ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਲਾਗੂ ਕਰਨਾ ਹੈ। ਸਥਾਨਕ ਸਰਕਾਰਾਂ ਨੂੰ ਦੋਵੇਂ ਸਰਕਾਰਾਂ, ਕੇਂਦਰ ਤੇ ਸੂਬਾ ਸਰਕਾਰ ਦੇ ਬਰਾਬਰ ਸੰਵਿਧਾਨਿਕ ਅਧਿਕਾਰ ਮਿਲੇ।

ਪਰ ਕੁਝ ਇੱਕ ਸੂਬਾ ਸਰਕਾਰਾਂ ਨੂੰ ਛੱਡਕੇ ਵੱਡੀ ਗਿਣਤੀ ਸੂਬਾ ਸਰਕਾਰਾਂ ਨੇ ਪੰਚਾਇਤਾਂ ਨੂੰ ਅਧਿਕਾਰ ਨਹੀਂ ਦਿੱਤੇ ਹੋਏ। ਸਰਕਾਰੀ ਦਖ਼ਲ ਦੇ ਨਾਲ-ਨਾਲ ਸਿਆਸੀ ਦਖ਼ਲ ਨੇ ਪੰਚਾਇਤੀ ਪ੍ਰਬੰਧ ਨੂੰ ਖੋਖਲਾ ਕੀਤਾ ਹੋਇਆ ਹੈ। ਯੋਜਨਾਵਾਂ ਅਧੀਨ ਜਿਹੜੀ ਸਹਾਇਤਾ ਵਿੱਤ ਕਮਿਸ਼ਨ ਰਾਹੀਂ ਸਿੱਧਿਆਂ ਪੰਚਾਇਤੀ ਫੰਡਾਂ 'ਚ ਆਉਣੀ ਹੁੰਦੀ ਹੈ, ਉਸ ਉਤੇ ਵੀ ਅਫ਼ਸਰਸ਼ਾਹੀ 'ਤੇ ਕਾਬਜ਼ ਸਿਆਸੀ ਧਿਰਾਂ ਆਪਣਾ ਕੁੰਡਾ ਰੱਖਦੀਆਂ ਹਨ। ਪੰਚਾਇਤੀ ਰਾਜ ਪ੍ਰਬੰਧਨ ਅਧੀਨ ਪੰਜਾਬ ਦੀ ਹਾਲਤ ਤਾਂ ਜ਼ਿਆਦਾ ਖਸਤਾ ਹੈ, ਜਿਸ ਅਨੁਸਾਰ ਪੰਚਾਇਤਾਂ ਤਾਂ ਪੰਚਾਇਤ ਸਕੱਤਰਾਂ ਅਤੇ ਮੁਲਾਜ਼ਮਾਂ ਦੇ ਰਹਿਮੋ-ਕਰਮ ਉਤੇ ਹੈ। ਗ੍ਰਾਮ ਸਭਾਵਾਂ, ਆਮ ਇਜਲਾਸ ਕਰਨ ਦੀ ਪਰੰਪਰਾਂ ਤਾਂ ਬੱਸ ਕਾਗਜ਼ੀ ਹੈ। ਸਰਪੰਚ, ਬਲਾਕ ਪੰਚਾਇਤਾਂ ਦਫ਼ਤਰਾਂ ਦੇ ਚੱਕਰ ਕੱਟਦੇ, ਕਾਰਵਾਈ ਰਜਿਸਟਰ ਲੈ ਕੇ ਬਿੱਲ ਆਦਿ ਦੇ ਭੁਗਤਾਣ ਲਈ, ਆਮ ਵੇਖੇ ਜਾਂਦੇ ਹਨ। ਸਿਤਮ ਦੀ ਗੱਲ ਤਾਂ ਇਹ ਹੈ ਕਿ ਬਲਾਕਾਂ 'ਚ ਪੰਚਾਇਤ ਸਕੱਤਰ, ਜਿਨ੍ਹਾਂ ਕੋਲ ਅਥਾਹ ਪੰਚਾਇਤੀ ਸ਼ਕਤੀਆਂ ਇਕੱਠੀਆਂ ਹੋ ਚੁੱਕੀਆਂ ਹਨ, ਕੋਲ ਦੋ-ਦੋ, ਤਿੰਨ-ਤਿੰਨ ਦਰਜਨਾਂ ਤੱਕ ਪੰਚਾਇਤਾਂ ਦੇ ਚਾਰਜ ਹਨ। ਇਹੋ ਜਿਹੇ ਹਾਲਾਤ ਵਿਚ ਪੇਂਡੂ ਵਿਕਾਸ ਦੀ ਕੀ ਤਵੱਕੋ ਹੋ ਸਕਦੀ ਹੈ?

ਪੇਂਡੂ ਪੰਚਾਇਤਾਂ, ਸਥਾਨਕ ਸਰਕਾਰ ਨਾਲ ਸੂਬਾ ਸਰਕਾਰਾਂ ਦੇ ਧੱਕੇ ਦੀ ਦਾਸਤਾਨ ਇਥੇ ਹੀ ਖ਼ਤਮ ਨਹੀਂ ਹੁੰਦੀ। ਆਮਦਨ ਜ਼ਮੀਨ ਦੇ ਠੇਕੇ ਭਾਵ ਕਿਰਾਏ ਦੀ ਹੈ ਜਾਂ ਪੰਚਾਇਤੀ ਹੁਕਮਾਂ ਦੇ ਕਿਰਾਏ ਦੀ ਜਾਂ ਹੋਰ, ਇਸ ਵਿਚੋਂ ਪਿੰਡਾਂ ਨੂੰ ਆਮਦਨ ਵਿਚੋਂ ਲਗਭਗ ਤੀਜਾ ਹਿੱਸਾ (30 ਫੀਸਦੀ) ਬਲਾਕ ਸੰਮਤੀਆਂ ਪੰਚਾਇਤ ਸਕੱਤਰਾਂ ਦੀ ਤਨਖ਼ਾਹ ਲਈ ਹਰ ਵਰ੍ਹੇ ਲੈ ਜਾਂਦੀਆਂ ਹਨ। ਅਸਲ ਵਿਚ ਤਾਂ ਸੰਵਿਧਾਨ ਦੀ ਰੂਹ ਅਨੁਸਾਰ ਪੰਚਾਇਤਾਂ ਨੂੰ ਦਿੱਤੇ ਗਏ ਅਧਿਕਾਰ, ਸਥਾਨਕ ਸਰਕਾਰਾਂ ਦੀ ਪਦਵੀ, ਕੰਮ ਕਰਨ ਦੀ ਖੁੱਲ੍ਹ ਸਭ ਕੁਝ ਸੂਬਾ ਸਰਕਾਰ ਅਤੇ ਹਾਕਮਾਂ ਵਲੋਂ ਹਥਿਆਈ ਜਾ ਚੁੱਕੀ ਹੈ ਅਤੇ ਹਥਿਆਈ ਜਾਂਦੀ ਰਹੀ ਹੈ। ਇੱਕ ਆਖ਼ਰੀ ਤਸੱਲੀ ਪੰਚਾਇਤੀ ਨੁਮਾਇੰਦਿਆਂ ਦੀ ਇਹੋ ਹੈ ਕਿ ਅਸੀਂ ਲੋਕਾਂ ਦੇ ਚੁਣੇ ਹੋਏ ਹਾਂ, ਉਸ ਨੂੰ ਵੀ ਮੌਜੂਦਾ ਸਰਕਾਰ ਨੇ ਰਾਤੋਂ-ਰਾਤ ਖੋਹ ਲਿਆ ਹੈ। ਕੇਂਦਰ ਸਰਕਾਰ ਵਲੋਂ ਰਾਤੋ-ਰਾਤ ਨੋਟਬੰਦੀ ਲਾਗੂ ਕਰਨ ਵਾਂਗਰ।

ਉਹ ਸਰਕਾਰ ਜਿਹੜੀ ਕੇਂਦਰ ਸਰਕਾਰ ਉਤੇ ਚੁਣੀ ਹੋਈ ਸੂਬਾ ਸਰਕਾਰ ਦੇ ਕੰਮਕਾਜ 'ਚ ਵਿਘਨ ਪਾਉਣ ਤੇ ਤਾਕਤਾਂ ਹਥਿਆਉਣ ਦਾ ਇਲਜ਼ਾਮ ਲਾਉਂਦੀ ਹੈ ਅਤੇ ਤਾਕਤਾਂ ਖੋਹੇ ਜਾਣ 'ਤੇ ਤਰਲੋ ਮੱਛੀ ਹੋ ਰਹੀ ਹੈ। ਆਖ਼ਰ ਉਸਨੇ ਸਥਾਨਕ ਸਰਕਾਰ ਦੇ ਹੱਕ ਖੋਹਣ ਦਾ ਗੈਰ-ਲੋਕਤੰਤਰਿਕ ਫੈਸਲਾ ਕਿਉਂ ਲਿਆ?

ਆਖ਼ਰ ਕੀ ਅਸਰ ਹੋਏਗਾ ਪੰਜਾਬ 'ਚ ਅਗਾਊਂ ਪੰਚਾਇਤਾਂ ਭੰਗ ਕੀਤੇ ਜਾਣ ਦਾ ਆਮ ਲੋਕਾਂ ਉਤੇ? ਪਹਿਲੀ ਗੱਲ ਤਾਂ ਇਹ ਕਿ ਲੋਕਾਂ ਵਿਚ ਹਾਕਮ ਧਿਰ ਵਿਰੁੱਧ ਰੋਸ ਪੈਦਾ ਹੋਏਗਾ ਕਿ ਇਹ ਧਿਰ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਪ੍ਰਵਾਹ ਨਹੀਂ ਕਰਦੀ। ਜਦਕਿ ਗਵਰਨਰ ਪੰਜਾਬ ਤੇ ਕੇਂਦਰੀ ਸਰਕਾਰ ਉਤੇ ਉਹ ਦੋਸ਼ ਤਾਂ ਇਹ ਲਾਉਂਦੀ ਹੈ ਕਿ ਉਹ ਚੁਣੀ ਹੋਈ ਸੂਬਾ ਸਰਕਾਰ ਨੂੰ ਪ੍ਰੇਸ਼ਾਨ ਕਰਕੇ ਗੈਰ-ਲੋਕਤੰਤਰਿਕ ਕਾਰਵਾਈ ਕਰ ਰਹੇ ਹਨ।

ਦੂਜਾ, ਪਿੰਡਾਂ ਦੇ ਨਿੱਤ ਪ੍ਰਤੀ ਦੇ ਆਮ ਲੋਕਾਂ ਦੇ ਕੰਮ ਪ੍ਰਭਾਵਤ ਹੋਣਗੇ। ਆਮ ਦਫ਼ਤਰੀ ਕੰਮਾਂ ਲਈ ਤਸਦੀਕ ਕੌਣ ਕਰੇਗਾ? ਲੋਕਾਂ ਦੇ ਝਗੜੇ ਕੌਣ ਨਿਬੇੜੇਗਾ?

ਤੀਜਾ, ਪਹਿਲਾਂ ਹੀ ਪ੍ਰਭਾਵਤ ਵਿਕਾਸ ਕੰਮ ਹੋਰ ਵੀ ਰੁਕ ਜਾਣਗੇ, ਕਿਉਂਕਿ ਬਲਾਕ ਦਫ਼ਤਰਾਂ ਜਿਥੇ ਪਹਿਲਾਂ ਹੀ ਕਰਮਚਾਰੀਆਂ ਦੀ ਕਮੀ ਹੈ ਅਤੇ ਜਿਨ੍ਹਾਂ ਨੂੰ ਪ੍ਰਬੰਧਕ ਲਗਾਇਆ ਜਾਏਗਾ, ਉਨ੍ਹਾਂ ਵਿਚੋਂ ਬਹੁਤੇ ਸਿਆਸੀ ਚੱਕੀ 'ਚ ਪਿੱਸਣ ਦੇ ਡਰੋਂ ਨਵੇਂ ਪੁਰਾਣੇ ਵਿਕਾਸ ਕੰਮਾਂ ਨੂੰ ਹੱਥ ਹੀ ਨਹੀਂ ਪਾਉਣਗੇ। ਉਂਜ ਵੀ ਜਦੋਂ ਸੂਬਾ ਚੋਣ ਕਮਿਸ਼ਨ ਦਸੰਬਰ ਤੱਕ ਨੇਪਰੇ ਚਾੜ੍ਹੀਆਂ ਜਾਣ ਵਾਲੀਆਂ ਚੋਣਾਂ ਲਈ ਐਲਾਨ ਕਰ ਦੇਵੇਗਾ ਤਾਂ ਚੋਣ ਜਾਬਤਾ ਲਾਗੂ ਹੋ ਜਾਏਗਾ।

ਚੌਥੇ ਇਹ ਕਿ ਜਿਨ੍ਹਾਂ ਸਰਪੰਚਾਂ ਨੇ ਵਿਕਾਸ ਕੰਮ ਕਰਵਾਏ ਹਨ, ਉਨ੍ਹਾਂ ਦੀਆਂ ਅਦਾਇਗੀਆਂ, ਫਰਮਾਂ ਨੂੰ ਕੀਤੀਆਂ ਜਾਣ ਵਾਲੀਆਂ ਹਨ, ਜਿਹੜੀਆਂ ਕਈਆਂ ਪੰਚਾਇਤਾਂ 'ਚ ਲੱਖਾਂ 'ਚ ਹਨ, ਉਨ੍ਹਾਂ ਦੀ ਅਦਾਇਗੀ ਕੌਣ ਤੇ ਕਦੋਂ ਕੋਈ ਕਰੇਗਾ? ਵਿਕਾਸ ਕੰਮ ਬਿਲਕੁਲ ਰੁੱਕ ਜਾਣਗੇ। ਕਿਉਂਕਿ ਇਕ ਸਖ਼ਤ ਮਹਿਕਮਾਨਾ ਹੁਕਮ ਅਨੁਸਾਰ ਮਿਤੀ 12 ਅਗਸਤ 2023 ਤੋਂ ਕਿਸੇ ਵੀ ਪੰਚਾਇਤੀ ਖਾਤੇ 'ਚ ਲੈਣ-ਦੇਣ ਬੰਦ ਕਰ ਦਿੱਤਾ ਗਿਆ ਹੈ। ਇਸ ਨਾਲ ਪੰਚਾਇਤਾਂ ਦੇ ਸਰਪੰਚ ਕਸੂਤੇ ਫਸ ਗਏ ਹਨ, ਉਨ੍ਹਾਂ ਉਤੇ ਇਹ ਇੱਕ ਕਿਸਮ ਦੀ ਨਿੱਜੀ ਦੇਣਦਾਰੀ ਬਨਣ ਦੇ ਖਦਸ਼ੇ ਪ੍ਰਗਟਾਏ ਜਾ ਰਹੇ ਹਨ।

ਪੰਜਵਾਂ ਤੇ ਅਹਿਮ ਪੱਖ ਇਹ ਹੈ ਕਿ ਚੋਣਾਂ ਦਸੰਬਰ 2023 ਤੱਕ ਹੋਣੀਆਂ ਹਨ, ਉਦੋਂ ਤੱਕ ਹੁਣ ਧੜੇਬੰਦੀ ਦਾ ਪਿੰਡਾਂ 'ਚ ਭਰਵਾਂ ਦੌਰ ਚੱਲੇਗਾ। ਸਰਕਾਰੀ ਧਿਰ, ਆਪਣੇ ਧੜੇ ਨੂੰ ਮਜ਼ਬੂਤ ਕਰਨ ਲਈ ਪ੍ਰਬੰਧਕਾਂ, ਪ੍ਰਸ਼ਾਸਕਾਂ ਰਾਹੀਂ ਆਪਣੇ ਬੰਦਿਆਂ ਰਾਹੀਂ ਪੰਚਾਇਤ ਫੰਡਾਂ 'ਚ ਪਈਆਂ ਗ੍ਰਾਂਟਾਂ ਖਰਚੇਗਾ ਅਤੇ ਉਹ ਬੰਦੇ ਫਿਰ ਕੀਤੇ ਵਿਕਾਸ ਦੇ ਨਾਮ ਉਤੇ ਲੋਕਾਂ ਤੋਂ ਵੋਟ ਮੰਗਣਗੇ। ਇਹੋ ਜਿਹੇ ਹਾਲਾਤਾਂ 'ਚ ਪਿੰਡਾਂ 'ਚ ਲੜਾਈ, ਝਗੜੇ ਤਾਂ ਵਧਣਗੇ ਹੀ।

ਛੇਵਾਂ ਤੇ ਇੱਕ ਹੋਰ ਪੱਖ ਇਹ ਕਿ ਜਿਨ੍ਹਾਂ ਪੰਚਾਇਤਾਂ ਵਲੋਂ ਪਿੰਡਾਂ 'ਚ ਨਾਜਾਇਜ਼ ਕਬਜ਼ੇ ਰੋਕਣ ਅਤੇ ਪਹਿਲੇ ਕਬਜ਼ੇ ਛੁਡਾਉਣ ਲਈ ਅਦਾਲਤੀ ਕੇਸ ਕੀਤੇ ਹੋਏ ਹਨ, ਉਨ੍ਹਾਂ ਦੀ ਪੈਰਵੀ ਕੌਣ ਕਰੇਗਾ? ਇਸ ਸਮੇਂ ਦੌਰਾਨ ਪੰਚਾਇਤ ਜ਼ਮੀਨਾਂ ਉਤੇ ਨਾਜਾਇਜ਼ ਕਬਜ਼ੇ ਵਧਣਗੇ।

ਇਸ ਤਰ੍ਹਾਂ ਆਉਣ ਵਾਲਾ ਲਗਭਗ ਅੱਧੇ ਸਾਲ ਤੋਂ ਵੱਧ ਦਾ ਵਕਫ਼ਾ ਪਿੰਡਾਂ 'ਚ ਨਿਆਂ, ਵਿਕਾਸ ਦੇ ਮਾਮਲੇ 'ਚ ਲਟਕਾਅ ਵਾਲਾ ਰਹੇਗਾ। ਆਮ ਤੌਰ 'ਤੇ ਪਿੰਡਾਂ 'ਚ ਲੋਕ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ ਆਪਣੇ ਕੋਲੋਂ ਸਹਾਇਤਾ ਦਿੰਦੇ ਹਨ, ਪ੍ਰਵਾਸੀ ਪੰਜਾਬੀ ਵਿਕਾਸ ਕੰਮਾਂ 'ਚ ਯੋਗਦਾਨ ਪਾਉਂਦੇ ਹਨ। ਇਹ ਯੋਗਦਾਨ ਇਸ ਸਮੇਂ 'ਚ ਲਗਭਗ ਬੰਦ ਹੋ ਜਾਵੇਗਾ, ਕਿਉਂਕਿ ਕੋਈ ਵੀ ਵਿਅਕਤੀ ਪੰਜਾਬ ਦੀ ਸਰਕਾਰੀ ਮਸ਼ੀਨਰੀ ਉਤੇ ਭਰੋਸਾ ਨਹੀਂ ਕਰਦਾ, ਦਾਨ ਦੇਣ ਦੀ ਗੱਲ ਤਾਂ ਸ਼ਾਇਦ ਸੋਚ ਹੀ ਨਹੀਂ ਸਕੇਗਾ।

ਵੈਸੇ ਤਾਂ ਪਿੰਡਾਂ ਦੀ ਹਾਲਤ ਪਹਿਲਾਂ ਹੀ ਬਹੁਤ ਭੈੜੀ ਹੈ। ਪੇਂਡੂ ਸੜਕਾਂ ਟੁੱਟੀਆਂ ਪਈਆਂ ਹਨ। ਪਿੰਡਾਂ 'ਚ ਖੁੱਲ੍ਹੇ ਹਸਪਤਾਲਾਂ 'ਚ ਸਟਾਫ਼, ਦਵਾਈਆਂ ਦੀ ਕਮੀ ਹੈ। ਪੇਂਡੂ ਸਕੂਲਾਂ 'ਚ ਅਧਿਆਪਕਾਂ ਦੀਆਂ ਅੱਧੀਆਂ ਤੱਕ ਅਸਾਮੀਆਂ ਖਾਲੀ ਹਨ। ਸਥਾਨਕ ਸਰਕਾਰਾਂ ਦੇ ਗਾਇਬ ਹੋਣ ਨਾਲ ਪਿੰਡਾਂ ਦੇ ਸਰਕਾਰੀ ਅਦਾਰਿਆਂ ਦੀ ਦੇਖਭਾਲ, ਸਹਾਇਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਏਗੀ।

ਪੇਂਡੂਆਂ ਨਾਲ ਅਤੇ ਉਨ੍ਹਾਂ ਦੀ ਸਥਾਨਕ ਸਰਕਾਰਾਂ ਨਾਲ ਜਿਸ ਕਿਸਮ ਦਾ ਵਰਤਾਰਾ ਕੀਤਾ ਗਿਆ ਹੈ, ਇਹ ਘੋਰ ਅਨਿਆਂ ਹੈ। ਸ਼ਹਿਰਾਂ ਦੇ ਮੁਕਾਬਲੇ ਪੇਂਡੂ ਪਹਿਲਾਂ ਹੀ ਜ਼ਿਆਦਾ ਪੀੜਤ ਹਨ, ਪੇਂਡੂਆਂ ਕੋਲ ਉਹ ਸਹੂਲਤਾਂ ਨਹੀਂ, ਜੋ ਸ਼ਹਿਰੀਆਂ ਕੋਲ ਹਨ। ਸਹੂਲਤਾਂ ਦਾ ਇਹ ਪਾੜਾ ਪਿਛਲੇ ਦਹਾਕਿਆਂ 'ਚ ਘਟਿਆ ਨਹੀਂ, ਸਗੋਂ ਵਧਿਆ ਹੀ ਹੈ।

ਮੌਜੂਦਾ ਸਰਕਾਰ ਵਲੋਂ ਪੰਚਾਇਤੀ ਸੰਸਥਾਵਾਂ ਨੂੰ ਭੰਗ ਕਰਨ ਨਾਲ ਪੇਂਡੂ ਲੋਕਾਂ ਦੀ ਪੀੜਾ ਹੋਰ ਵਧੀ ਹੈ ਅਤੇ ਵਧੇਗੀ। ਪੇਂਡੂਆਂ 'ਚ ਦੇਸ਼ ਦੇ ਲੋਕਤੰਤਰ 'ਚ ਵਿਸ਼ਵਾਸ 'ਚ ਵੱਡੀ ਤਰੇੜ ਪਾਏਗੀ। ਉਨ੍ਹਾਂ 'ਚ ਸਿਆਸੀ ਲੋਕਾਂ ਪ੍ਰਤੀ ਅਵਿਸ਼ਵਾਸ ਪੈਦਾ ਹੋਏਗਾ। ਕੀ ਇਸ ਸਥਿਤੀ ਵਿਚ ਲੋਕ ਚੁੱਪੀ ਸਾਧੀ ਰੱਖਣਗੇ, ਕੀ ਉਹ ਹੋਈ ਬੇਇਨਸਾਫੀ ਵਿਰੁੱਧ ਆਵਾਜ਼ ਨਹੀਂ ਚੁੱਕਣਗੇ? ਅਨਿਆਂ ਵਿਰੁੱਧ ਕੋਰਟ-ਕਚਿਹਰੀ ਨਹੀਂ ਚੜ੍ਹਨਗੇ?

ਲੋੜ ਤਾਂ ਇਸ ਗੱਲ ਦੀ ਹੈ ਕਿ ਪੇਂਡੂ ਪੰਚਾਇਤਾਂ ਨੂੰ ਤਕੜਿਆਂ ਕੀਤਾ ਜਾਏ, ਉਨ੍ਹਾਂ ਨੂੰ ਵੱਧ ਅਧਿਕਾਰ ਮਿਲਣ। ਸਰਕਾਰਾਂ ਦਾ ਸਥਾਨਕ ਸਰਕਾਰਾਂ 'ਚ ਦਖ਼ਲ ਘਟੇ। ਉਨ੍ਹਾਂ ਨੂੰ ਆਪ ਟੈਕਸ ਲਗਾਉਣ, ਆਪੋ-ਆਪਣੇ ਖੇਤਰ ਦੀਆਂ ਲੋੜਾਂ ਅਨੁਸਾਰ ਵਿਕਾਸ ਕਰਾਉਣ ਦਾ ਹੱਕ ਮਿਲੇ। ਤਦੇ ਪਿੰਡ ਵਿਕਾਸ ਕਰ ਸਕਦਾ ਹੈ। ਤਦੇ ਪਿੰਡ ਆਪਣੀ "ਸਿਹਤ" 'ਚ ਸੁਧਾਰ ਲਿਆ ਸਕਦਾ ਹੈ।







Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil



Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## 'ਜੋ ਦਿਖਾ, ਸੋ ਲਿਖਾ'


# ਦਿੱਲੀ ਵਿਚ ਕੇਜਰੀਵਾਲ ਦੀਆਂ ਤਾਕਤਾਂ ਨੂੰ ਲੱਗਿਆ ਗ੍ਰਹਿਣ

## ਪੰਜਾਬ ਦੀ ਮਾਨ ਸਰਕਾਰ 'ਤੇ ਵੀ ਛਾਇਆ ਖ਼ਤਰਾ


ਦਰਸ਼ਨ ਸਿੰਘ ਸ਼ੰਕਰ
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)









ਸੂਬਿਆਂ ਵਿਚ ਗੈਰ ਬੀ.ਜੇ.ਪੀ. ਸਰਕਾਰਾਂ ਦੇ ਕੰਮ ਵਿਚ ਕੇਂਦਰ ਵਲੋਂ ਰਾਜਪਾਲ ਰਾਹੀਂ ਅੜਚਨਾਂ ਖੜ੍ਹੀਆਂ ਆਮ ਜਿਹਾ ਵਰਤਾਰਾ ਬਣ ਚੁੱਕਾ ਹੈ। ਜਦੋਂ ਤੋਂ ਦਿੱਲੀ ਵਿਚ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਉਸ ਦਾ ਕੇਂਦਰ ਨਾਲ ਲਗਾਤਾਰ ਅਧਿਕਾਰਾਂ ਸਬੰਧੀ ਇੱਟ ਖੜਕਾ ਚੱਲ ਰਿਹਾ ਹੈ। ਦਿੱਲੀ ਸਰਕਾਰ ਦੇ ਕੰਮਾਂ ਵਿਚ ਉਪ ਰਾਜਪਾਲ ਵੱਲੋਂ ਹਮੇਸ਼ਾਂ ਅੜਿੱਕੇ ਡਾਹੇ ਜਾਂਦੇ ਰਹੇ ਨੇ। ਬਹੁਤੀ ਵਾਰ ਉਪ ਰਾਜਪਲ ਨੂੰ ਭੇਜੀਆਂ ਫਾਈਲਾਂ ਵਾਪਸ ਹੀ ਨਹੀਂ ਆਈਆਂ। ਕੇਜਰੀਵਾਲ ਨੇ ਉਪ ਰਾਜਪਾਲ ਵਿਰੁੱਧ ਸੜਕ ਅਤੇ ਰਾਜਪਾਲ ਦੇ ਦਫਤਰ ਅੰਦਰ ਰਾਤ ਭਰ ਧਰਨੇ ਦਿੱਤੇ, ਪ੍ਰੰਤੂ ਮਾਮਲਾ ਉਥੇ ਹੀ ਲਟਕਿਆ ਰਿਹਾ। ਉੱਚ ਅਧਿਕਾਰੀਆਂ ਦੇ ਤਬਾਦਲੇ ਅਤੇ ਨਿਯੁਕਤੀਆਂ ਨੂੰ ਲੈ ਕੇ ਕਈ ਵਾਰ ਵਿਵਾਦ ਲੋੜੋਂ ਵਧ ਗਰਮਾਇਆ। ਇੱਕ ਵਾਰ ਕੇਜਰੀਵਾਲ ਦੀ ਰਿਹਾਇਸ਼ 'ਤੇ ਮੁੱਖ ਸਕੱਤਰ ਦੀ ਵਿਧਾਇਕਾਂ ਵੱਲੋਂ ਮਾਰ-ਕੁਟਾਈ ਤੱਕ ਵੀ ਜਾ ਪੁੱਜਾ। ਦਿੱਲੀ ਦੇ ਸਾਰੇ ਆਈ.ਏ.ਐੱਸ. ਅਫਸਰ ਹੜਤਾਲ 'ਤੇ ਚਲੇ ਗਏ ਸਨ। ਅਧਿਕਾਰੀਆਂ ਨਾਲ ਟਕਰਾਅ ਕਾਰਨ ਹੀ ਦਿੱਲੀ ਦੇ ਮੁੱਖ ਸਕੱਤਰ ਨੇ ਸ਼ਰਾਬ ਨੀਤੀ ਵਿਚ ਘਪਲੇ ਦੀ ਸੀ.ਬੀ.ਆਈ. ਇਨਕੁਆਇਰੀ ਦੀ ਸਿਫ਼ਾਰਿਸ਼ ਕੀਤੀ ਅਤੇ ਉਪ ਮੁੱਖ ਮੰਤਰੀ ਮੁਨੀਸ਼ ਸਿਸੋਦੀਆ ਛੇ ਮਹੀਨੇ ਤੋਂ ਜੇਲ੍ਹ ਦੀ ਹਵਾ ਖਾ ਰਹੇ ਨੇ। ਵਿਧਾਨ ਸਭਾ ਵੀ ਬਹੁਤ ਵਾਰ ਜੰਗ ਦਾ ਅਖਾੜਾ ਬਣਦੀ ਦੇਖੀ ਗਈ। ਇਜਲਾਸ ਲਈ ਰਾਜਪਾਲ ਦੀ ਮਨਜ਼ੂਰੀ ਨੂੰ ਉਲੰਘਣ ਲਈ ਵਿਧਾਨ ਸਭਾ ਨੂੰ ਹਮੇਸ਼ਾਂ ਖੁੱਲ੍ਹਾ ਰੱਖਕੇ ਵਿਸ਼ੇਸ਼ ਇਜਲਾਸ ਬੁਲਾ ਲਿਆ ਜਾਂਦਾ ਅਤੇ ਸਦਨ ਵਿਚ ਪ੍ਰਧਾਨ ਮੰਤਰੀ ਅਤੇ ਉਪ ਰਾਜਪਾਲ ਖ਼ਿਲਾਫ਼ ਰੱਜ ਕੇ ਭੜਾਸ ਕੱਢੀ ਜਾਂਦੀ ਰਹੀ। ਇਸ ਨਾਲ ਕੇਂਦਰ ਅਤੇ ਦਿੱਲੀ ਸਰਕਾਰ ਵਿਚਕਾਰ ਟਕਰਾਓ ਸਿਖਰ 'ਤੇ ਚਲਾ ਗਿਆ। ਕੇਜਰੀਵਾਲ ਸਰਕਾਰ ਨੇ ਸਿੱਖਿਆ, ਸਿਹਤ, ਜਲ ਸਪਲਾਈ, ਔਰਤਾਂ ਨੂੰ ਮੁਫ਼ਤ ਬਸ ਸਹੂਲਤਾਂ ਆਦਿ ਅੱਛੇ ਕੰਮ ਕੀਤੇ, ਜਿਨ੍ਹਾਂ ਦੇ ਬਲਬੂਤੇ ਉਨ੍ਹਾਂ ਦੀ ਪਾਰਟੀ ਤਿੰਨ ਵਾਰ ਵਿਰੋਧੀਆਂ ਨੂੰ ਚਿੱਤ ਕਰਕੇ ਸੱਤਾ ਵਿਚ ਆਈ। ਬੀ.ਜੇ.ਪੀ. ਕੇਜਰੀਵਾਲ ਦੀ ਵਧ ਰਹੀ ਲੋਕ ਪ੍ਰੀਅਤਾ ਨੂੰ ਬਰਦਾਸ਼ਤ ਨਹੀਂ ਕਰ ਸਕੀ। 11 ਮਈ ਨੂੰ ਸੁਪਰੀਮ ਕੋਰਟ ਵਲੋਂ ਅਫ਼ਸਰਾਂ ਦੀਆਂ ਬਦਲੀਆਂ ਦੇ ਅਧਿਕਾਰ ਦਿੱਲੀ ਸਰਕਾਰ ਨੂੰ ਦੇਣ ਦੇ ਫੈਸਲੇ 'ਤੇ ਤਿਲਮਲਾਈ ਕੇਂਦਰ ਸਰਕਾਰ ਨੇ ਆਰਡੀਨੈਂਸ ਜਾਰੀ ਕਰਕੇ ਸਾਰੇ ਅਧਿਕਾਰ ਉਪ ਰਾਜਪਾਲ ਦੇ ਹਵਾਲੇ ਕਰ ਦਿੱਤੇ।

### ਬਿਲ ਗਿਰਾਉਣ ਦੇ ਯਤਨ

ਆਰਡੀਨੈਂਸ ਸਬੰਧੀ ਬਿਲ ਨੂੰ ਲੋਕ ਸਭਾ ਵਿਚ ਐੱਨ.ਡੀ.ਏ. ਪਾਸ ਬਹੁਮਤ ਹੋਣ ਕਾਰਨ ਪਾਸ ਕਰਾਉਣ ਵਿਚ ਦਿੱਕਤ ਨਹੀਂ ਆਈ। ਪ੍ਰੰਤੂ ਰਾਜ ਸਭਾ ਵਿਚ ਵਿਰੋਧੀ ਮੈਂਬਰਾਂ ਦੀ ਵਧ ਗਿਣਤੀ ਹੈ, ਉਥੇ ਬਿੱਲ ਨੂੰ ਰੋਕਣ ਲਈ ਕੇਜਰੀਵਾਲ ਨੇ ਵਿਰੋਧੀ ਪਾਰਟੀਆਂ ਦੇ ਆਗੂਆਂ ਤੋਂ ਹਮਾਇਤ ਲਈ ਪੂਰਾ ਜ਼ੋਰ ਲਗਾਇਆ ਗਿਆ। ਪੰਜਾਬ ਦੇ ਮੁੱਖ ਮੰਤਰੀ ਨੂੰ ਨਾਲ ਲੈ ਕੇ ਕੇਜਰੀਵਾਲ ਆਰ.ਜੇ.ਡੀ. ਮੁਖੀ ਨਿਤਿਸ਼ ਕਮਾਰ, ਬੀ.ਜੇ.ਡੀ. ਮੁਖੀ ਤੇਜੱਸ਼ਵੀ ਯਾਦਵ, ਟੀ.ਐੱਮ.ਸੀ. ਮੁਖੀ ਮਮਤਾ ਬੈਨਰਜੀ, ਤੇਲੰਗਾਨਾ ਵਿਚ ਬੀ.ਆਰ.ਐੱਸ. ਮੁਖੀ ਚੰਦਰਸ਼ੇਖਰ ਰਾਓ, ਐੱਨ.ਸੀ.ਪੀ. ਮੁਖੀ ਸ਼ਰਦ ਪਵਾਰ, ਡੀ.ਐੱਮ.ਕੇ. ਪ੍ਰਧਾਨ ਐੱਮ.ਕੇ. ਸਟਾਲਿਨ, ਜੇ.ਐੱਮ.ਐੱਮ. ਦੇ ਮੁਖੀ ਹੇਮੰਤ ਸੋਰੇਨ, ਸੀ.ਪੀ.ਐੱਮ. ਲੀਡਰ ਸੀਤਾ ਰਾਮ ਯੇਚੁਰੀ, ਸੀ.ਪੀ.ਆਈ. ਲੀਡਰ ਡੀ ਰਾਜਾ ਨਾਲ ਮੀਟਿੰਗਾਂ ਕਰਕੇ ਹਮਾਇਤ ਲਈ ਜ਼ੋਰ ਪਾਇਆ। ਕੇਜਰੀਵਾਲ ਅਤੇ ਭਗਵੰਤ ਮਾਨ ਪਟਨਾ ਵਿਖੇ ਹੋਈ ਮੀਟਿੰਗ ਵਿਚ ਸ਼ਾਮਲ ਤਾਂ ਹੋਏ, ਪਰ ਗਠਬੰਧਨ ਦਾ ਹਿੱਸਾ ਬਨਣ ਲਈ ਕਾਂਗਰਸ ਪਾਰਟੀ 'ਤੇ ਹਮਾਇਤ ਦੀ ਸ਼ਰਤ ਰੱਖੀ। ਕਾਂਗਰਸ ਵੱਲੋਂ ਹਾਂ ਕਰਨ ਉਹ ਬੰਗਲੌਰ ਵਿਖੇ ਮੀਟਿੰਗ ਵਿਚ ਸ਼ਾਮਲ ਹੋਏ। ਜਿੱਥੇ ਕੇਜਰੀਵਾਲ ਵਿਰੋਧੀ ਪਾਰਟੀਆਂ ਵੱਲੋਂ ਬਣਾਏ ਗਏ "ਇੰਡੀਆ" ਨਾਮ ਦੇ ਬੀ.ਜੇ.ਪੀ. ਵਿਰੋਧੀ ਗਠਬੰਧਨ ਦਾ ਹਿੱਸਾ ਬਣੇ।

### ਬਿਲ ਰਾਜ ਸਭਾ ਵਿਚ ਪਾਸ


ਬੀ.ਜੇ.ਪੀ. ਰਾਜ ਸਭਾ ਵਿਚੋਂ ਬਿਲ ਪਾਸ ਕਰਾਉਣ ਲਈ ਜੁਗਾੜ ਲਗਾ ਚੁੱਕੀ ਸੀ। ਵਿਰੋਧੀ ਧਿਰਾਂ ਦੇ ਨੇਤਾਵਾਂ ਨੇ ਬਿੱਲ ਨੂੰ ਗ਼ੈਰ-ਸੰਵਿਧਾਨਕ, ਲੋਕਤੰਤਰ ਅਤੇ ਸੰਘਵਾਦ ਦੀ ਭਾਵਨਾ ਖ਼ਿਲਾਫ਼ ਦੱਸਕੇ ਵਿਰੋਧ ਕੀਤਾ। ਵਿਰੋਧੀ ਨੇਤਾਵਾਂ ਨੇ ਕਿਹਾ ਕਿ ਬੀ.ਜੇ.ਪੀ. ਚੁਣੀ ਹੋਈ ਸਰਕਾਰ ਦੇ ਅਧਿਕਾਰਾਂ ਨੂੰ ਖਤਮ ਕਰ ਰਹੀ ਹੈ ਅਤੇ ਇਸ ਦਾ ਸੇਕ ਦੂਜੇ ਸੂਬਿਆਂ ਨੂੰ ਵੀ ਲੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਬਿੱਲ ਬਦਲਾਖੋਰੀ ਤਹਿਤ ਲਿਆਂਦਾ ਹੈ ਅਤੇ ਇਹ ਸੁਪਰੀਮ ਕੋਰਟ ਦੇ ਫ਼ੈਸਲਿਆਂ ਖ਼ਿਲਾਫ਼ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਦਿੱਲੀ ਹੋਰ ਸਾਰੇ ਸੂਬਿਆਂ ਤੋਂ ਵੱਖਰਾ ਪ੍ਰਦੇਸ਼ ਹੈ, ਇਥੇ ਸੰਸਦ, ਕਈ ਸੰਸਥਾਵਾਂ ਅਤੇ ਸੁਪਰੀਮ ਕੋਰਟ ਹੈ ਅਤੇ ਕਈ ਮੁਲਕਾਂ ਦੇ ਮੁਖੀ ਇਥੇ ਅਕਸਰ ਆਉਂਦੇ ਹਨ। ਇਸੇ ਲਈ ਦਿੱਲੀ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਇਆ ਗਿਆ ਹੈ। ਸ਼ਾਹ ਨੇ ਕਿਹਾ ਕਿ ਇਹ ਵਿਧਾਨ ਸਭਾ ਨਾਲ ਸੀਮਤ ਅਧਿਕਾਰ ਵਾਲਾ ਕੇਂਦਰ ਸ਼ਾਸਿਤ ਪ੍ਰਦੇਸ਼ ਹੈ ਅਤੇ ਸੰਵਿਧਾਨ ਤਹਿਤ ਦਿੱਲੀ ਦੇ ਕਿਸੇ ਵੀ ਵਿਸ਼ੇ 'ਤੇ ਕਾਨੂੰਨ ਬਣਾਉਣ ਦਾ ਸੰਸਦ ਨੂੰ ਅਧਿਕਾਰ ਹੈ। ਬਹਿਸ ਪਿੱਛੋਂ ਵੋਟਿੰਗ ਦੌਰਾਨ ਬਿਲ ਪੱਖ 'ਚ 131 ਅਤੇ ਵਿਰੋਧ 'ਚ 102 ਵੋਟਾਂ ਨਾਲ ਨੈਸ਼ਨਲ ਕੈਪੀਟਲ ਟੈਰੀਟਰੀ ਆਫ ਦਿੱਲੀ (ਸੋਧ) ਬਿੱਲ, 2023 ਪਾਸ ਹੋ ਗਿਆ। ਕੇਜਰੀਵਾਲ ਹੁਣ ਦਿੱਲੀ ਦੇ ਨਾਂ ਮਾਤਰ ਦੇ ਮੁੱਖ ਮੰਤਰੀ ਹੋਣਗੇ ਅਤੇ ਮੁੱਖ ਅਧਿਕਾਰ ਉਪ ਰਾਜਪਲ ਪਾਸ ਚਲੇ ਗਏ ਨੇ। ਕੇਜਰੀਵਾਲ ਦਾ ਕਹਿਣੈ ਕਿ ਅੱਜ ਦਾ ਦਿਨ ਭਾਰਤ ਦੇ ਲੋਕਤੰਤਰ ਦੇ ਇਤਿਹਾਸ ਦਾ ਕਾਲਾ ਦਿਨ ਹੈ, ਕਿਉਂਕਿ ਭਾਜਪਾ ਨੇ ਦਿੱਲੀ ਵਿਚ ਪਿਛਲੇ ਦਰਵਾਜ਼ੇ ਰਾਹੀਂ ਸੱਤਾ ਹਥਿਆਈ ਹੈ।

### ਭਗਵੰਤ ਮਾਨ ਲਈ ਖਤਰੇ ਦੀ ਘੰਟੀ

ਜੋ ਕੁਝ ਕੇਂਦਰ ਅਤੇ ਰਾਜਪਾਲ ਖਿਲਾਫ ਦਿੱਲੀ ਵਿਚ ਕੇਜਰੀਵਾਲ ਕਰ ਰਹੇ ਨੇ, ਉਹੀ ਭਗਵੰਤ ਮਾਨ ਵੱਲੋਂ ਪੰਜਾਬ ਵਿਚ ਦੁਹਰਾਇਆ ਜਾਂਦਾ ਹੈ। ਰਾਜਪਾਲ ਅਤੇ ਦਿੱਲੀ ਨਾਲ ਮੁੱਖ ਮੰਤਰੀ ਦਾ ਲਗਾਤਾਰ ਕਲੇਸ਼ ਚੱਲ ਰਿਹਾ ਹੈ। ਇਸ ਨਾਲ ਪੰਜਾਬ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਮੁੱਖ ਮੰਤਰੀ ਰਾਜਪਾਲ ਨੂੰ ਬੀ.ਜੇ.ਪੀ. ਦਾ ਏਜੰਟ, ਵਿਹਲਾ ਅਤੇ ਚਿੱਠੀਆਂ ਨੂੰ ਲਵਲੈਟਰ ਕਹਿਣ ਵਰਗੀ ਮਾੜੀ ਭਾਸ਼ਾ ਵਰਤਦੇ ਨੇ। ਇਸ ਭੱਦੀ ਸ਼ਬਦਾਵਲੀ ਨੂੰ ਸਹੀ ਨਹੀਂ ਕਿਹਾ ਜਾ ਸਕਦਾ। ਸੁਪਰੀਮ ਕੋਰਟ ਦੇ ਆਦੇਸ਼ ਦੇ ਬਾਵਜੂਦ ਮੁੱਖ ਮੰਤਰੀ ਰਾਜਪਾਲ ਦੀਆਂ ਚਿੱਠੀਆਂ ਦਾ ਉਤਰ ਨਹੀਂ ਦੇ ਰਹੇ। ਰਾਜਪਾਲ ਦਾ ਕਹਿਣੈ ਕਿ ਉਹ ਮੁੱਖ ਮੰਤਰੀ ਵੱਲੋਂ ਹੋ ਰਹੇ ਅਪਮਾਨ ਅਤੇ ਗੈਰ ਸੰਵਿਧਾਨਕ ਮਸਲੇ ਰਾਸ਼ਟਰਪਤੀ ਪਾਸ ਉਠਾ ਸਕਦੇ ਹਨ, ਜਿਸ ਨਾਲ ਵੱਡੀ ਸਮੱਸਿਆ ਪੈਦਾ ਹੋ ਸਕਦੀ ਹੈ। ਉਂਝ ਵੀ ਪੰਜਾਬ ਵਿਚ ਮੰਤਰੀਆਂ ਅਤੇ ਵਿਧਾਇਕਾਂ ਖ਼ਿਲਾਫ਼ ਭ੍ਰਿਸ਼ਟਾਚਾਰ ਅਤੇ ਬਦਮਗਜ਼ੀ ਦੇ ਰੋਜ਼ਾਨਾ ਇਲਜ਼ਾਮ ਲੱਗ ਰਹੇ ਨੇ। ਹੁਣੇ-ਹੁਣੇ ਦੋ ਮੰਤਰੀਆਂ ਕਟਾਰੂਚੱਕ ਅਤੇ ਕੁਲਦੀਪ ਧਾਲੀਵਾਲ ਵਲੋਂ 7 ਦਿਨਾਂ ਦੌਰਾਨ ਹੀ ਇੱਕ ਬੀ.ਡੀ.ਪੀ.ਓ. ਨੂੰ ਤਰੱਕੀ ਦੇ ਕੇ ਡੀ.ਡੀ.ਪੀ.ਓ. ਬਣਾਵਾਉਣ ਅਤੇ ਨਿਯਮਾਂ ਵਿਰੁੱਧ ਏ.ਡੀ.ਸੀ. ਵਿਕਾਸ ਦਾ ਚਾਰਜ ਦਵਾਉਣ ਦੇ ਦੋਸ਼ ਲੱਗੇ ਨੇ। ਅਧਿਕਾਰੀ ਨੇ ਸੇਵਾਮੁਕਤੀ ਤੋਂ ਇਕ ਦਿਨ ਪਹਿਲਾਂ ਕਾਹਲੀ ਵਿਚ ਪਠਾਨਕੋਟ ਜ਼ਿਲ੍ਹੇ ਅੰਦਰ ਸੌ ਏਕੜ ਮਾਈਨਿੰਗ ਵਾਲੀ ਕੀਮਤੀ ਪੰਚਾਇਤੀ ਜ਼ਮੀਨ ਦਾ ਗਲਤ ਫੈਸਲਾ ਕਰਕੇ ਵੱਡਾ ਘਪਲਾ ਕਰ ਦਿੱਤਾ। ਵਿਰੋਧੀਆਂ ਵਲੋਂ ਮੰਤਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ 'ਤੇ ਮੁੱਖ ਮੰਤਰੀ ਮੋਨ ਧਾਰੀ ਬੈਠੇ ਨੇ। ਰਾਜਪਾਲ ਵੱਲੋਂ ਵੀ ਮੰਤਰੀ ਕਟਾਰੂਚੱਕ ਨੂੰ ਅਨੈਤਿਕ ਦੋਸ਼ਾਂ ਕਾਰਨ ਬਰਖਾਸਤ ਕਰਨ ਲਈ ਅਤੇ ਗ਼ੈਰ-ਕਾਨੂੰਨੀ ਮਾਈਨਿੰਗ, ਨਸ਼ਿਆਂ ਅਤੇ ਮੀਟਿੰਗਾਂ ਵਿਚ ਅਣਅਧਿਕਾਰਿਤ ਵਿਅਕਤੀਆਂ ਦੀ ਮੀਟਿੰਗਾਂ ਵਿਚ ਹਾਜ਼ਰੀ ਸਬੰਧੀ ਮੁੱਖ ਮੰਤਰੀ ਨੂੰ ਲਿਖਿਆ ਗਿਆ ਹੈ, ਪਰ ਮੁੱਖ ਮੰਤਰੀ ਨੇ ਸੁਝਾਵਾਂ 'ਤੇ ਵਿਚਾਰ ਤੱਕ ਨਹੀਂ ਕੀਤਾ। ਪਹਿਲਿਆਂ ਸਰਕਾਰਾਂ ਦੇ ਮੁੱਖ ਮੰਤਰੀ ਸਬੰਧ ਸੁਖਾਵੇਂ ਨਾ ਹੋਣ 'ਤੇ ਵੀ ਰਾਜਪਾਲ ਨੂੰ ਬਣਦਾ ਸਤਿਕਾਰ ਦਿੰਦੇ ਰਹੇ ਨੇ। ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਬੁਲਾ ਕੇ ਕੇਂਦਰ ਅਤੇ ਰਾਜਪਾਲ ਖ਼ਿਲਾਫ਼ ਸਖ਼ਤ ਹਮਲੇ ਕਰਨ ਨਾਲ ਸਬੰਧ ਬਹੁਤ ਤਲਖ਼ ਹੋ ਚੁਕੇ ਨੇ ਅਤੇ ਕੇਂਦਰ ਨੇ ਸੂਬੇ ਦੇ 6000 ਕਰੋੜ ਦੇ ਫੰਡ ਰੋਕ ਰੱਖੇ ਨੇ। ਇਸ ਸਮੇਂ ਸੂਬਾ ਹੜ੍ਹਾਂ ਦੀ ਮਾਰ ਝੱਲ ਰਿਹੈ। ਮੁੱਖ ਮੰਤਰੀ ਕੇਂਦਰ ਤੋਂ ਫੰਡ ਮੰਗਣ ਦੀ ਬਜਾਏ ਖੁਦ ਹੀ ਨੁਕਸਾਨ ਦੀ ਭਰਪਾਈ ਦੇ ਦਮਗਜ਼ੇ ਮਾਰ ਰਹੇ ਨੇ, ਜੋ ਨਾਕਸ ਵਿੱਤੀ ਹਾਲਾਤਾਂ ਦੇ ਚੱਲਦੇ ਸੰਭਵ ਹੀ ਨਹੀਂ। ਮੁੱਖ ਮੰਤਰੀ ਵਲੋਂ ਬਹੁਤੇ ਨੂੰ ਫਰੰਟ ਖੋਲ੍ਹਣ ਨਾਲ ਸੂਬੇ ਦਾ ਕਿਸੇ ਤਰ੍ਹਾਂ ਭਲਾ ਹੋਣ ਵਾਲਾ ਨਹੀਂ ਹੈ। ਅਜਿਹੇ ਸਮੇਂ ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਕੇਜਰੀਵਾਲ ਨਾਲ ਦੂਜੇ ਰਾਜਾਂ ਵਿਚ ਰਾਜਨੀਤੀ ਕਰਨ ਦੀ ਬਜਾਏ, ਸੂਬੇ ਨੂੰ ਮਾੜੇ ਹਾਲਾਤ ਵਿਚੋਂ ਕੱਢਣ ਵੱਲ ਸਾਰਾ ਧਿਆਨ ਦੇਣ।

## ਜਨਮ ਦਿਨ 'ਤੇ ਵਿਸ਼ੇਸ਼

# ਅਮਰ ਸ਼ਹੀਦ ਸ. ਦਰਸ਼ਨ ਸਿੰਘ ਫੇਰੂਮਾਨ





ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
(Punjab Mail USA)


ਗੁਰਦੁਆਰਾ ਸੁਧਾਰ ਲਹਿਰ ਵਿਚ ਕੁਰਬਾਨੀ ਕਰਨ ਵਾਲੇ ਦੇਸ਼ ਦੀ ਆਜ਼ਾਦੀ ਲਈ ਕਈ ਵਾਰ ਜੇਲ੍ਹਾਂ ਦੇ ਤਸੀਹੇ ਸਹਾਰਨ ਵਾਲੇ ਮਹਾਨ ਦੇਸ਼ ਭਗਤ ਪੰਜਾਬ ਵਿਚ ਕਿਸਾਨੀ ਲਹਿਰ ਦੇ ਸੰਚਾਲਿਕ ਸ. ਦਰਸ਼ਨ ਸਿੰਘ ਫੇਰੂਮਾਨ ਦਾ ਜਨਮ 1 ਅਗਸਤ, 1886 ਨੂੰ ਪਿੰਡ ਫੇਰੂਮਾਨ, ਜ਼ਿਲ੍ਹਾ ਅੰਮ੍ਰਿਤਸਰ ਵਿਚ ਸ. ਚੰਦਾ ਸਿੰਘ ਦੇ ਘਰ ਮਾਤਾ ਰਾਜ ਕੌਰ ਦੀ ਕੁੱਖੋਂ ਹੋਇਆ। ਉਹ ਮਾਤਾ-ਪਿਤਾ ਦੇ ਇਕਲੌਤੇ ਪੁੱਤਰ ਸਨ।

ਮੁੱਢਲੀ ਵਿੱਦਿਆ ਇਨ੍ਹਾਂ ਨੇ ਪਿੰਡ ਦੇ ਸਕੂਲ ਤੋਂ ਪਾਸ ਕੀਤੀ ਫਿਰ ਬਾਬੇ ਬਕਾਲੇ ਪੜ੍ਹਾਈ ਕੀਤੀ। ਚੜ੍ਹਦੀ ਜਵਾਨੀ ਵਿਚ ਸ. ਦਰਸ਼ਨ ਸਿੰਘ 11 ਨੰਬਰ ਰਸਾਲੇ ਵਿਚ ਭਰਤੀ ਹੋਏ, ਜਿਸ ਨੂੰ ਸਿੰਧ ਹਾਰਸ ਕਹਿੰਦੇ ਸਨ। ਜੱਥੇਦਾਰ ਊਧਮ ਸਿੰਘ ਨਾਗੋਕੀ ਵੀ ਇਸ ਵਿਚ ਰਹੇ। ਦਰਸ਼ਨ ਸਿੰਘ ਇਸ ਵਿਚ ਤਿੰਨ ਸਾਲ ਨੌਕਰੀ ਕਰ ਕੇ 1914 'ਚ ਘਰ ਆ ਗਏ।

ਸੰਨ 1919 'ਚ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਹੋਇਆ। ਉਸ ਨੇ ਸਾਰੇ ਦੇਸ਼ ਵਿਚ ਆਜ਼ਾਦੀ ਦੀ ਤੜਫ਼ ਨੂੰ ਤੇਜ਼ ਕਰ ਦਿੱਤਾ। 1920 'ਚ ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ ਹੋਇਆ, ਉਸ ਦਾ ਪ੍ਰਭਾਵ ਵੀ ਇਸ 'ਤੇ ਪਿਆ। ਇਸ ਕਰਕੇ ਇਨ੍ਹਾਂ ਦੇ ਮਨ ਵਿਚ ਪ੍ਰੀਵਰਤਨ ਆ ਗਿਆ।

ਜੱਥੇਦਾਰ ਊਧਮ ਸਿੰਘ ਨਾਗੋਕੇ ਤੇ ਹੋਰ ਕੁੱਝ ਸਰਦਾਰਾਂ ਨੇ ਸ. ਫੇਰੂਮਾਨ ਦੀ ਮਾਤਾ ਨੂੰ ਕਹਿ ਕੇ ਇਸ ਨੂੰ ਕੌਮ ਅਤੇ ਦੇਸ਼ ਸੇਵਾ ਲਈ ਮੰਗ ਲਿਆ, ਤਾਂ ਮਾਤਾ ਦੇ ਹਾਂ ਕਹਿਣ 'ਤੇ ਸ. ਫੇਰੂਮਾਨ ਨੇ ਵੀ ਖ਼ੁਸ਼ੀ-ਖ਼ੁਸ਼ੀ ਸਵੀਕਾਰ ਕਰ ਲਿਆ।

1920 'ਚ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦਾ ਸੁਧਾਰ ਕਰਨ ਲਈ ਸ. ਅਮਰ ਸਿੰਘ ਝਬਾਲ ਦੀ ਜੱਥੇਦਾਰੀ ਹੇਠ ਤਰਨਤਾਰਨ ਤੋਂ ਜੱਥਾ ਗਿਆ, ਉਸ ਵਿਚ ਦਰਸ਼ਨ ਸਿੰਘ ਫੇਰੂਮਾਨ ਵੀ ਸ਼ਾਮਲ ਸਨ।

1920 'ਚ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਕਾਇਮ ਕੀਤੇ ਗਏ। ਦੋਵੇਂ ਕਮੇਟੀਆਂ ਵਿਚ ਸ. ਦਰਸ਼ਨ ਸਿੰਘ ਫੇਰੂਮਾਨ ਸ਼ਾਮਲ ਸਨ। ਨਵੰਬਰ 1921 ਨੂੰ ਚਾਬੀਆਂ ਦੇ ਮੋਰਚੇ ਵਿਚ ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਇਕ ਸਾਲ ਦੀ ਸਜ਼ਾ ਹੋਈ।

ਸੰਨ 1923 'ਚ ਸੁਲਤਾਨਵਿੰਡ, ਜ਼ਿਲ੍ਹਾ ਅੰਮ੍ਰਿਤਸਰ ਵਿਚ ਕਾਂਗਰਸ ਵਲੋਂ ਇਕ ਰਾਜਸੀ ਜਲਸਾ ਹੋਇਆ। ਬਾਬਾ ਇੰਦਰ ਸਿੰਘ ਵੇਰਕਾ ਅਤੇ ਸ. ਫੇਰੂਮਾਨ ਉਸ ਦੇ ਪ੍ਰਬੰਧਕ ਸਨ। ਸਰਕਾਰ ਨੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਸਵਾ-ਸਵਾ ਸਾਲ ਦੀ ਕੈਦ ਕਰਕੇ ਮੁਲਤਾਨ ਸੈਂਟਰਲ ਜੇਲ੍ਹ ਭੇਜ ਦਿੱਤਾ।

ਫ਼ਰਵਰੀ 1924 ਵਿਚ ਜੈਤੋਂ ਦਾ ਮੋਰਚਾ ਲੱਗਿਆ। 1924 ਵਿਚ ਹੀ ਸ. ਫੇਰੂਮਾਨ ਹੋਰੀ ਰਿਹਾ ਹੋ ਕੇ ਆਏ। ਉਸ ਟਾਇਮ ਜੈਤੋਂ ਨੂੰ ਜੱਥੇ ਜਾ ਰਹੇ ਸਨ। ਇਹ 14ਵੇਂ ਸ਼ਹੀਦੀ ਜੱਥੇ ਦੇ ਜੱਥੇਦਾਰ ਬਣ ਕੇ ਨਾਭੇ ਗਏ। ਛੇ ਸੱਤ ਮਹੀਨੇ ਜੇਲ੍ਹ ਵਿਚ ਰਹੇ। ਜੁਲਾਈ 1925 ਵਿਚ ਗੁਰਦੁਆਰਾ ਐਕਟ ਬਣ ਗਿਆ। ਸਰਕਾਰ ਨੇ ਸਾਰੇ ਅਕਾਲੀ ਕੈਦੀ ਛਡ ਦਿੱਤੇ ਅਤੇ ਸ. ਫੇਰੂਮਾਨ ਵੀ ਰਿਹਾ ਹੋ ਗਏ।

1926 ਵਿਚ ਸ. ਫੇਰੂਮਾਨ ਆਪਣੇ ਪਿਤਾ ਕੋਲ ਮਲਾਇਆ ਚਲੇ ਗਏ। ਮਲਾਇਆ ਵਿਚ ਬੁੱਧ ਸਿੰਘ ਸਠਿਆਲਾ ਨਾਲ ਮਿਲ ਕੇ ਦੇਸ਼ ਦੀ ਆਜ਼ਾਦੀ ਲਈ ਭਾਰਤੀਆਂ ਨਾਲ ਪ੍ਰਚਾਰ ਕਰਨ ਲੱਗ ਪਏ, ਉੱਥੇ ਅੰਗਰੇਜ਼ੀ ਸਰਕਾਰ ਨੇ ਆਪ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਬੰਦ ਕਰ ਦਿੱਤਾ। ਆਪ ਨੇ 21 ਦਿਨ ਦੀ ਭੁੱਖ ਹੜਤਾਲ ਕੀਤੀ, ਤਿੰਨ ਸਾਲ ਬਾਅਦ 1929 ਵਿਚ ਵਾਪਸ ਆ ਗਏ।

1934- 35 ਵਿਚ ਊਧਮ ਸਿੰਘ ਨਾਗੋਕੇ, ਸ. ਫੇਰੂਮਾਨ ਅਤੇ ਪ੍ਰਤਾਪ ਸਿੰਘ ਕੈਰੋਂ ਨੇ ਕਿਸਾਨੀ ਲਹਿਰ ਜਾਰੀ ਕੀਤੀ। 1939 ਵਿਚ ਸ਼੍ਰੋਮਣੀ ਗੁਰਦੁਆਰੇ ਦੀਆਂ ਚੋਣਾਂ ਹੋਈਆਂ ਉਨ੍ਹਾਂ ਵਿਚ ਸ. ਫੇਰੂਮਾਨ ਦੋ ਵਾਰ ਅਤੇ ਦਰਬਾਰ ਸਾਹਿਬ ਕਮੇਟੀ ਦੇ ਮੈਂਬਰ ਚੁਣੇ ਗਏ। ਆਜ਼ਾਦੀ ਤੋਂ ਬਾਅਦ 1952 ਤੋਂ 1964 ਤੱਕ ਕਾਂਗਰਸ ਟਿਕਟ 'ਤੇ ਰਾਜ ਸਭਾ ਦੇ ਮੈਂਬਰ ਰਹੇ।

1948 ਤੋਂ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਪੰਜਾਬੀ ਸੂਬੇ ਦਾ ਅੰਦੋਲਨ ਚੱਲ ਰਿਹਾ ਸੀ। 1960 ਵਿਚ ਸੰਤ ਫਤਿਹ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸਾ ਸੋਧ ਕੇ ਮਰਨ ਵਰਤ ਰੱਖਿਆ ਪਰ ਮਾਸਟਰ ਤਾਰਾ ਸਿੰਘ ਅਤੇ ਅਕਾਲੀ ਦਲ ਦੀ ਆੜ ਹੇਠ ਤੋੜ ਦਿੱਤਾ। ਮਾਸਟਰ ਤਾਰਾ ਸਿੰਘ ਨੇ 48 ਦਿਨ ਬਾਅਦ ਵਰਤ ਖੋਲ੍ਹ ਦਿੱਤਾ। ਮਾਸਟਰ ਤਾਰਾ ਸਿੰਘ ਨੇ ਪੰਜ ਪਿਆਰਿਆਂ ਕੋਲੋਂ ਭੁੱਲ ਬਖਸ਼ਾਈ।

ਦੂਜੀ ਵਾਰ ਸੰਤ ਫਤਿਹ ਸਿੰਘ ਨੇ 1965 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੈਠ ਕੇ ਕੁੰਡ ਬਣਵਾ ਕੇ ਸੜ ਮਰਨ ਦਾ ਐਲਾਨ ਕੀਤਾ ਪਰ ਭਾਰਤ-ਪਾਕਿਸਤਾਨ ਜੰਗ ਦੀ ਆੜ ਹੇਠ ਪ੍ਰਣ ਭੰਗ ਕਰ ਦਿੱਤਾ।

ਤੀਜੀ ਵਾਰ ਦਸੰਬਰ 1966 ਵਿਚ ਚੰਡੀਗੜ੍ਹ, ਭਾਖੜਾ ਨੰਗਲ ਤੇ ਹਰਿਆਣਾ ਦੇ ਪੰਜਾਬੀ ਬੋਲਦੇ ਪਿੰਡ ਪ੍ਰਾਪਤ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸੜ ਮਰਨ ਦਾ ਪ੍ਰਣ ਕੀਤਾ। ਇਸ ਵਾਰ ਪੰਜ ਸਾਥੀ ਸੰਤ ਚੰਨਣ ਸਿੰਘ, ਜੀਵਨ ਸਿੰਘ ਉਮਰਾ ਨੰਗਲ, ਦਲੀਪ ਸਿੰਘ ਤਲਵੰਡੀ, ਮਿਤ ਸਿੰਘ ਚੜਿਕ ਆਦਿ ਪੀਲੇ ਚੋਲੇ ਪਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਚੜ੍ਹ ਬੈਠੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਪਰਲੀ ਮੰਜ਼ਿਲ ਉੱਪਰ ਖੜ੍ਹੇ ਕਰਕੇ ਉਨ੍ਹਾਂ ਦੇ ਦਰਸ਼ਨ ਕਰਵਾਏ ਗਏ। ਉਨ੍ਹਾਂ ਦੇ ਸੜ ਮਰਨ ਲਈ ਦੂਸਰਾ ਅੰਗਨਿ ਕੁੰਡ ਵੀ ਬਣਵਾਇਆ ਗਿਆ। ਪਰ ਇਸ ਵਾਰ ਫਿਰ ਸ. ਹੁਕਮ ਸਿੰਘ ਨੂੰ ਸੱਦ ਕੇ ਉਸ ਨਾਲ ਗੁਪਤ ਬੰਦ ਕਮਰਾ ਮੀਟਿੰਗ ਕਰਕੇ ਸੜ ਮਰਨ ਤੋਂ ਬਚ ਗਏ।

ਇਸ ਨਾਲ ਕੌਮ ਦੀ ਬਹੁਤ ਨਿਰਾਦਰੀ ਹੋਈ। ਸ. ਦਰਸ਼ਨ ਸਿੰਘ ਫੇਰੂਮਾਨ ਦੇ ਮਨ ਨੂੰ ਬਹੁਤ ਸੱਟ ਵੱਜੀ। ਸਿੱਖ ਪੰਥ ਦੀ ਲਾਜ ਰੱਖਣ ਲਈ ਜੁਲਾਈ 1969 ਦੇ ਆਰੰਭ ਵਿਚ ਡਾ. ਜਗਜੀਤ ਸਿੰਘ ਤੇ ਕਰਨੈਲ ਸਿੰਘ ਮਰੜ੍ਹੀ ਨੇ ਸ. ਫੇਰੂਮਾਨ ਨੂੰ ਕਿਹਾ ਕਿ ਸੰਤਾਂ ਨੇ ਕੌਮ ਦੀ ਬਹੁਤ ਹੇਠੀ ਕਰਵਾਈ ਹੈ, ਤੁਸੀਂ ਹੀ ਲਾਜ ਰੱਖ ਲਵੋ। ਸ. ਫੇਰੂਮਾਨ ਦਾ ਪਹਿਲਾਂ ਹੀ ਮਨ ਬਣਿਆ ਹੋਇਆ ਸੀ। ਉਸ ਨੇ ਫਤਿਹ ਸਿੰਘ ਨੂੰ ਇਕ ਮਹੀਨੇ ਦਾ ਨੋਟਿਸ ਦੇ ਕੇ ਸ਼ਹੀਦੀ ਪ੍ਰਾਪਤ ਕਰਨ ਦਾ ਐਲਾਨ ਕਰ ਦਿੱਤਾ।

1969 ਦੀ 11-12 ਅਗਸਤ ਦੀ ਵਿਚਕਾਲੀ ਰਾਤ ਨੂੰ ਅਕਾਲੀ ਸਰਕਾਰ ਨੇ ਸ. ਦਰਸ਼ਨ ਸਿੰਘ ਫੇਰੂਮਾਨ ਨੂੰ ਘਰ ਤੋਂ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਜੇਲ੍ਹ ਵਿਚ ਬੰਦ ਕਰ ਦਿੱਤਾ।

15 ਅਗਸਤ ਨੂੰ ਜੇਲ੍ਹ ਵਿਚ ਸ. ਫੇਰੂਮਾਨ ਨੇ ਆਪ ਅਰਦਾਸਾ ਸੋਧ ਕੇ 'ਦੇਹ ਸ਼ਿਵਾ ਬਰ ਮੋਹਿ ਇਹੈ' ਦਾ ਸਵਈਆ ਪੜ੍ਹ ਕੇ ਮਰਨ ਵਰਤ ਰੱਖ ਦਿੱਤਾ ਤੇ ਅਫ਼ਸਰਾਂ ਨੂੰ ਕਹਿ ਦਿੱਤਾ, ਮੈਨੂੰ ਜਬਰੀ ਖ਼ੁਰਾਕ ਨਹੀਂ ਦੇਣੀ। ਬਾਰ੍ਹਾਂ ਦਿਨਾਂ ਬਾਅਦ ਉਨ੍ਹਾਂ ਨੂੰ ਸਿਵਲ ਹਸਪਤਾਲ 'ਚ ਲਿਆਂਦਾ ਗਿਆ।

ਸੰਤਾਂ ਦੀ ਪਾਰਟੀ ਤੇ ਅਕਾਲੀ ਸਰਕਾਰ ਦੇ ਵਜ਼ੀਰਾਂ ਨੇ ਸ. ਫੇਰੂਮਾਨ ਦੀ ਵਿਰੋਧਤਾ ਕੀਤੀ। ਸੰਤ ਫਤਿਹ ਸਿੰਘ ਨੇ 27 ਅਗਸਤ 1969 ਨੂੰ ਪਟਿਆਲੇ ਵਿਚ ਕਿਹਾ, "ਫੇਰੂਮਾਨ ਸਾਡੀ ਲੀਡਰੀ ਨੂੰ ਹੱਥ ਪਾਉਣਾ ਚਾਹੁੰਦਾ ਹੈ, ਅਸੀਂ ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਰਗੜ ਕੇ ਰੱਖ ਦਿਆਗੇ।" ਜੱਥੇਦਾਰ ਮੋਹਣ ਸਿੰਘ ਤੁੜ ਨੇ ਅੰਮ੍ਰਿਤਸਰ ਦੇ ਹਸਪਤਾਲ ਵਿਚ ਸ. ਹਰਨਾਮ ਸਿੰਘ ਖੋਜਕੀਪੁਰ ਨੂੰ ਕਿਹਾ ਕੇ ਫੇਰੂਮਾਨ ਕੁੱਤੇ ਦੀ ਮੌਤ ਮਰੇਗਾ ਪਰ ਇਨ੍ਹਾਂ ਦੀ ਉਸ ਟਾਇਮ ਛੇਤੀ ਹੀ ਸੁਰਤ ਟਿਕਾਣੇ ਆ ਗਈ, ਜਦ ਜਨਤਾ ਨੇ ਫੇਰੂਮਾਨ ਦੀ ਹਮਾਇਤ ਕੀਤੀ।

85 ਸਾਲ ਦੀ ਉਮਰ 'ਚ 74 ਦਿਨਾਂ ਦੀ ਭੁੱਖ ਹੜਤਾਲ ਦੇ ਬਾਅਦ ਸ. ਦਰਸ਼ਨ ਸਿੰਘ ਫੇਰੂਮਾਨ ਆਪਣੀ ਕੀਤੀ ਹੋਈ ਅਰਦਾਸ ਤੇ ਆਪਣੇ ਪ੍ਰਣ ਨੂੰ ਪਾਲਦੇ ਹੋਏ ਅੰਮ੍ਰਿਤਸਰ ਵਿਚ 27 ਅਕਤੂਬਰ 1969 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਸ. ਦਰਸ਼ਨ ਸਿੰਘ ਫੇਰੂਮਾਨ ਦੇ ਮਹਾਨ ਬਲੀਦਾਨ ਨੇ ਸਿੱਖੀ ਦੀ ਲਾਜ ਰੱਖ ਲਈ ਤੇ ਪੰਜਾਬ ਦਾ ਮਾਣ ਵਧਾ ਦਿੱਤਾ।

# ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ

## 16 ਅਗਸਤ ਬਰਸੀ 'ਤੇ ਵਿਸ਼ੇਸ਼





ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
(Punjab Mail USA)


ਮਹਾਨ ਤਪੱਸਵੀ ਸਮਾਜ ਸੁਧਾਰਕ ਅਤੇ ਕਰਮਯੋਗੀ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਦਾ ਜਨਮ 21 ਅਕਤੂਬਰ, 1932 ਨੂੰ ਗੁਰਬਾਣੀ ਦੇ ਨਿਤ ਨੇਮੀ ਜੱਥੇਦਾਰ ਝੰਡਾ ਸਿੰਘ ਦੇ ਘਰ ਮਾਤਾ ਲਾਭ ਕੌਰ ਜੀ ਦੀ ਕੁਖੋਂ ਪਿੰਡ ਭੂਰੇ ਕੋਹਨਾ ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਾਂ ਅਨੁਸਾਰ ਆਪ ਜੀ ਦਾ ਨਾਮ ਕਰਤਾਰ ਸਿੰਘ ਰੱਖਿਆ ਗਿਆ।

ਮੁੱਢਲੀ ਵਿਦਿਆ ਤੇ ਗੁਰਮਖੀ ਆਪ ਨੇ ਆਪਣੇ ਪਿੰਡ ਦੇ ਮਹਾਨ ਗੁਰਸਿੱਖ ਅਖੰਡ ਪਾਠੀ ਬਜ਼ੁਰਗ ਬਾਬਾ ਬੱਗਾ ਸਿੰਘ ਪਾਸੋਂ ਲਈ। ਅੱਠਵੀਂ ਤੱਕ ਆਪ ਸਰਕਾਰੀ ਮਿਡਲ ਸਕੂਲ ਖੇਮਕਰਨ ਪੜ੍ਹੇ ਦਸਵੀਂ ਨੈਸ਼ਨਲ ਸਕੂਲ ਭਿੱਖੀਵਿੰਡ ਤੋਂ ਪਾਸ ਕੀਤੀ ਅਤੇ ਉਚੇਰੀ ਵਿਦਿਆ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਨਿਤਨੇਮ ਕਰਨਾ, ਸਿਮਰਨ ਕਰਨਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਤੋਂ ਬਿੰਨਾ ਪ੍ਰਸ਼ਾਦਾ ਨਾ ਛਕਣਾ ਆਪ ਜੀ ਦਾ ਕਰਮ ਸੀ।

ਆਪ ਰੋਜ਼ਾਨਾ ਖ਼ਾਲਸਾ ਕਾਲਜ ਤੋਂ ਸ੍ਰੀ ਹਰਿਮੰਦਰ ਸਾਹਿਬ ਤੁਰ ਕੇ ਆਇਆ ਕਰਦੇ ਸਨ। ਇਸ ਦੌਰਾਨ 25 ਜਪੁਜੀ ਸਾਹਿਬ ਦੇ ਪਾਠ ਰੋਜ਼ਾਨਾ ਕਰਦੇ।

1948 ਵਿਚ ਜਦ ਆਪ ਕਾਲਜ ਦੀ ਵਿੱਦਿਆ ਪ੍ਰਾਪਤ ਕਰਦੇ ਸਨ, ਆਪ ਜੀ ਦੇ ਭੂਆ ਦੇ ਪੁੱਤਰ ਭਗਤ ਉਜਾਗਰ ਸਿੰਘ ਜੀ ਕਾਹਨੇ ਵਾਲੇ ਨੇ ਆਪ ਜੀ ਦਾ ਮੇਲ ਭਿੰਡਰ ਕਲਾਂ ਵਿਖੇ ਦਮਦਮੀ ਟਕਸਾਲ ਦੇ 12ਵੇਂ ਮੁੱਖੀ ਸੰਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਜੀ ਨਾਲ ਕਰਵਾਇਆ, ਫਿਰ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ। ਇਸ ਅਸਥਾਨ 'ਤੇ ਹੀ ਮਹਾਪੁਰਸ਼ਾਂ ਨੇ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਆਪ ਜੀ ਨੂੰ ਅੰਮ੍ਰਿਤ ਛਕਾਇਆ।

1950 ਵਿਚ ਸਰਦਾਰ ਕਰਤਾਰ ਸਿੰਘ ਦੀ ਪੁਤਰੀ ਬੀਬੀ ਨਿਰਜੰਣ ਕੌਰ ਪਿੰਡ ਭੈਣੀ ਮੱਸਾ ਸਿੰਘ ਨਾਲ ਗੁਰਮਰਿਆਦਾ ਅਨੁਸਾਰ ਵਿਆਹ ਹੋਇਆ। ਆਪਦੇ ਘਰ ਦੋ ਪੁਤਰਾਂ ਭਾਈ ਅਮਰੀਕ ਸਿੰਘ ਅਤੇ ਭਾਈ ਮਨਜੀਤ ਸਿੰਘ ਨੇ ਜਨਮ ਲਿਆ। ਭਾਈ ਮਨਜੀਤ ਸਿੰਘ ਜੀ ਸ਼੍ਰੋਮਣੀ ਕਮੇਟੀ ਮੈਂਬਰ ਹਨ। ਭਾਈ ਅਮਰੀਕ ਸਿੰਘ ਆਲ ਇੰਡੀਆ ਸਿੱਖ ਸਟੂਡੈਂਟ ਫਡਰੇਸ਼ਨ ਦੇ ਪ੍ਰਧਾਨ ਸਨ, ਜੋ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨਾਲ ਹੀ ਸ਼ਹੀਦ ਹੋ ਗਏ ਸਨ।

ਪਿਤਾ ਜੀ ਦੇ ਕਹਿਣ 'ਤੇ ਆਪ ਨੇ ਮੁਕਤਸਰ ਵਿਖੇ ਪਟਵਾਰੀ ਦੀ ਨੌਕਰੀ ਵੀ ਕੀਤੀ ਪਰ ਆਪ ਜੀ ਦਾ ਮਨ ਸੰਤ ਗੁਰਬਚਨ ਸਿੰਘ ਜੀ ਦੇ ਦਰਸ਼ਨਾ ਨੂੰ ਲੋਚਦਾ ਰਹਿੰਦਾ 1957 ਵਿਚ ਨੌਕਰੀ ਤੋਂ ਅਸਤੀਫ਼ਾ ਦੇ ਕੇ ਪੱਕੇ ਤੌਰ ਤੇ ਮਹਾਪੁਰਸ਼ਾਂ ਦੇ ਚਰਨਾਂ ਵਿਚ ਆ ਹਾਜ਼ਰ ਹੋਏ।

ਇਨ੍ਹਾਂ ਦੀ ਉੱਚੀ ਲਗਨ ਨਾਮ ਸਿਮਰਨ ਅਤੇ ਸੇਵਾ ਭਾਵ ਨੂੰ ਵੇਖਦਿਆਂ ਆਪ ਜੀ ਦੀ ਡਿਊਟੀ ਗੁਰਬਾਣੀ ਦੀ ਕਥਾ ਵਿਚਾਰ 'ਤੇ ਲਗਾ ਦਿੱਤੀ। ਹੌਲੀ-ਹੌਲੀ ਆਪ ਨੇ ਸੰਤਾਂ ਦੇ ਗੜਵਈ ਵਜੋਂ ਵੀ ਸੇਵਾ ਸੰਭਾਲ ਲਈ। ਇਹ ਦਿਨ ਦੇ ਨਿਤ ਕਰਮ ਨਾਲ ਗੁਰਬਾਣੀ ਦੀ ਕਥਾ ਕਰਦੇ ਛੋਟੇ ਬੱਚਿਆਂ ਨੂੰ ਗੁਰਬਾਣੀ ਕਥਾ ਕਰਵਾਉਂਦੇ ਜੱਥੇ ਦੀ ਹੱਥੀਂ ਸੇਵਾ ਕਰਨੀ ਅਤੇ ਸਿਮਰਨ ਕਰਨਾ।

ਇਤਨੀ ਕਠਿਨ ਸੇਵਾ ਆਪ ਨੇ 13 ਸਾਲ ਪੂਰੀ ਲਗਨ ਨਾਲ ਕੀਤੀ। 1964 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਜੀ ਨੇ ਗੁਰਬਾਣੀ ਦੇ ਮੰਗਲਾਂ ਦੀ ਸੁਧਾਈ ਦੀ ਸੇਵਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੂੰ ਸੌਂਪੀ, ਤਾਂ ਆਪ ਜੀ ਨੇ ਸੰਤ ਮਹਾਪੁਰਸ਼ਾਂ ਦੀ ਦੇਖ-ਰੇਖ ਹੇਠਾ ਸੁਧਾਈ ਦਾ ਕੰਮ ਲਗਾਤਾਰ ਛੇ ਸਾਲ ਅੰਮ੍ਰਿਤਸਰ ਵਿਖੇ ਰਹਿ ਕੇ ਪੂਰੀ ਲਗਨ ਅਤੇ ਮਿਹਨਤ ਨਾਲ ਸੰਪੂਰਨ ਕੀਤਾ।

13 ਅਪ੍ਰੈਲ, 1964 ਵਿਸਾਖੀ ਵਾਲੇ ਦਿਨ ਜਦੋਂ ਆਪ ਜੀ ਮਹਾਪੁਰਸ਼ਾਂ ਨੂੰ ਸ੍ਰੀ ਦਰਬਾਰ ਸਾਹਿਬ ਦੀ ਉਪਰਲੀ ਛੱਤ 'ਤੇ ਬੈਠ ਕੇ ਪੰਜ ਬਾਣੀਆਂ ਦੇ ਪਾਠਾਂ ਉਪਰੰਤ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਸੁਣਾ ਰਹੇ ਸਨ, ਤਾਂ ਅਠਾਰਵੀਂ ਅਸਟਪਦੀ ਸਣਾਉਂਦਿਆ ਵਿਚੋਂ ਰੋਕ ਕੇ ਬਖਸ਼ਿਸ਼ ਕਰਦਿਆਂ ਮਹਾਂਪੁਰਸ਼ਾਂ ਨੇ ਪੂਰੀ ਖ਼ੁਸ਼ੀ ਨਾਲ ਬਚਨ ਕੀਤਾ, "ਕਰਤਾਰ ਸਿੰਘ ਜੀ! ਦਮਦਮੀ ਟਕਸਾਲ ਦੀ ਸੇਵਾ ਤੈਨੂੰ ਸੌਂਪਣੀ ਹੈ, ਅਸੀਂ ਤੇਰੀ ਸੇਵਾ ਸਿਮਰਨ ਅਤੇ ਗੁਰੂ ਲਗਨ ਤੋਂ ਬਹੁਤ ਪ੍ਰਸੰਨ ਹਾਂ, ਜੋ ਕੰਮ ਮੇਰੇ ਤੋਂ ਅਧੂਰੇ ਰਹਿ ਗਏ ਹਨ, ਉਹ ਤੁਸੀਂ ਪੂਰੇ ਕਰਨੇ ਹਨ।

1967 ਈਸਵੀ ਵਿਚ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੇ ਜਨਮ ਦਿਹਾੜੇ 'ਤੇ ਪਟਨਾ ਸਾਹਿਬ ਵਿਖੇ ਸਭ ਸੰਗਤਾਂ ਦੇ ਸਾਹਮਣੇ ਦਮਦਮੀ ਟਕਸਾਲ ਦੀ ਸੇਵਾ ਆਪ ਨੂੰ ਸਿਰਪਾਓ ਦੇ ਕੇ ਸੌਂਪ ਦਿੱਤੀ।

28 ਜੂਨ, 1969 ਈਸਵੀ ਨੂੰ ਚੌਂਕ ਮਹਿਤਾ ਵਿਖੇ ਦਮਦਮੀ ਟਕਸਾਲ ਦੇ ਬਾਰਵੇਂ ਮੁੱਖੀ ਸੰਤ ਗੁਰਬਚਨ ਸਿੰਘ ਜੀ ਦੇ ਸਰੀਰ ਤਿਆਗਣ ਤੋਂ ਬਾਅਦ ਆਪ ਦਮਦਮੀ ਟਕਾਸਾਲ ਦੇ ਤੇਰਵੇਂ ਮੁਖੀ ਬਣੇ ਅਤੇ ਚੌਂਕ ਮਹਿਤਾ ਨੂੰ ਆਪਣਾ ਪ੍ਰਚਾਰ ਕੇਂਦਰ ਬਣਾਇਆ। ਇਥੇ ਬਹੁਤ ਵੱਡਾ ਗੁਰਮਤਿ ਦਾ ਮਹਾ ਵਿਦਿਆਲਿਆ ਸਥਾਪਿਤ ਕੀਤਾ। ਇਨ੍ਹਾਂ ਨੇ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਨਾਲ ਜੋੜਿਆ।

ਸੰਤ ਕਰਤਾਰ ਸਿੰਘ ਜੀ ਖਾਲਸਾ ਪਰਪੱਕ ਅਤੇ ਪੰਥ ਨੂੰ ਸਮਰਪਿਤ ਗੁਰਸਿੱਖ ਸਨ, ਜਿਨ੍ਹਾਂ ਨੇ ਦਮਦਮੀ ਟਕਸਾਲ ਦੇ ਮੁਖੀ ਵਜੋਂ ਅੱਠ ਸਾਲ ਥੋੜੇ ਅਰਸੇ ਦੌਰਾਨ ਸਿੱਖੀ ਪ੍ਰਚਾਰ ਨੂੰ ਦੇਸ਼ ਦੇ ਕੋਨੇ-ਕੋਨੇ ਪਹੁੰਚਾਇਆ। 1975 ਈਸਵੀ ਵਿਚ ਐਮਰਜੈਂਸੀ ਦਾ ਨਿਰਭੈਤਾ ਨਾਲ ਵਿਰੋਧ ਕਰਦਿਆਂ ਦੇਸ਼ ਭਰ ਵਿਚੋਂ 37 ਨਗਰ ਕੀਰਤਨ ਕੱਢਦਿਆਂ ਸਿੱਖ ਸੰਗਤਾਂ ਵਿਚ ਗੁਰਮਤਿ ਅਤੇ ਰਾਜਸੀ ਚੇਤਨਾ ਪੈਦਾ ਕੀਤੀ। ਸੰਤ ਜੀ ਨੇ ਦਿੱਲੀ ਵਿਖੇ ਬੇਖੌਫ਼ ਸ਼ਬਦ ਕਹੇ ਕੇ ਨੌਂਵੇ ਪਾਤਸ਼ਾਹਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਦਿੱਤੀ ਸ਼ਹੀਦੀ ਦੇ ਪਰਉਪਕਾਰਾਂ ਦੀ ਦੇਣ ਸਾਡਾ ਦੇਸ਼ ਕਦੇ ਨਹੀਂ ਦੇ ਸਕਦਾ।

3 ਅਗਸਤ 1977 ਈਸਵੀ ਨੂੰ ਮਲਸੀਆਂ (ਜਲੰਧਰ) ਤੋਂ ਸੋਲਨ (ਹਿਮਾਚਲ ਪ੍ਰਦੇਸ਼) ਨੂੰ ਜਾ ਰਹੇ ਸਨ। ਲੁਧਿਆਣੇ ਦਾਖ਼ਲ ਹੋਣ ਸਮੇਂ ਆਪ ਜੀ ਦੀ ਗੱਡੀ ਦਰੱਖਤ ਨਾਲ ਜਾ ਟਕਰਾਈ। ਇਸ ਨਾਲ ਸੰਤ ਮਹਾਂਪੁਰਸ਼ ਸਖਤ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਸੀ.ਐੱਮ.ਸੀ ਹਸਪਤਾਲ ਦਾਖ਼ਲ ਕਰਵਾਇਆ ਗਿਆ। ਡਾਕਟਰਾਂ ਨੇ ਕੇਸ ਕੱਟ ਕੇ ਉਪਰੇਸ਼ਨ ਕਰਨ ਦੀ ਸਲਾਹ ਦਿੱਤੀ ਪਰ ਇਨ੍ਹਾਂ ਨੇ ਇਨਕਾਰ ਕਰ ਦਿੱਤਾ, ਕੇਸ ਕੱਟਣ ਨਾਲੋਂ ਮੌਤ ਨੂੰ ਤਰਜੀਹ ਦਿੱਤੀ। 13 ਦਿਨ ਜ਼ਿੰਦਗੀ ਮੌਤ ਨਾਲ ਸੰਘਰਸ਼ ਕਰਦੇ 16 ਅਗਸਤ, 1977 ਨੂੰ ਸ਼ਾਮ ਛੇ ਵੱਜ ਕੇ ਪੰਦਰਾਂ ਮਿੰਟ 'ਤੇ 45 ਸਾਲ ਦੀ ਉਮਰ ਭੋਗ ਕੇ ਸੱਚਖੰਡ ਜਾ ਬਿਰਾਜੇ। ਇਨ੍ਹਾਂ ਦਾ ਸਸਕਾਰ ਚੌਂਕ ਮਹਿਤਾ ਵਿਖੇ ਹੋਇਆ। ਬਹੁਤ ਵੱਡੀ ਗਿਣਤੀ ਵਿਚ ਪੁੱਜੀਆਂ ਸੰਗਤਾਂ ਨੇ ਸੇਜਲ ਅੱਖਾਂ ਨਾਲ ਮਹਾਪੁਰਸ਼ਾਂ ਨੂੰ ਅੰਤਿਮ ਵਦਾਇਗੀ ਦਿੱਤੀ। ਸੰਤ ਕਰਤਾਰ ਸਿੰਘ ਜੀ ਵੀਹਵੀਂ ਸਦੀ ਦੇ ਮਹਾਨ ਸੰਤ ਅਤੇ ਸੰਘਰਸ਼ੀ ਯੋਧੇ ਸਨ, ਜਿਨ੍ਹਾਂ ਦੀ ਬਰਸੀ ਹਰ ਸਾਲ 16 ਅਗਸਤ ਨੂੰ ਦਮਦਮੀ ਟਕਸਾਲ ਦੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਬੜੀ ਸ਼ਰਧਾਪੂਰਵਕ ਮਨਾਈ ਜਾਂਦੀ ਹੈ। ਇਨ੍ਹਾਂ ਤੋਂ ਬਾਅਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੂੰ ਦਮਦਮੀ ਟਕਸਾਲ ਦੇ ਚੋਦਵੇਂ ਮੁੱਖੀ ਥਾਪਿਆ ਗਿਆ।

# ਨਾਨਕਿਆਂ ਦਾ ਮੋਹ

## (15 ਅਗਸਤ 1947 ਦੀ ਇੱਕ ਦਾਸਤਾਨ)

ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 95011-00062
(Punjab Mail USA)





1947 ਵਿਚ ਵੰਡ ਵੇਲੇ ਭਾਰਤ ਅਤੇ ਪਾਕਿਸਤਾਨ ਵਿਚ ਅੰਤਾਂ ਦੀ ਨਫਰਤ ਦੀ ਹਨੇਰੀ ਝੁੱਲੀ ਸੀ। ਸੰਸਾਰ ਵਿਚ ਦੋ ਦੇਸ਼ਾਂ ਦਰਮਿਆਨ ਐਨਾ ਵੱਡਾ ਆਬਾਦੀ ਦਾ ਤਬਾਦਲਾ ਇਤਿਹਾਸ ਵਿਚ ਅੱਜ ਤੱਕ ਨਹੀਂ ਹੋਇਆ। ਰਾਤੋ-ਰਾਤ ਕੱਖਪਤੀ ਲੱਖਪਤੀ ਬਣ ਗਏ ਤੇ ਲੱਖਪਤੀ ਸੜਕਾਂ ’ਤੇ ਰੁਲਣ ਲੱਗੇ। ਦੰਗਿਆਂ ਸਬੰਧੀ ਭਾਰਤ ਅਤੇ ਪਾਕਿਸਤਾਨ ਵਿਚ ਸੈਂਕੜੇ ਕਿਤਾਬਾਂ ਲਿਖੀਆਂ ਗਈਆਂ ਅਤੇ ਅਨੇਕਾਂ ਫਿਲਮਾਂ ਬਣੀਆਂ ਹਨ। ਉਸ ਇਨਸਾਨੀਅਤ ਤੋਂ ਗਿਰੇ ਹੋਏ ਕਤਲੇਆਮ ਲਈ ਦੋਵੇਂ ਦੇਸ਼ ਇੱਕ ਦੂਜੇ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਪਰ ਇਹ ਕੌੜਾ ਸੱਚ ਹੈ ਕਿ ਕਿਸੇ ਧਿਰ ਨੇ ਵੀ ਘੱਟ ਨਹੀਂ ਸੀ ਗੁਜ਼ਾਰੀ। ਦੋਵੇਂ ਪਾਸਿਆਂ ਤੋਂ ਗੱਡੀਆਂ ਲਾਸ਼ਾਂ ਦੀਆਂ ਭਰ-ਭਰ ਕੇ ਭੇਜੀਆਂ ਗਈਆਂ ਸਨ ਤੇ ਔਰਤਾਂ ਦੀ ਰੱਜ ਕੇ ਬੇਪੱਤੀ ਕੀਤੀ ਗਈ ਸੀ। ਅੱਜਕੱਲ੍ਹ ਜਿਹੜਾ ਭਾਰਤ ਅਤੇ ਪਾਕਿਸਤਾਨ ਦੇ ਲੋਕਾਂ ਵਿਚ ਪਿਆਰ ਵੇਖਣ ਨੂੰ ਮਿਲਦਾ ਹੈ, ਉਹ ਸਿਰਫ ਲਹਿੰਦੇ ਅਤੇ ਚੜ੍ਹਦੇ ਪੰਜਾਬੀਆਂ ਤੱਕ ਹੀ ਸੀਮਤ ਹੈ। ਭਾਰਤ ਤੇ ਪਾਕਿਸਤਾਨ ਦੇ ਬਾਕੀ ਸੂਬਿਆਂ ਵਿਚ ਇਸ ਦਾ ਕੋਈ ਬਹੁਤਾ ਅਸਰ ਨਹੀਂ ਹੈ। ਵੰਡ ਦੀ ਸਭ ਤੋਂ ਜ਼ਿਆਦਾ ਮਾਰ ਵੀ ਪੰਜਾਬ ਨੂੰ ਹੀ ਪਈ ਸੀ। ਰੱਬ ਦਾ ਸ਼ੁਕਰ ਹੈ ਕਿ ਉਹ ਲਾਲ ਹਨੇਰੀ ਆਈ ਤੇ ਚਲੀ ਗਈ। ਹੁਣ ਦੋਵਾਂ ਦੇਸ਼ਾਂ ਦੇ ਪੰਜਾਬੀ ਇੱਕ ਦੂਜੇ ਨੂੰ ਭਰਾਵਾਂ ਵਾਂਗ ਉੱਡ ਕੇ ਮਿਲਦੇ ਹਨ। ਤੁਸੀਂ ਲਾਹੌਰ ਜਾ ਕੇ ਕਿਸੇ ਵੀ ਦੁਕਾਨ ਤੋਂ ਚਾਹੇ 10000 ਦੀ ਵਸਤੂ ਮੁੱਲ ਲੈ ਲਉ, ਦੁਕਾਨਦਾਰ ਇੱਕ ਵਾਰ ਜ਼ਰੂਰ ਕਹੇਗਾ, “ਛੱਡੋ ਭਾਅ ਜੀ, ਰਹਿਣ ਦਿਉ ਪੈਸੇ।”

ਮੇਰਾ ਨਾਨਕਾ ਪਿੰਡ ਭਸੀਨ ਜ਼ਿਲ੍ਹਾ ਲਾਹੌਰ ਵਿਚ ਪੈਂਦਾ ਸੀ। ਸਿੱਖ ਬਹੁਗਿਣਤੀ ਵਾਲਾ ਇਹ ਵੱਡਾ ਪਿੰਡ ਬਾਰਡਰ ਤੋਂ ਸਿਰਫ 5-6 ਕਿ.ਮੀ. ਦੀ ਵਾਟ ’ਤੇ ਸੀ। ਆਜ਼ਾਦੀ ਤੋਂ ਪਹਿਲਾਂ ਭਸੀਨੀਆਂ ਨੂੰ ਬਹੁਤ ਆਸਾਂ ਸਨ ਕਿ ਲਾਹੌਰ ਤਾਂ ਭਾਰਤ ਵਿਚ ਹੀ ਆਵੇਗਾ। ਕਦੀ ਖਬਰ ਆ ਜਾਣੀ ਕਿ ਗੁਰਦਾਸਪੁਰ ਪਾਕਿਸਤਾਨ ਨੂੰ ਦੇ ਕੇ ਭਾਰਤ ਨੇ ਲਾਹੌਰ ਲੈ ਲਿਆ ਹੈ, ਸਿੱਖਾਂ ਨੇ ਜੈਕਾਰੇ ਛੱਡ ਦੇਣੇ। ਫਿਰ ਖਬਰ ਆ ਜਾਣੀ ਕਿ ਕਸ਼ਮੀਰ ਨੂੰ ਕੋਈ ਰਸਤਾ ਨਹੀਂ ਬਚਦਾ, ਇਸ ਲਈ ਭਾਰਤ ਨੇ ਲਾਹੌਰ ਛੱਡ ਕੇ ਗੁਰਦਾਸਪੁਰ ਲੈ ਲਿਆ ਹੈ, ਮੁਸਲਮਾਨਾਂ ਨੇ ਨਾਅਰੇ ਬੁਲੰਦ ਕਰ ਦੇਣੇ। ਮੇਰੇ ਨਾਨਕਿਆਂ ਦੇ ਅਰਾਈਂ ਕਾਮਿਆਂ ਨੇ ਇਹ ਕਹਿ ਕੇ ਕਪਾਹ ਚੁਗਣੀ ਛੱਡ ਦਿੱਤੀ ਸੀ ਕਿ ਇਹ ਤਾਂ ਹੁਣ ਅਸੀਂ ਤੁਹਾਡੇ ਜਾਣ ਤੋਂ ਬਾਅਦ ਆਪੇ ਚੁੱਗ ਲਵਾਂਗੇ। ਜੱਕੋ-ਤੱਕੀ ਵਿਚ ਲੋਕਾਂ ਨੇ ਪਿੰਡ ਨਾ ਛੱਡਿਆ ਕਿ ਸ਼ਾਇਦ ਭਾਰਤ ਨਾ ਹੀ ਜਾਣਾ ਪਵੇ। ਦੰਗਈਆਂ ਤੋਂ ਡਰਦੇ ਆਸ-ਪਾਸ ਦੇ ਹਿੰਦੂ ਸਿੱਖ ਘੱਟ ਗਿਣਤੀ ਵਾਲੇ ਪਿੰਡਾਂ ਤੋਂ ਵੀ ਲੋਕ ਉੱਠ ਕੇ ਭਸੀਨ ਇਕੱਠੇ ਹੋਣੇ ਸ਼ੁਰੂ ਹੋ ਗਏ। ਉਨ੍ਹਾਂ ਦੇ ਖਾਣ-ਪੀਣ ਲਈ ਬਲਦਾਂ ਵਾਲੇ ਖਰਾਸ ਜੋੜ ਕੇ ਪਿੰਡ ਦੇ ਗੁਰਦਵਾਰਿਆਂ ਵਿਚ ਖੁੱਲ੍ਹੇ ਲੰਗਰ ਲਾ ਦਿੱਤੇ ਗਏ। ਲੋਕਾਂ ਨੇ ਭਾਰੀ ਗਿਣਤੀ ਵਿਚ ਜਾਇਜ਼-ਨਾਜਾਇਜ਼ ਅਸਲਾ ਜਮ੍ਹਾਂ ਕਰ ਲਿਆ। ਲੁਟੇਰਿਆਂ ਨੇ ਭਸੀਨ ’ਤੇ ਕਈ ਹਮਲੇ ਕੀਤੇ ਪਰ ਉਲਟਾ ਆਪਣੇ ਬੰਦੇ ਮਰਵਾ ਕੇ ਹੀ ਵਾਪਸ ਗਏ।

ਪਿੰਡ ਵਿਚ ਹਿੰਦੂ ਸਿੱਖ ਆਬਾਦੀ ਲਗਾਤਾਰ ਵਧਦੀ ਜਾ ਰਹੀ ਸੀ। ਆਖਰ ਡਰਦੇ ਮਾਰੇ ਭਸੀਨ ਦੇ ਮੁਸਲਮਾਨਾਂ ਨੂੰ ਹੀ ਪਿੰਡ ਛੱਡ ਕੇ ਭੱਜਣਾ ਪਿਆ। ਉਹ ਲਾਹੌਰ ਜਾ ਕੇ ਅਫਸਰਾਂ ਅੱਗੇ ਪਿੱਟੇ ਕਿ ਪਿੰਡ ਛੱਡਣ ਦੀ ਬਜਾਏ ਹਿੰਦੂ ਸਿੱਖਾਂ ਨੇ ਭਸੀਨ ਵਿਚ ਹੀ ਨਵਾਂ ਹਿੰਦੁਸਤਾਨ ਕਾਇਮ ਕਰ ਲਿਆ ਹੈ। ਦੋ-ਤਿੰਨ ਵਾਰ ਪੁਲਿਸ ਨੇ ਪਿੰਡ ਖਾਲੀ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਲੋਕਾਂ ਨੇ ਕੁੱਟਮਾਰ ਕੇ ਉਸ ਨੂੰ ਭਜਾ ਦਿੱਤਾ। ਜਦੋਂ ਕੋਈ ਵਾਹ ਨਾ ਚੱਲੀ, ਤਾਂ ਆਖਰ ਮਿਲਟਰੀ ਨੂੰ ਦਖਲ ਦੇਣਾ ਪਿਆ। ਮੇਜਰ ਸ਼ਮੀਮ ਖਾਨ ਰੰਧਾਵਾ ਪੰਜ ਟੈਂਕ ਤੇ 200 ਫੌਜੀ ਲੈ ਕੇ 30 ਅਗਸਤ ਨੂੰ ਸਵੇਰੇ ਹੀ ਪਿੰਡ ’ਤੇ ਚੜ੍ਹ ਆਇਆ। ਉਸ ਨੂੰ ਸਖਤ ਹੁਕਮ ਸਨ ਕਿ ਜਾਂ ਤਾਂ ਪਿੰਡ ਖਾਲੀ ਕਰਵਾਇਆ ਜਾਵੇ, ਨਹੀਂ ਟੈਂਕ ਫੇਰ ਕੇ ਰੜਾ ਮੈਦਾਨ ਬਣਾ ਦਿੱਤਾ ਜਾਵੇ। ਜੋ ਵੀ ਵਿਰੋਧ ਕਰੇ, ਗੋਲੀ ਮਾਰ ਦਿੱਤੀ ਜਾਵੇ। ਸ਼ਮੀਮ ਖਾਨ ਮੁਹੱਲਾ ਲੂਣ ਮੰਡੀ, ਅੰਮ੍ਰਿਤਸਰ ਦਾ ਰਹਿਣ ਵਾਲਾ ਸੀ। ਉਸ ਦੇ ਪਰਿਵਾਰ ਵਾਲੇ ਜਦੋਂ ਲਾਹੌਰ ਜਾਣ ਵਾਲੀ ਟਰੇਨ ਚੜ੍ਹਨ ਲਈ ਅੰਮ੍ਰਿਤਸਰ ਸਟੇਸ਼ਨ ਵੱਲ ਭੱਜ ਰਹੇ ਸਨ, ਤਾਂ 10 ਅਗਸਤ ਨੂੰ ਪੌੜੀਆਂ ਵਾਲੇ ਪੁੱਲ ਲਾਗੇ ਦੰਗਈਆਂ ਨੇ ਘੇਰ ਲਏ ਤੇ ਉਸ ਦਾ ਵੱਡਾ ਭਰਾ ਅਤੇ ਦਾਦਾ ਕਤਲ ਕਰ ਦਿੱਤੇ ਗਏ। ਬੜੀ ਮੁਸ਼ਕਿਲ ਨਾਲ ਉਸ ਦਾ ਬਾਕੀ ਪਰਿਵਾਰ ਬਚ ਕੇ ਲਾਹੌਰ ਪਹੁੰਚਿਆ ਸੀ। ਭਸੀਨ ਦੀ ਕਿਸਮਤ ਚੰਗੀ ਸੀ ਕਿ ਸ਼ਮੀਮ ਖਾਨ ਦੇ ਨਾਨਕੇ ਭਸੀਨ ਵਿਚ ਹੀ ਸਨ। ਉਸ ਵਹਿਸ਼ਤ ਭਰੇ ਸਮੇਂ ਵਿਚ ਵੀ ਉਸ ਨੇ ਆਪਣੇ ਦੁੱਖ ਨੂੰ ਫਰਜ਼ ’ਤੇ ਭਾਰੂ ਨਾ ਪੈਣ ਦਿੱਤਾ ਤੇ ਨਾਨਕਿਆਂ ਦੇ ਪਿੰਡ ਦੀ ਲਾਜ ਰੱਖੀ। ਜਿਹੜੀਆਂ ਗਲੀਆਂ ਵਿਚ ਉਹ ਯਾਰਾਂ ਬੇਲੀਆਂ ਨਾਲ ਖੇਡ ਕੇ ਜਵਾਨ ਹੋਇਆ ਸੀ, ਉਨ੍ਹਾਂ ਨੂੰ ਬਰਬਾਦ ਕਰਨ ਦਾ ਉਸ ਦਾ ਹੀਆ ਨਾ ਪਿਆ। ਉਸ ਨੇ ਪਿੰਡ ਦੇ ਉੱਪਰ ਦੀ 10-15 ਗੋਲੇ ਟੈਂਕਾਂ ਦੀਆਂ ਤੋਪਾਂ ਦੇ ਲੰਘਾਏ ਅਤੇ ਰਾਈਫਲਾਂ ਨਾਲ ਹਵਾਈ ਫਾਇਰਿੰਗ ਕੀਤੀ। ਉਸ ਨੇ ਆਪਣਾ ਤੇ ਆਪਣੇ ਨਾਨੇ ਰਹਿਮਤ ਅਲੀ ਢਿੱਲੋਂ ਦਾ ਨਾਮ ਦੱਸ ਕੇ ਸਪੀਕਰ ’ਤੇ ਅਨਾਊਂਸਮੈਂਟ ਕੀਤੀ ਕਿ ਜੇ ਪਿੰਡ 24 ਘੰਟਿਆਂ ਵਿਚ ਖਾਲੀ ਨਾ ਹੋਇਆ, ਤਾਂ ਫਿਰ ਮਜਬੂਰੀ ਵੱਸ ਸਿੱਧੀ ਫਾਇਰਿੰਗ ਕਰਨੀ ਪਵੇਗੀ। ਲੋਕਾਂ ਨੇ ਰੱਬ ਅਤੇ ਸ਼ਮੀਮ ਖਾਨ ਰੰਧਾਵੇ ਦਾ ਲੱਖ ਲੱਖ ਸ਼ੁਕਰ ਮਨਾਇਆ ਤੇ ਰਾਤੋ-ਰਾਤ ਪਿੰਡ ਖਾਲੀ ਹੋ ਗਿਆ।

ਉਸ ਵੇਲੇ ਮਾਹੌਲ ਐਨਾ ਮਾੜਾ ਸੀ ਕਿ ਗੁਆਂਢੀਆਂ ਨੇ ਗੁਆਂਢੀ ਮਾਰ ਛੱਡੇ ਸਨ। ਹੌਲੀ-ਹੌਲੀ ਸਮਾਂ ਬੀਤਣ ’ਤੇ ਉਹ ਹੀ ਲੋਕ ਸਕੇ ਭਰਾਵਾਂ ਤੋਂ ਵੱਧ ਪਿਆਰ ਨਾਲ ਮਿਲਣ-ਗਿਲਣ ਲੱਗ ਪਏ। ਭਸੀਨ ਦੇ ਕਸ਼ਮੀਰੀ ਮੁਸਲਮਾਨ ਸੱਤ ਭਰਾ ਸਨ। ਉਨ੍ਹਾਂ ਦੀ ਮੇਰੇ ਮਾਮੇ ਸੁੱਖਾ ਸਿੰਘ ਨਾਲ ਲੜਾਈ ਚੱਲਦੀ ਰਹਿੰਦੀ ਸੀ ਤੇ ਕਈ ਵਾਰ ਆਪਸ ਵਿਚ ਗੋਲੀਉ ਗੋਲੀ ਹੋਏ ਸਨ। ਉਨ੍ਹਾਂ ਨੇ ਸ਼ਰੇਆਮ ਐਲਾਨ ਕੀਤਾ ਹੋਇਆ ਸੀ ਕਿ ਅਸੀਂ ਸੁੱਖੇ ਨੂੰ ਜਿੰਦਾ ਨਹੀਂ ਜਾਣ ਦੇਣਾ। ਪਰ ਉਹ ਕਾਫਲੇ ਨਾਲ ਬਚ ਕੇ ਨਿਕਲ ਗਿਆ। ਜਦੋਂ ਕਈ ਸਾਲਾਂ ਬਾਅਦ ਬਾਰਡਰ ’ਤੇ ਬਲੈਕ ਸ਼ੁਰੂ ਹੋਈ, ਤਾਂ ਕੁਝ ਜ਼ਰੂਰਤ ਵੱਸ ਤੇ ਕੁਝ ਪਿੰਡ ਦੇ ਪਿਆਰ ਕਾਰਨ, ਉਨ੍ਹਾਂ ਵਿਚ ਭਰਾਵਾਂ ਤੋਂ ਵੀ ਵੱਧ ਪਿਆਰ ਪੈ ਗਿਆ। ਦੋਵਾਂ ਧਿਰਾਂ ਨੇ ਰੱਜ ਕੇ ਹੱਥ ਰੰਗੇ। ਜੋ 1947 ਵਿਚ ਇੱਕ ਦੂਸਰੇ ਦੇ ਜਾਨੀ ਦੁਸ਼ਮਣ ਸਨ, ਉਹ ਮਰਨ ਤੱਕ ਇੱਕ ਦੂਸਰੇ ਦੇ ਦੁੱਖ-ਸੁੱਖ ਵਿਚ ਸ਼ਾਮਲ ਹੁੰਦੇ ਰਹੇ।

---

# ਰੋਟੀ, ਕੱਪੜਾ ਅਤੇ ਮਕਾਨ ਦੀ ਸਮੱਸਿਆ ਅੱਜ ਵੀ ਉੱਥੇ ਦੀ ਉੱਥੇ

ਦਿਨੇਸ਼ ਦਮਾਥੀਆ
94177-14390
(Punjab Mail USA)



ਅੱਜ ਅਸੀਂ ਭਾਵੇਂ ਬਹੁਤ ਤਰੱਕੀ ਕਰ ਲਈ ਹੈ ਪਰ ਫ਼ਿਰ ਵੀ ਸਾਡੀਆਂ ਕਈ ਅਜਿਹੀਆਂ ਬੁਨਿਆਦੀ ਲੋੜਾਂ ਹਨ, ਜਿਨ੍ਹਾਂ ਦੀ ਪੂਰਤੀ ਕਰਨਾ ਸਾਡੇ ਲਈ ਬਹੁਤ ਔਖਾ ਹੈ। ਬਹੁਤ ਸਾਰੇ ਅਜਿਹੇ ਪਰਿਵਾਰ ਹਨ, ਜਿਨ੍ਹਾਂ ਦੀਆਂ ਬੁਨਿਆਦੀ ਲੋੜਾਂ ਭਾਵ ਰੋਟੀ, ਕੱਪੜਾ ਅਤੇ ਮਕਾਨ ਦੀ ਸੱਮਸਿਆ ਇਉਂ ਦੀ ਤਿਉਂ ਬਣੀ ਹੋਈ ਹੈ। ਵੱਧ ਰਹੀ ਮਹਿੰਗਾਈ ਦੇ ਕਰਕੇ ਕੁਝ ਲੋਕਾਂ ਲਈ ਇਨ੍ਹਾਂ ਜ਼ਰੂਰਤਾਂ ਨੂੰ ਪੂਰਾ ਕਰਨਾ ਅਸੰਭਵ ਲੱਗਦਾ ਹੈ। ਅੱਜ ਦੇ ਕੰਮਕਾਜੀ ਮਾਹੌਲ ਵਿਚ ਅਮੀਰ ਹੋਰ ਅਮੀਰ ਅਤੇ ਗ਼ਰੀਬ ਹੋਰ ਗ਼ਰੀਬ ਹੋ ਰਹੇ ਹਨ। ਇਸ ਸਭ ਦੇ ਚੱਲਦੇ ਬੇਰੁਜ਼ਗਾਰੀ ਦੀ ਸਮੱਸਿਆ ਵੀ ਇੱਕ ਅਹਿਮ ਭੂਮਿਕਾ ਨਿਭਾਉਂਦੀ ਹੈ, ਜਿਸ ਨਾਲ ਲੋਕਾਂ ਦੀ ਆਰਥਿਕਤਾ ਡਗਮਗਾ ਰਹੀ ਹੈ। ਪੈਸੇ ਦੀ ਕੀਮਤ ਘਟਣ ਕਰਕੇ ਲੋਕ ਜਿੰਨਾ ਕਮਾਉਂਦੇ ਹਨ, ਉਹ ਉਨ੍ਹਾਂ ਦੇ ਰੋਜ਼ਾਨਾ ਖਰਚਿਆਂ ਵਿਚ ਹੀ ਖਰਚ ਹੋ ਜਾਂਦਾ ਹੈ। ਵੱਧ ਰਹੀ ਜਨਸੰਖਿਆ ਕਰਕੇ ਵੀ ਆਮ ਲੋਕਾਂ ਨੂੰ ਰੋਟੀ, ਕੱਪੜਾ ਅਤੇ ਮਕਾਨ ਅਸਾਨੀ ਨਾਲ ਨਹੀਂ ਮਿਲਦੇ। ਇਸੇ ਕਰਕੇ ਰਹਿਣ ਯੋਗ ਜ਼ਮੀਨ ਵੀ ਦਿਨੋਂ-ਦਿਨ ਘਟਦੀ ਜਾ ਰਹੀ ਹੈ। ਗ਼ਰੀਬ ਲੋਕਾਂ ਦਾ ਸ਼ੋਸ਼ਣ ਹੋ ਰਿਹਾ ਹੈ। ਹਰ ਪਾਸੇ ਬੁਨਿਆਦੀ ਲੋੜਾਂ ਲਈ ਲੜਾਈ ਚੱਲ ਰਹੀ ਹੈ। ਲੋਕਾਂ ਵਿਚ ਅਪਰਾਧ ਕਰਨ ਦੀ ਸੋਚ ਵੱਧ ਰਹੀ ਹੈ। ਬਹੁਤੀ ਗ਼ਰੀਬੀ ਵਿਚ ਰਹਿ ਰਹੇ ਲੋਕਾਂ ਲਈ ਤਾਂ ਤਨ ਢਕਣ ਲਈ ਕੱਪੜਾ ਵੀ ਨਸੀਬ ਵਿਚ ਨਹੀਂ ਹੁੰਦਾ। ਅਮੀਰੀ ਗ਼ਰੀਬੀ ਦੇ ਚੱਲਦੇ ਕਿਸੇ ਕੋਲ ਰਹਿਣ ਨੂੰ ਇੱਕ ਘਰ ਵੀ ਨਹੀਂ ਤੇ ਕਿਸੇ ਕੋਲ ਅਨੇਕਾਂ ਬੰਗਲੇ ਹਨ। ਭਾਵੇਂ ਉਹ ਸਭ ਖਾਲੀ ਅਤੇ ਸੁੰਨਸਾਨ ਹੀ ਪਏ ਹੋਣ। ਅਮੀਰਾਂ ਵੱਲੋਂ ਅਕਸਰ ਰੋਟੀ, ਕੱਪੜਾ ਅਤੇ ਮਕਾਨ ਦੀ ਬੇਅਦਬੀ ਕਰਦੇ ਦੇਖਿਆ ਜਾ ਸਕਦਾ ਹੈ। ਸਰਕਾਰੀ ਗੁਦਾਮਾਂ ਵਿਚ ਹਜ਼ਾਰਾਂ ਲੱਖਾਂ ਟਨ ਅਨਾਜ ਖਰਾਬ ਹੋ ਜਾਂਦਾ ਹੈ ਪਰ ਇੱਕ ਗ਼ਰੀਬ ਦੀ ਪਹੁੰਚ ਵਿਚ ਨਹੀਂ ਹੁੰਦਾ। ਕਿਸੇ ਗ਼ਰੀਬ ਨੂੰ ਉਹ ਅਨਾਜ ਨਹੀਂ ਮਿਲਦਾ, ਚਾਹੇ ਉਹ ਗੁਦਾਮਾਂ ਵਿਚ ਪਿਆ ਗਲ-ਸੜ ਹੀ ਕਿਉਂ ਨਾ ਜਾਵੇ। ਸਾਡੀਆਂ ਸਰਕਾਰਾਂ ਦਾ ਇਸ ਪਾਸੇ ਕੋਈ ਵੀ ਧਿਆਨ ਨਹੀਂ ਹੈ। ਲੋਕਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ ਪਰ ਜ਼ਮੀਨ ਤਾਂ ਸੀਮਤ ਹੈ, ਇਸ ਲਈ ਹਰ ਕਿਸੇ ਲਈ ਆਪਣਾ ਘਰ ਹੋਣਾ ਅਸੰਭਵ ਹੋ ਰਿਹਾ ਹੈ। ਇੱਕ ਬੰਦੇ ਨੇ ਆਪਣੇ ਨਾਂ ’ਤੇ ਕਈ-ਕਈ ਪਲਾਟ ਅਤੇ ਮਕਾਨ ਖਰੀਦੇ ਹੋਏ ਹਨ। ਕੀ ਸਰਕਾਰ ਨੂੰ ਅਜਿਹੇ ਲੋਕਾਂ ’ਤੇ ਨਜ਼ਰ ਨਹੀਂ ਰੱਖਣੀ ਚਾਹੀਦੀ? ਕਿਰਾਏ ’ਤੇ ਰਹਿ ਰਹੇ ਲੋਕਾਂ ਨਾਲ ਵੀ ਮਾਲਕ ਮਕਾਨ ਲੋਕਾਂ ਰਾਹੀਂ ਕਈ ਤਰ੍ਹਾਂ ਦੀ ਲੁੱਟ-ਘਸੁੱਟ ਕੀਤੀ ਜਾਂਦੀ ਹੈ। ਰੇਤਾ, ਬਜਰੀ, ਸੀਮੇਂਟ, ਲੋਹਾ, ਇੱਟਾਂ ਅਤੇ ਮਕਾਨ ਦੀ ਉਸਾਰੀ ਲਈ ਹੋਰ ਜ਼ਰੂਰੀ ਚੀਜ਼ਾਂ ਦੀ ਕੀਮਤ ਵੀ ਆਕਾਸ਼ ਨੂੰ ਛੂਹ ਰਹੀਆਂ ਹਨ, ਜਿਸ ਨਾਲ ਮਕਾਨ ਖਰੀਦਣਾ ਜਾਂ ਬਣਾਉਣਾ ਆਮ ਗ਼ਰੀਬ ਲੋਕਾਂ ਦੇ ਵੱਸ ਦੀ ਗੱਲ ਨਹੀਂ ਰਹੀ। ਅਮੀਰ ਲੋਕਾਂ ਦੇ ਵਿਆਹਾਂ ਅਤੇ ਹੋਰ ਸਮਾਗਮਾਂ ਵਿਚ ਰੋਟੀ ਦੀ ਫ਼ਿਜ਼ੂਲ ਵਿਚ ਬੇਅਦਬੀ ਹੁੰਦੀ ਅਸੀਂ ਆਮ ਦੇਖਦੇ ਹਾਂ ਪਰ ਇੱਕ ਗ਼ਰੀਬ ਨੂੰ ਰੋਟੀ ਮਿਲ ਸਕੇ, ਇਸ ਲਈ ਸਭ ਮਜਬੂਰ ਹਨ। ਭੋਜਨ ਦੀ ਬਰਬਾਦੀ ਹੱਦ ਤੋਂ ਵੱਧ ਹੋ ਰਹੀ ਹੈ। ਇਸੇ ਤਰ੍ਹਾਂ ਕੱਪੜੇ ਦੀ ਵੀ ਦੁਨੀਆਂ ਭਰ ਵਿਚ ਬਹੁਤ ਬਰਬਾਦੀ ਹੋ ਰਹੀ ਹੈ। ਕੱਪੜੇ ਦੇ ਉਤਪਾਦਨ ਵਿਚ ਵੀ ਬਹੁਤ ਕਮੀ ਆਈ ਹੈ ਅਤੇ ਕੱਪੜਾ ਬਹੁਤ ਮਹਿੰਗਾ ਹੋ ਗਿਆ ਹੈ। ਗ਼ਰੀਬ ਲੋਕਾਂ ਲਈ ਇਹ ਵੀ ਇੱਕ ਵੱਡੀ ਸਮੱਸਿਆ ਹੈ। ਕਿਸਾਨ ਜੋ ਇਹ ਸਭ ਪੈਦਾ ਕਰਦੇ ਹਨ, ਉਹ ਵੀ ਆਪਣੀਆਂ ਜ਼ਮੀਨਾਂ ਨੂੰ ਵੇਚ ਕੇ ਵਿਦੇਸ਼ਾਂ ਵੱਲ ਨੂੰ ਭੱਜ ਰਹੇ ਹਨ। ਪਰ ਹੁਣ ਲੋੜ ਹੈ ਕਿ ਕਿਸਾਨ ਨੂੰ ਨਰਮੇ-ਕਪਾਹ ਅਤੇ ਹੋਰ ਅਨਾਜ ਵਾਲੀਆਂ ਫ਼ਸਲਾਂ ਦੀ ਕਾਸ਼ਤ ਕਰਨ ਦੀ ਤਾਂ ਜੋ ਦੇਸ਼ ਵਿਚ ਹਰ ਗ਼ਰੀਬ ਤੋਂ ਗ਼ਰੀਬ ਇਨਸਾਨ ਨੂੰ ਵੀ ਰੋਟੀ, ਕੱਪੜਾ ਅਤੇ ਮਕਾਨ ਜਿਹੀਆਂ ਸਹੂਲਤਾਂ ਮਿਲ ਸਕਣ। ਰੋਟੀ ਲਈ ਅਨਾਜ ਅਤੇ ਕੱਪੜੇ ਲਈ ਕਪਾਹ ਦੀ ਖੇਤੀ ਬਹੁਤ ਘੱਟਦੀ ਜਾ ਰਹੀ ਹੈ। ਇਸ ਲਈ ਇਹ ਵਸਤੂਆਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ। ਵਿਦੇਸ਼ਾਂ ਤੋਂ ਕੁਝ ਦਿਨਾਂ ਲਈ ਵਾਪਸ ਪਰਤੇ ਪ੍ਰਵਾਸੀ ਲੋਕਾਂ ਕਰਕੇ ਵੀ ਮਹਿੰਗਾਈ ਵਿਚ ਬਹੁਤ ਜ਼ਿਆਦਾ ਵਾਧਾ ਹੋ ਰਿਹਾ ਹੈ। ਅੰਨ ਨੂੰ ਪੈਦਾ ਕਰਨਾ ਇੱਕ ਕਿਸਾਨ ਲਈ ਬਹੁਤ ਔਖਾ ਹੈ, ਇਸ ਲਈ ਸਭ ਨੂੰ ਚਾਹੀਦਾ ਹੈ ਕਿ ਇਸ ਦੀ ਬੇਅਦਬੀ ਅਤੇ ਬਰਬਾਦੀ ਨਾ ਹੋਵੇ। ਘਰ ਵੀ ਇੱਕੋ ਹੋਵੇ ਪਰ ਜ਼ਰੂਰੀ ਹੈ ਕਿ ਉਸ ਘਰ ਵਿਚ ਦੁਨੀਆਂ ਭਰ ਦੀਆਂ ਖੁਸ਼ੀਆਂ ਹੋਣ ਅਤੇ ਘਰ ਵਿਚ ਸਭ ਇੱਕ ਦੂਜੇ ਨੂੰ ਪਿਆਰ ਕਰਨ। ਹਰ ਗ਼ਰੀਬ ਅਤੇ ਲੋੜਵੰਦ ਨੂੰ ਰੋਟੀ, ਕੱਪੜਾ ਅਤੇ ਮਕਾਨ ਮਿਲਣਾ ਚਾਹੀਦਾ ਹੈ। ਸਰਕਾਰ ਨੂੰ ਵੀ ਗ਼ਰੀਬਾਂ ਦੀ ਇਸ ਬਾਰੇ ਮਦਦ ਕਰਨ ਦੀ ਲੋੜ ਹੈ। ਰੋਟੀ, ਕੱਪੜਾ ਅਤੇ ਮਕਾਨ ਜਿਹੀਆਂ ਬੁਨਿਆਦੀ ਜ਼ਰੂਰਤਾਂ ਸੰਬੰਧੀ ਸਰਕਾਰੀ ਕਾਨੂੰਨ ਬਣਨੇ ਚਾਹੀਦੇ ਹਨ। ਕਾਲਾਬਜ਼ਾਰੀ ਅਤੇ ਚੋਰਬਾਜ਼ਾਰੀ ਨੂੰ ਠੱਲ੍ਹ ਪਾਉਣੀ ਬਹੁਤ ਜ਼ਰੂਰੀ ਹੈ। ਅਮੀਰ ਲੋਕਾਂ ਦੁਆਰਾ ਰੋਟੀ ਅਤੇ ਕੱਪੜਾ ਗ਼ਰੀਬ ਲੋਕਾਂ ਅਤੇ ਜ਼ਰੂਰਤਮੰਦਾਂ ਨੂੰ ਦਾਨ ਵੀ ਕੀਤਾ ਜਾ ਸਕਦਾ ਹੈ, ਤਾਂ ਜੋ ਸਭ ਲੋਕ ਆਪਣੇ ਆਪ ਨੂੰ ਇਨ੍ਹਾਂ ਬੁਨਿਆਦੀ ਜ਼ਰੂਰਤਾਂ ਤੋਂ ਵਾਂਝੇ ਨਾ ਸਮਝਣ। ਗ਼ਰੀਬ ਲੋਕਾਂ ਲਈ ਰਹਿਣ ਲਈ ਅਨਾਥ ਆਸ਼ਰਮਾਂ ਦਾ ਨਿਰਮਾਣ ਵੀ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ। ਮੁੱਕਦੀ ਗਲ ਤਾਂ ਇਹ ਹੈ ਕਿ ਇਨਸਾਨ ਦੀ ਮਦਦ ਕਰਨਾ ਸਭ ਤੋਂ ਵੱਡਾ ਧਰਮ ਹੁੰਦਾ ਹੈ।

# ਪਟਿਆਲਾ ਦਾ ਨਾਮ ਰੁਸ਼ਨਾਉਣ ਵਾਲੀਆਂ ਇਸਤਰੀ ਡਿਪਟੀ ਕਮਿਸ਼ਨਰ









ਪੂਨਮਦੀਪ ਕੌਰ, ਪਰਨੀਤ ਕੌਰ ਸ਼ੇਰਗਿੱਲ, ਸੇਨੂੰ ਦੁੱਗਲ ਅਤੇ ਬਲਦੀਪ ਕੌਰ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)




ਵਰਤਮਾਨ ਪੰਜਾਬ ਸਰਕਾਰ ਨੂੰ ਇਸ ਗੱਲ ਦਾ ਮਾਣ ਜਾਂਦਾ ਹੈ ਕਿ ਉਨ੍ਹਾਂ ਇਸਤਰੀ ਆਈ.ਏ.ਐੱਸ. ਅਧਿਕਾਰੀਆਂ ਦੀ ਕਾਬਲੀਅਤ ਨੂੰ ਮੁੱਖ ਰੱਖਦਿਆਂ ਪੰਜਾਬ ਦੇ 23 ਜ਼ਿਲ੍ਹਿਆਂ ਵਿਚੋਂ 10 ਵਿਚ ਇਸਤਰੀਆਂ ਨੂੰ ਡਿਪਟੀ ਕਮਿਸ਼ਨਰ ਨਿਯੁਕਤ ਕੀਤਾ ਹੈ। ਪੰਜਾਬ ਦੇ ਹੁਣ ਤੱਕ ਦੇ ਇਤਿਹਾਸ ਵਿਚ ਇਸ ਸਮੇਂ ਸਭ ਤੋਂ ਵੱਧ ਇਸਤਰੀਆਂ ਡਿਪਟੀ ਕਮਿਸ਼ਨਰ ਹਨ। ਉਨ੍ਹਾਂ ਵਿਚ ਸਾਕਸ਼ੀ ਸਾਹਨੀ ਪਟਿਆਲਾ, ਪਰਨੀਤ ਕੌਰ ਸ਼ੇਰਗਿੱਲ ਫ਼ਤਿਹਗੜ੍ਹ ਸਾਹਿਬ, ਪ੍ਰੀਤੀ ਯਾਦਵ ਰੂਪ ਨਗਰ, ਪੂਨਮਦੀਪ ਕੌਰ ਬਰਨਾਲਾ, ਸੇਨੂੰ ਦੁੱਗਲ ਫਾਜ਼ਿਲਕਾ, ਆਸ਼ਿਕਾ ਜੈਨ ਐੱਸ.ਏ.ਐੱਸ. ਨਗਰ ਮੋਹਾਲੀ, ਬਲਦੀਪ ਕੌਰ ਤਰਨਤਾਰਨ, ਕੋਮਲ ਮਿਤਲ ਹੁਸ਼ਿਆਰਪੁਰ, ਰੂਹੀ ਧੁੱਗ ਫਰੀਦਕੋਟ ਅਤੇ ਸੁਰਭੀ ਮਲਿਕ ਲੁਧਿਆਣਾ ਵਿਖੇ ਤਾਇਨਾਤ ਹਨ। ਇਸ ਪ੍ਰਕਾਰ 48 ਫ਼ੀਸਦੀ ਇਸਤਰੀਆਂ ਡਿਪਟੀ ਕਮਿਸ਼ਨਰ ਹਨ। ਭਾਵੇਂ ਕੁਦਰਤ ਦੇ ਕਹਿਰ ਦਾ ਮੁਕਾਬਲਾ ਕਰਨਾ ਮਾਨਵਤਾ ਦੇ ਵਸ ਦੀ ਗੱਲ ਨਹੀਂ ਪ੍ਰੰਤੂ ਫਿਰ ਵੀ ਇਨ੍ਹਾਂ ਵਿਚੋਂ ਲਗਪਗ 9 ਜ਼ਿਲ੍ਹਿਆਂ ਵਿਚ ਆਏ ਹੜ੍ਹਾਂ ਦੀ ਸਥਿਤੀ ਨੂੰ ਉਨ੍ਹਾਂ ਬੜੇ ਸੁਚੱਜੇ ਢੰਗ ਨਾਲ ਸੰਭਾਲਿਆ ਹੈ। ਇਨ੍ਹਾਂ ਵਿਚੋਂ ਪਟਿਆਲਾ ਜ਼ਿਲ੍ਹੇ ਨਾਲ ਸੰਬੰਧਤ 4 ਜ਼ਿਲ੍ਹਿਆਂ ਦੀਆਂ ਡਿਪਟੀ ਕਮਿਸ਼ਨਰ ਹਨ। ਪਟਿਆਲਾ ਜ਼ਿਲ੍ਹੇ ਨੂੰ ਮਾਣ ਜਾਂਦਾ ਹੈ ਕਿ ਇਸ ਜ਼ਿਲ੍ਹੇ ਨਾਲ ਸੰਬੰਧਤ ਇਸਤਰੀ ਆਈ.ਏ.ਐੱਸ. ਅਧਿਕਾਰੀ ਹਮੇਸ਼ਾ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਦੀਆਂ ਅਧਿਕਾਰੀਆਂ ਨਾਲੋਂ ਵਧੇਰੇ ਮਾਤਰਾ ਵਿਚ ਡਿਪਟੀ ਕਮਿਸ਼ਨਰ ਰਹੀਆਂ ਹਨ। ਇਸ ਸਮੇਂ ਪਟਿਆਲਾ ਸ਼ਹਿਰ ਨਾਲ ਸੰਬੰਧ ਰੱਖਦੀਆਂ ਚਾਰ ਆਈ.ਏ.ਐੱਸ. ਅਧਿਕਾਰੀ ਇਸਤਰੀਆਂ ਪੂਨਮਦੀਪ ਕੌਰ ਬਰਨਾਲਾ, ਪਰਨੀਤ ਕੌਰ ਸ਼ੇਰਗਿੱਲ ਫਤਿਹਗੜ੍ਹ ਸਾਹਿਬ, ਸੇਨੂੰ ਕਪਿਲਾ ਦੁੱਗਲ ਫਾਜ਼ਿਲਕਾ ਅਤੇ ਬਲਦੀਪ ਕੌਰ ਤਰਨਤਾਰਨ ਜ਼ਿਲ੍ਹਿਆਂ ਦੀਆਂ ਡਿਪਟੀ ਕਮਿਸ਼ਨਰ ਹਨ। ਪੂਨਮਦੀਪ ਕੌਰ ਫਤਿਹਗੜ੍ਹ ਸਾਹਿਬ ਦੀ ਡਿਪਟੀ ਕਮਿਸ਼ਨਰ ਵੀ ਰਹੀ ਹੈ। ਪੂਨਮਦੀਪ ਕੌਰ ਅਤੇ ਪਰਨੀਤ ਕੌਰ ਸ਼ੇਰਗਿੱਲ ਦੋਵੇਂ ਫ਼ੌਜੀ ਅਧਿਕਾਰੀਆਂ ਦੇ ਪਰਿਵਾਰਾਂ ਦੀਆਂ ਵਾਰਸ ਹਨ। ਪੂਨਮਦੀਪ ਕੌਰ ਦੇ ਪਤੀ ਮੇਜਰ ਮਨਵਿੰਦਰਾ ਸਿੰਘ ਬਾਰਾਮੂਲਾ ਵਿਖੇ ਦੇਸ਼ ਦੀ ਸਰਹੱਦ ਦੀ ਰਾਖੀ ਕਰਦਿਆਂ 12 ਦਸੰਬਰ 2000 ਨੂੰ ਸ਼ਹੀਦੀ ਦਾ ਜਾਮ ਪੀ ਗਏ ਸਨ। ਉਨ੍ਹਾਂ ਦਾ ਲੜਕਾ ਅਰਮਾਨਦੀਪ ਸਿੰਘ ਸਿੰਘ ਕਮਰਸ਼ੀਅਲ ਪਾਇਲਟ ਹੈ। ਪੂਨਮਦੀਪ ਕੌਰ ਦਾ ਪਿਤਾ ਕੁਲਬੀਰ ਸਿੰਘ ਦੇਸ਼ ਭਗਤ ਸੁਤੰਤਰਤਾ ਸੰਗਰਾਮੀ ਸੀ। ਪੂਨਮਦੀਪ ਕੌਰ ਪੀ.ਸੀ.ਐੱਸ. ਵਿਚ ਆਉਣ ਤੋਂ ਪਹਿਲਾਂ ਅੰਗਰੇਜ਼ੀ ਦੇ ਲੈਕਚਰਾਰ ਸਨ। ਪੂਨਮਦੀਪ ਕੌਰ ਪੀ.ਸੀ.ਐੱਸ. ਬਣਨ ਤੋਂ ਬਾਅਦ ਬਹੁਤ ਸਾਰੇ ਮਹੱਤਵਪੂਰਨ ਅਹੁਦਿਆਂ 'ਤੇ ਤਾਇਨਾਤ ਰਹੇ ਹਨ, ਜਿਸ ਕਰਕੇ ਉਨ੍ਹਾਂ ਦਾ ਪ੍ਰਬੰਧਕੀ ਤਜ਼ਰਬਾ ਕਾਫੀ ਹੈ। ਉਹ ਮਿਹਨਤੀ ਅਤੇ ਸਿਰੜੀ ਹੈ। ਪਰਨੀਤ ਕੌਰ ਸ਼ੇਰਗਿੱਲ ਦੀ ਵਿਰਾਸਤ ਅਮੀਰ ਹੈ, ਉਸ ਦੇ ਪਿਤਾ ਬ੍ਰਿਗੇਡੀਅਰ ਬਲਵਿੰਦਰ ਸਿੰਘ ਸ਼ੇਰਗਿੱਲ ਸਨ, ਜਿਨ੍ਹਾਂ ਨੇ 21 ਅਗਸਤ 2001 ਨੂੰ ਕੁੱਪਵਾੜਾ ਵਿਖੇ ਦੇਸ਼ ਦੀ ਰਾਖੀ ਕਰਦਿਆਂ ਸ਼ਹਾਦਤ ਦਾ ਜਾਮ ਪੀਤਾ ਸੀ। ਪਰਨੀਤ ਕੌਰ ਸ਼ੇਰਗਿੱਲ ਦਾ ਤਾਇਆ ਡਾ. ਸ਼ਵਿੰਦਰ ਸਿੰਘ ਸ਼ੇਰਗਿੱਲ ਪੀ.ਜੀ.ਆਈ. ਚੰਡੀਗੜ੍ਹ ਵਿਖੇ ਹੱਡੀਆਂ ਦੇ ਮਾਹਰ ਡਾਕਟਰ ਰਹੇ ਹਨ, ਉਹ ਪੰਜਾਬ ਹੈਲਥ ਸਾਇੰਸਜ਼ ਯੂਨੀਵਰਸਿਟੀ ਫਰੀਦਕੋਟ ਦੇ ਉਪ ਕੁਲਪਤੀ ਸਨ। ਉਨ੍ਹਾਂ ਦਾ ਪਿਛੋਕੜ ਬਰਨਾਲਾ ਜ਼ਿਲ੍ਹੇ ਦੇ ਦਾਨਗੜ੍ਹ ਪਿੰਡ ਨਾਲ ਹੈ। ਉਸ ਦੇ ਸਹੁਰਾ ਪਰਿਵਾਰ ਦੀ ਵਿਰਾਸਤ ਵਿਲੱਖਣ ਹੈ। ਉਸ ਦੇ ਪਤੀ ਦੇ ਦਾਦਾ ਅਮਰ ਸਿੰਘ ਕੰਬੋਜ ਪਟਿਆਲਾ ਰਿਆਸਤ ਦਾ ਜਾਣਿਆ-ਪਹਿਚਾਣਿਆਂ ਹਸਤਾਖ਼ਰ ਸੀ। ਉਨ੍ਹਾਂ ਦੇ ਸਹੁਰਾ ਕਰਨਲ ਕਰਮਿੰਦਰ ਸਿੰਘ ਪ੍ਰਤਿਸ਼ਟ ਸੋਸ਼ਲ ਵਰਕਰ ਹਨ, ਜਿਹੜੇ ਬਲਾਈਂਡ, ਡੈਫ ਐਂਡ ਡੈਫਬਲਾਈਂਡ ਸਕੂਲ ਪਟਿਆਲਾ ਵਿਖੇ ਚਲਾ ਰਹੇ ਹਨ, ਜਿਥੇ ਲਗਪਗ 450 ਵਿਸ਼ੇਸ਼ ਬੱਚੇ ਅੱਧੇ ਲੜਕੇ ਅਤੇ ਅੱਧੀਆਂ ਲੜਕੀਆਂ ਬੋਰਡਿੰਗ ਵਿਚ ਰਹਿੰਦਿਆਂ ਪੜ੍ਹ ਰਹੇ ਹਨ। ਇਹ ਸਕੂਲ ਪਲੱਸ ਟੂ ਤੱਕ ਹੈ। ਪਰਨੀਤ ਕੌਰ ਦਾ ਵਿਆਹ ਸਿਮਰਪ੍ਰੀਤ ਸਿੰਘ ਨਾਲ ਹੋਇਆ। ਉਨ੍ਹਾਂ ਦੇ ਇਕ ਲੜਕਾ ਉਦੇ ਪ੍ਰਤਾਪ ਸਿੰਘ ਹੈ। ਸਿਮਰਪ੍ਰੀਤ ਸਿੰਘ ਵੀ ਆਪਣੀ ਪਿਤਾ ਪੁਰਖੀ ਵਿਰਾਸਤ ਅਨੁਸਾਰ ਸਮਾਜ ਸੇਵਾ ਦਾ ਕੰਮ ਕਰਦਾ ਹੈ। ਪਰਨੀਤ ਕੌਰ ਸ਼ੇਰਗਿੱਲ 2001 ਵਿਚ ਪੀ.ਸੀ.ਐੱਸ. ਵਿਚ ਆਈ ਸੀ। ਉਹ ਬਹੁਤ ਸਾਰੇ ਮਹੱਤਵਪੂਰਨ ਅਹੁਦਿਆਂ 'ਤੇ ਰਹੀ ਹੈ, ਜਿਸ ਕਰਕੇ ਉਸ ਦਾ ਪ੍ਰਬੰਧਕੀ ਤਜ਼ਰਬਾ ਵਿਸ਼ਾਲ ਹੈ। ਉਨ੍ਹਾਂ ਵਿਚ ਤਨਦੇਹੀ ਨਾਲ ਕੰਮ ਕਰਨ ਅਤੇ ਅਨੁਸ਼ਾਸਨ ਵਿਚ ਰਹਿਣ ਅਤੇ ਆਪਣੇ ਸਟਾਫ ਤੋਂ ਸਹਿਯੋਗ ਲੈਣ ਦੀ ਸਮਰੱਥਾ ਹੈ। ਪਰਨੀਤ ਕੌਰ ਸ਼ੇਰਗਿੱਲ ਨੇ ਪੱਤਰਕਾਰੀ ਵਿਚ ਆਨਰਜ਼ ਕੀਤੀ ਹੋਈ ਹੈ। ਉਹ ਅੰਗਰੇਜ਼ੀ ਦੇ ਮੈਗਜ਼ੀਨ ਅਤੇ ਅਖ਼ਬਾਰ ਵਿਚ ਪੱਤਰਕਾਰ ਵੀ ਰਹੀ ਹੈ। ਉਸ ਦੇ ਅੰਗਰੇਜ਼ੀ ਦੇ ਅਖ਼ਬਾਰਾਂ ਵਿਚ ਲੇਖ ਵੀ ਪ੍ਰਕਾਸ਼ਤ ਹੁੰਦੇ ਰਹੇ ਹਨ। ਜੁਲਾਈ 2023 ਦੇ ਹੜ੍ਹਾਂ ਦੌਰਾਨ ਫ਼ਤਿਹਗੜ੍ਹ ਜ਼ਿਲ੍ਹੇ ਵਿਚ ਆਏ ਹੜ੍ਹ ਦੇ ਪ੍ਰਕੋਪ ਸਮੇਂ ਪਰਨੀਤ ਕੌਰ ਸ਼ੇਰਗਿੱਲ ਦਲੇਰੀ ਨਾਲ ਡੂੰਘੇ ਪਾਣੀ ਵਿਚ ਖੁਦ ਪਹੁੰਚ ਕੇ ਲੋਕਾਂ ਦੀਆਂ ਜਾਨਾਂ ਬਚਾਉਣ ਦੇ ਪ੍ਰਬੰਧ ਕਰਦੇ ਰਹੇ। ਬਲਦੀਪ ਕੌਰ ਇਸ ਸਮੇਂ ਤਰਨਤਾਰਨ ਦੀ ਡਿਪਟੀ ਕਮਿਸ਼ਨਰ ਹੈ। ਉਹ ਵੀ ਪਟਿਆਲਾ ਨਾਲ ਸੰਬੰਧਤ ਹੈ। ਉਸ ਦਾ ਸਹੁਰਾ ਪਰਿਵਾਰ ਪਟਿਆਲਾ ਨਾਲ ਸੰਬੰਧਤ ਹੈ। ਉਸ ਦਾ ਪਿਤਾ ਬੇਅੰਤ ਸਿੰਘ ਬੇਦੀ ਪਟਿਆਲਾ ਵਿਖੇ ਸ਼ੈਸ਼ਨਜ ਜੱਜ ਰਹੇ ਹਨ। ਬਲਦੀਪ ਕੌਰ ਏਥੇ ਹੀ ਪੜ੍ਹੇ ਹਨ। ਇਸ ਤੋਂ ਇਲਾਵਾ ਅੰਮ੍ਰਿਤ ਕੌਰ ਸ਼ੇਰਗਿੱਲ ਫ਼ਹਿਤਗੜ੍ਹ ਸਾਹਿਬ ਅਤੇ ਮਾਲੇਰਕੋਟਲਾ ਦੀ ਡਿਪਟੀ ਕਮਿਸ਼ਨਰ ਰਹੀ ਹੈ। ਉਹ ਪੰਜਾਬ ਦੇ ਮੁੱਖ ਮੰਤਰੀ ਦੀ ਵਧੀਕ ਪ੍ਰਿੰਸੀਪਲ ਸਕੱਤਰ ਵੀ ਰਹੀ ਹੈ। ਆਪਣੇ ਕੰਮ ਦੀ ਮਾਹਿਰ ਹੈ। ਅੱਜਕੱਲ੍ਹ ਉਹ ਸਕੱਤਰ ਮਾਰਕੀਟਿੰਗ ਬੋਰਡ ਦੇ ਅਹੁਦੇ 'ਤੇ ਕੰਮ ਕਰ ਰਹੇ ਹਨ। ਉਹ ਅੰਤਰਰਾਸ਼ਟਰੀ ਪੱਧਰ ਦੀ ਸਾਈਕਲਿਸਟ ਹੈ। ਉਨ੍ਹਾਂ ਦੇ ਪਿਤਾ ਵੀ ਸਾਈਕਲ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਸਨ। ਇਸੇ ਤਰ੍ਹਾਂ ਕਿਰਨਪ੍ਰੀਤ ਕੌਰ ਬਰਾੜ ਵੀ ਡਿਪਟੀ ਕਮਿਸ਼ਨਰ ਰਹੀ ਹੈ। ਅੱਜਕੱਲ੍ਹ ਉਹ ਮੈਨੇਜਿੰਗ ਡਾਇਰੈਕਟਰ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਅਹੁਦੇ 'ਤੇ ਕੰਮ ਕਰ ਰਹੇ ਹਨ। ਸਾਰੀਆਂ ਵੱਖ-ਵੱਖ ਜ਼ਿਲ੍ਹਿਆਂ ਵਿਚ ਡਿਪਟੀ ਕਮਿਸ਼ਨਰ ਰਹੀਆਂ ਹਨ। ਅੰਮ੍ਰਿਤ ਕੌਰ ਗਿੱਲ, ਪੂਨਮਦੀਪ ਕੌਰ, ਪਰਨੀਤ ਕੌਰ ਸ਼ੇਰਗਿੱਲ ਅਤੇ ਸੇਨੂੰ ਦੁੱਗਲ, ਮੈਨੂੰ ਇਨ੍ਹਾਂ ਚਾਰੇ ਅਧਿਕਾਰੀਆਂ ਨੂੰ ਕੰਮ ਕਰਦਿਆਂ ਨੇੜੇ ਤੋਂ ਵੇਖਣ ਦਾ ਮਾਣ ਪ੍ਰਾਪਤ ਹੈ। ਇਹ ਸਾਰੇ ਅਧਿਕਾਰੀ ਮਿਹਨਤੀ, ਦਲੇਰ ਅਤੇ ਲੋਕਾਂ ਦੇ ਹੱਕ ਤੇ ਸੱਚ 'ਤੇ ਪਹਿਰਾ ਦੇਣ ਵਾਲੇ ਹਨ। ਇਨ੍ਹਾਂ ਵਿਚੋਂ ਤਿੰਨ ਅਧਿਕਾਰੀ ਅੰਮ੍ਰਿਤ ਕੌਰ ਗਿੱਲ, ਪੂਨਮਦੀਪ ਕੌਰ ਅਤੇ ਪਰਨੀਤ ਕੌਰ ਸ਼ੇਰਗਿੱਲ ਪਟਿਆਲਾ ਵਿਖੇ ਜਦੋਂ ਉਹ ਪੀ.ਸੀ.ਐੱਸ.ਅਧਿਕਾਰੀ ਹੁੰਦੀਆਂ ਸਨ, ਤਾਂ ਉਹ ਜੀ.ਏ., ਐੱਸ.ਡੀ.ਐੱਮ., ਸ਼ਿਕਾਇਤ ਨਿਵਾਰਨ ਅਧਿਕਾਰੀ ਅਤੇ ਏ.ਸੀ.ਏ. ਪੁਡਾ ਆਦਿ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਦੀਆਂ ਰਹੀਆਂ ਹਨ। 2003 ਵਿਚ ਜਦੋਂ ਪਟਿਆਲਾ ਵਿਖੇ ਹੈਰੀਟੇਜ ਮੇਲੇ ਲੱਗਦੇ ਰਹੇ ਸਨ, ਇਨ੍ਹਾਂ ਅਧਿਕਾਰੀਆਂ ਦੀ ਕਾਰਜਕੁਸ਼ਲਤਾ ਵੇਖਣ ਵਾਲੀ ਹੁੰਦੀ ਸੀ। ਸਵੇਰੇ ਸੂਰਜ ਦੀ ਟਿੱਕੀ ਨਿਕਲਣ ਤੋਂ ਲੈ ਕੇ ਅੱਧੀ ਰਾਤ ਤੱਕ ਸਾਰੇ ਪ੍ਰਬੰਧਾਂ ਦੀ ਨਿਗਰਾਨੀ ਕਰਦੇ ਰਹਿੰਦੇ ਸਨ। ਇਨ੍ਹਾਂ ਦਾ ਸਿਰੜ, ਦ੍ਰਿੜ੍ਹਤਾ ਅਤੇ ਲਗਨ ਨਾਲ ਆਪਣੇ ਫ਼ਰਜ ਨਿਭਾਉਣ ਦੀ ਪ੍ਰਵਿਰਤੀ ਕਾਬਲੇ ਤਾਰੀਫ਼ ਹੁੰਦੀ ਸੀ। ਪੂਰੇ ਦੇਸ਼ ਵਿਚੋਂ ਵੱਖ-ਵੱਖ ਖੇਤਰਾਂ ਦੇ ਨਾਮਵਰ ਕਲਾਕਾਰ ਆਉਂਦੇ ਸਨ, ਉਨ੍ਹਾਂ ਦੇ ਪ੍ਰੋਗਰਾਮਾਂ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਵਿਚ ਵਿਸ਼ੇਸ਼ ਭੂਮਿਕਾ ਇਨ੍ਹਾਂ ਅਧਿਕਾਰੀਆਂ ਦੀ ਹੁੰਦੀ ਸੀ। ਇਸ ਤੋਂ ਇਲਾਵਾ ਰਾਤ-ਬਰਾਤੇ ਹੜ੍ਹਾਂ ਵਰਗੀ ਔਖੀ ਕੁਦਰਤੀ ਆਫ਼ਤ ਸਮੇਂ ਵੀ ਇਹ ਅਧਿਕਾਰੀ ਆਪਣੇ ਫ਼ਰਜ਼ ਬਾਖੂਬੀ ਨਿਭਾਉਂਦੇ ਰਹੇ ਹਨ। ਉਹ ਪ੍ਰਬੰਧਕੀ ਕਾਰਜ਼ਕੁਸ਼ਲਤਾ ਵਾਲੀਆਂ ਅਧਿਕਾਰੀ ਹਨ। ਇਸੇ ਤਰ੍ਹਾਂ ਡਾ. ਸੇਨੂੰ ਦੁੱਗਲ ਨੂੰ ਮੈਂ ਲੋਕ ਸੰਪਰਕ ਵਿਭਾਗ ਵਿਚ ਲੰਬਾ ਸਮਾਂ ਕੰਮ ਕਰਦਿਆਂ ਵੇਖਿਆ ਹੈ। ਉਹ ਵਿਭਾਗ ਦੀਆਂ ਮਹੱਤਵਪੂਰਨ ਸ਼ਾਖ਼ਾਵਾਂ ਦੇ ਮੁਖੀ ਰਹੇ ਹਨ। ਜਿਨ੍ਹਾਂ ਵਿਚ ਪ੍ਰੈੱਸ ਸ਼ਾਖ਼ਾ, ਇਸ਼ਤਿਹਾਰ ਸ਼ਾਖ਼ਾ, ਸੋਸ਼ਲ ਮੀਡੀਆ ਅਤੇ ਪਨਮੀਡੀਆ ਸ਼ਾਮਲ ਹਨ। ਲੋਕ ਸੰਪਰਕ ਵਿਭਾਗ ਦਾ ਕੰਮ ਬਹੁਤ ਹੀ ਟੇਡੀ ਖੀਰ ਹੁੰਦਾ ਹੈ। ਉਹ ਅਤਿ ਨਾਜ਼ੁਕ ਹਾਲਾਤ ਵਿਚ ਰਾਤ-ਬਰਾਤੇ ਸ਼ਿੱਦਤ ਨਾਲ ਕੰਮ ਕਰਦੇ ਰਹੇ ਹਨ। ਆਪਣੀ ਪੜ੍ਹਾਈ ਵਿਚ ਉਹ ਗੋਲਡ ਮੈਡਲਿਸਟ ਹਨ। ਉਨ੍ਹਾਂ ਨੇ ਪੀ.ਐੱਚ.ਡੀ. ਆਰਟਸ ਐਂਡ ਸ਼ੋਸ਼ਲ ਸਾਇੰਸਿਜ਼ ਵਿਸ਼ੇ ਵਿਚ ਕੀਤੀ ਹੋਈ ਹੈ। ਉਨ੍ਹਾਂ ਦੀ ਵਿਰਾਸਤ ਸਾਹਿਤ, ਸੰਗੀਤ ਅਤੇ ਨ੍ਰਿਤ ਨਾਲ ਸੰਬੰਧਤ ਹੈ। ਉਨ੍ਹਾਂ ਦੀ ਮਾਤਾ ਸੁਰਿੰਦਰ ਕਪਿਲਾ ਪਟਿਆਲਾ ਵਿਖੇ ਲੜਕੀਆਂ ਦੇ ਕਾਲਜ ਦੇ ਪ੍ਰਿੰਸੀਪਲ ਰਹੇ ਹਨ। ਉਨ੍ਹਾਂ ਦੇ ਪਿਤਾ ਪ੍ਰੇਮ ਚੰਦ ਲੋਕ ਨਿਰਮਾਣ ਵਿਭਾਗ ਵਿਚ ਸਬ ਡਵੀਜ਼ਨਲ ਅਧਿਕਾਰੀ ਸਨ। ਉਨ੍ਹਾਂ ਦਾ ਪਿਛੋਕੜ ਲੁਧਿਆਣਾ ਜ਼ਿਲ੍ਹੇ ਦੇ ਸਾਹਨੇਵਾਲ ਕਸਬੇ ਨਾਲ ਹੈ। ਇਨ੍ਹਾਂ ਲੜਕੀਆਂ ਨੂੰ ਕੰਮ ਕਰਦਿਆਂ ਵੇਖ ਕੇ ਮਰਦ ਔਰਤ ਦੇ ਬਰਾਬਰੀ ਦੇ ਸੰਕਲਪ ਦਾ ਪ੍ਰਗਟਾਵਾ ਹੁੰਦਾ ਹੈ।

# ਆਜ਼ਾਦੀ ਦੀ ਕੀਮਤ


ਅਮਰਬੀਰ ਸਿੰਘ ਚੀਮਾ
ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ (ਪੰਜਾਬ)
ਮੋਬਾ. 98889-40211
(Punjab Mail USA)






ਦੇਸ਼-ਭਗਤਾਂ ਤੇ ਕ੍ਰਾਂਤੀਕਾਰੀਆਂ 'ਚ ਤਾਂ ਦੇਸ਼ ਆਜ਼ਾਦ ਕਰਾਉਣ ਦਾ ਪੂਰਾ ਜਨੂੰਨ ਸੀ। ਉਹ ਤਾਂ ਭਲੀਭਾਂਤ ਜਾਣੂ ਸਨ ਕਿ ਆਜ਼ਾਦੀ ਲੈਣ ਲਈ ਜਾਨਾਂ ਤਾਂ ਦੇਣੀਆਂ ਹੀ ਪੈਣਗੀਆਂ। ਆਖਰ ਉਨ੍ਹਾਂ ਦੇ ਸੁਪਨਿਆਂ ਨੂੰ ਬੂਰ ਪਿਆ ਤੇ 15 ਅਗਸਤ 1947 ਨੂੰ ਸਾਡਾ ਦੇਸ਼ ਆਜ਼ਾਦ ਹੋ ਗਿਆ।

ਅੱਜ 76 ਸਾਲਾਂ ਬਾਅਦ ਆਜ਼ਾਦੀ ਦਾ ਨਿੱਘ ਤਾਂ ਸਾਰਾ ਦੇਸ਼ ਮਾਣ ਰਿਹਾ, ਪਰ ਦੂਜੇ ਪਾਸੇ ਜਿਨ੍ਹਾਂ (ਪੰਜਾਬੀਆਂ) ਨੇ ਸਭ ਤੋਂ ਵਧੇਰੇ ਕੁਰਬਾਨੀਆਂ ਕੀਤੀਆਂ, ਉਸ ਵਕਤ ਦੇ ਅਖੌਤੀ ਸਿਆਸਤਦਾਨਾਂ ਨੇ ਉਨ੍ਹਾਂ ਦੇ ਪੰਜਾਬ ਦੇ ਕਿੰਨੇ ਟੁਕੜੇ ਕੀਤੇ, ਇਹ ਵੀ ਸੋਚਣ ਵਿਚਾਰਣ ਵਾਲੀ ਗੱਲ ਹੈ। ਕਿੰਨਾ ਵੱਡਾ ਸੀ ਅਣਵੰਡਿਆ ਪੰਜਾਬ। ਅੱਧਾ ਪੰਜਾਬ ਪਾਕਿਸਤਾਨ ਨੂੰ ਦੇ ਦਿੱਤਾ, ਕਿੰਨੇ ਹੀ ਗੁਰਧਾਮ ਉਧਰ ਰਹਿ ਗਏ। ਇੱਥੇ ਹੀ ਸਬਰ ਨਹੀਂ, 47 ਤੋਂ ਬਾਅਦ ਆਜ਼ਾਦ ਭਾਰਤ ਵਿਚ ਪੰਜਾਬ ਦੇ ਹੋਰ ਟੁਕੜੇ ਕਰਕੇ ਹਰਿਆਣਾ ਅਤੇ ਹਿਮਾਚਲ ਵੱਖਰੇ ਸੂਬੇ ਬਣਾ ਦਿੱਤੇ। ਪੰਜਾਬ ਹੋਰ ਸਿਮਟ ਕੇ ਰਹਿ ਗਿਆ। ਇਹ ਤਾਂ ਹੋਈ ਭੂਗੋਲਿਕ ਖਿੱਤੇ ਤੇ ਆਜ਼ਾਦੀ ਦੇ ਪ੍ਰਵਾਨਿਆਂ ਦੀ ਗਲ। ਹੁਣ ਗੱਲ ਕਰਦੇ ਆਂ ਉਸ ਕੀਮਤ ਦੀ, ਜਿਹੜੀ ਇਹ ਆਜ਼ਾਦੀ ਲੈਣ ਲਈ ਪੰਜਾਬੀਆਂ ਨੂੰ ਤਾਰਨੀ ਪਈ।

ਆਜ਼ਾਦੀ ਮੌਕੇ ਜਿਸ ਨੂੰ ਹਾਲੇ ਵੀ 47 ਦੇ ਹੱਲਿਆਂ ਕਰਕੇ ਯਾਦ ਕੀਤਾ ਜਾਂਦਾ, ਇਨ੍ਹਾਂ ਦਿਨਾਂ ਵਿਚ ਦੋਵੇਂ ਪਾਸਿਆਂ ਤੋਂ ਵਾਸਨਾ ਦੇ ਵਹਿਸ਼ੀਆਂ ਨੇ ਹਜ਼ਾਰਾਂ ਤ੍ਰੀਮਤਾਂ ਦੀ ਇੱਜ਼ਤ ਲੀਰੋ-ਲੀਰ ਕੀਤੀ। ਕਿੰਨੀਆਂ ਮਜਬੂਰ ਤੇ ਬੇਵੱਸ ਪੰਜਾਬਣਾਂ ਨੇ ਇੱਜ਼ਤਾਂ ਬਚਾਉਣ ਲਈ ਖੂਹਾਂ ਤੇ ਨਹਿਰਾਂ 'ਚ ਛਾਲਾਂ ਮਾਰ ਦਿੱਤੀਆਂ ਤੇ ਕਈਆਂ ਨੂੰ ਉਨ੍ਹਾਂ ਦੇ ਘਰਦਿਆਂ ਨੇ ਆਪ ਹੀ ਮਾਰ ਮੁਕਾ ਦਿੱਤਾ। ਕਿੰਨਾ ਭਿਆਨਕ ਮੰਜਰ ਹੋਵੇਗਾ!

ਹਰ ਦੁੱਖ-ਸੁੱਖ ਦੇ ਭਾਈਵਾਲ ਇਨਸਾਨੀਅਤ ਛੱਡ ਖੂਨ ਦੇ ਪਿਆਸੇ ਹੋ ਗਏ ਸਨ। ਦੋਵੇਂ ਪਾਸਿਓਂ ਪਿੰਡਾਂ ਦੇ ਪਿੰਡ ਖਾਲੀ ਹੋ ਗਏ। ਜਿੱਥੇ ਇਕੱਠੇ ਖੇਡਦਿਆਂ ਬਚਪਨ ਬੀਤਿਆ, 'ਕੱਠੇ ਸਕੂਲੇ-ਮਦਰੱਸੇ ਜਾਂਦੇ, ਮੇਲਿਆਂ 'ਚ ਭੰਗੜੇ ਤੇ ਕੌਡੀਆਂ ਦੀ ਰੇਡਾਂ ਪਾਉਂਦੇ ਸੀ, ਧਰਮ ਤੇ ਸਿਆਸਤ ਨੇ ਅਜਿਹੀਆਂ ਵੰਡੀਆਂ ਪਾਈਆਂ ਕਿ ਸਭ ਕੁਝ ਛੱਡਣਾ ਪਿਆ। ਆਪਣੇ ਪਿੰਡ ਦੀਆਂ ਗਲੀਆਂ, ਖੇਤਾਂ, ਤੌੜ ਤੇ ਖੂਹ ਦੀਆਂ ਟਿੰਡਾਂ ਨੂੰ ਆਖਰੀ ਵਾਰ ਤੱਕਦਿਆਂ ਕਿਸਾਨਾਂ ਦੇ ਕਾਲਜੇ 'ਚ ਪੈਂਦੀ ਧੂਹ ਬਿਆਨ ਨਹੀਂ ਕੀਤੀ ਜਾ ਸਕਦੀ।

ਸਰਹੱਦਾਂ ਦੇ ਦੋਵੇਂ ਪਾਸੇ ਤੋਂ ਲਾਸ਼ਾਂ ਦੀਆਂ ਰੇਲਾਂ ਭਰ-ਭਰ ਭੇਜੀਆਂ ਗਈਆਂ। ਖੂਨ ਖਰਾਬੇ ਦੀਆਂ ਸਭ ਹੱਦਾਂ ਪਾਰ ਹੋ ਗਈਆਂ। ਹਜ਼ਾਰਾਂ ਲੋਕਾਂ ਨੇ ਆਪਣੀਆਂ ਜਾਨਾਂ ਗਵਾਈਆਂ ਤੇ ਲੱਖਾਂ ਹੀ ਖੇਤ, ਜ਼ਮੀਨਾਂ, ਕਾਰੋਬਾਰ ਤੇ ਆਪਣੇ ਘਰ ਛੱਡ ਬੇਘਰੇ ਹੋ ਗਏ। ਚੰਗੀ-ਭਲੀ ਚੱਲਦੀ ਜ਼ਿੰਦਗੀ ਲੀਹੋਂ ਉਤਰ ਗਈ। ਮਾਵਾਂ ਆਪਣੇ ਦੁੱਧ ਚੁੰਘਦੇ ਬੱਚਿਆਂ ਨੂੰ ਰੋਂਦੇ ਵਿਲਕਦੇ ਛੱਡਣ ਨੂੰ ਮਜਬੂਰ ਹੋ ਗਈਆਂ ਅਤੇ ਮਰਦ ਆਪਣੀਆਂ ਹੀ ਤਰੀਮਤਾਂ ਦੀਆਂ ਇੱਜ਼ਤਾਂ ਬਚਾਉਣ ਲਈ ਉਨ੍ਹਾਂ ਨੂੰ ਜਾਨੋਂ ਮਾਰਨ ਲਈ ਮਜਬੂਰ ਹੋ ਗਏ। ਇਸ ਆਪੋਧਾਪੀ ਦਾ ਮੌਕਾਪ੍ਰਸਤ ਲੋਕਾਂ ਨੇ ਰੱਜ ਕੇ ਫਾਇਦਾ ਉਠਾਇਆ। ਜੋ ਜਿਸ ਦੇ ਹੱਥ ਲੱਗਾ, ਉਹ ਲੁੱਟ ਕੇ ਲੈ ਗਿਆ, ਭਾਵੇਂ ਕੋਈ ਕੀਮਤੀ ਸ਼ੈਅ ਤੇ ਭਾਵੇਂ ਕਿਸੇ ਔਰਤ ਦੀ ਇੱਜ਼ਤ। ਇੱਜ਼ਤਾਂ ਨੋਚ ਲਈਆਂ, ਘਰ-ਬਾਰ ਤੇ ਮਾਲ ਡੰਗਰ ਲੁੱਟ ਕੇ ਘਰਾਂ ਨੂੰ ਅੱਗਾਂ ਲਗਾ ਦਿੱਤੀਆਂ। ਰਾਵੀ ਦਰਿਆ ਦੇ ਪਾਣੀ ਦਾ ਰੰਗ ਖੂਨ ਨਾਲ ਲਾਲ ਸੂਹਾ ਹੋ ਗਿਆ।

ਇਸ ਦੌਰਾਨ ਕਈਆਂ ਨੇ ਦੂਜੇ ਫਿਰਕੇ ਦੀਆਂ ਔਰਤਾਂ ਨਾਲ ਜ਼ਬਰਦਸਤੀ ਵਿਆਹ/ਨਿਕਾਹ ਕਰਵਾਏ, ਜੋ ਕਿ ਬਾਅਦ ਵਿਚ ਦੋਵੇਂ ਦੇਸ਼ ਦੀਆਂ ਸਰਕਾਰਾਂ ਵੱਲੋਂ ਆਪਣੇ-ਆਪਣੇ ਦੇਸ਼ ਦੀਆਂ ਔਰਤਾਂ ਨੂੰ ਵਟਾਂਦਰੇ ਦੇ ਸਮਝੌਤੇ ਰਾਹੀਂ ਵਾਪਸ ਆਪਣੇ ਮੁਲਖ ਲਿਆਂਦਾ ਗਿਆ। ਇਸ ਤੋਂ ਇਲਾਵਾ ਆਜ਼ਾਦੀ ਉਪਰੰਤ ਪਾਗਲਖਾਨਿਆਂ ਵਿਚ ਰਹਿ ਰਹੇ ਹਿੰਦੂ-ਸਿੱਖਾਂ ਅਤੇ ਮੁਸਲਮਾਨ ਪਾਗਲਾਂ ਦਾ ਵੀ ਵਟਾਂਦਰਾ ਕੀਤਾ ਗਿਆ, ਉਹ ਪਾਗਲ ਜਿਨ੍ਹਾਂ ਨੂੰ ਨਾਂ ਤਾਂ ਗੁਲਾਮੀ ਦੀ ਕੋਈ ਚਿੰਤਾ ਸੀ ਤੇ ਨਾ ਹੀ ਆਜ਼ਾਦੀ ਦੀ ਕੋਈ ਖੁਸ਼ੀ।

ਅਜਿਹੇ ਵਰਤਾਰੇ ਪੜ੍ਹ-ਸੁਣ ਕੇ ਰੂਹ ਕੰਬਦੀ ਹੈ। ਫਿਰ ਵੀ ਸਭ ਨੂੰ ਆਜ਼ਾਦੀ ਦੀਆਂ ਮੁਬਾਰਕਾਂ।

# ਗ੍ਰੀਨ ਵਿਸ਼ਵ ਲਈ ਜ਼ਰੂਰੀ ਹੈ- ਨੌਜਵਾਨਾਂ ਨੂੰ ਜਾਗਰੂਕ ਕਰਨਾ


ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)




**"ਵਿਸ਼ਵ ਭਰ ਵਿਚ ਗ੍ਰੀਨ ਬਦਲਾਅ, ਹਰ ਤਬਕੇ ਦੇ ਨਾਲ ਨੌਜਵਾਨਾਂ ਨੂੰ ਅੱਗੇ ਆਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਗ੍ਰੀਨ ਹੁਨਰ, ਗਿਆਨ, ਯੋਗਤਾਵਾਂ, ਕਦਰਾਂ-ਕੀਮਤਾਂ ਅਤੇ ਰਵੱਈਏ ਹਨ, ਜੋ ਇੱਕ ਟਿਕਾਊ ਅਤੇ ਸਰੋਤ-ਕੁਸ਼ਲ ਸਮਾਜ 'ਚ ਰਹਿਣ, ਵਿਕਾਸ ਅਤੇ ਸਮਰਥਨ ਕਰਨ ਲਈ ਲੋੜੀਂਦੇ ਹੋ ਗਏ ਹਨ"- ਅਨਿਲ ਧੀਰ**


ਅੰਤਰਰਾਸ਼ਟਰੀ ਯੁਵਕ ਦਿਵਸ 2023 ਦੇ ਮੌਕੇ 'ਤੇ ਗ੍ਰੀਨ ਸਕਿੱਲ ਅਵੇਅਰਨੈਸ ਬਾਰੇ ਗੱਲ ਕੀਤੀ ਜਾ ਰਹੀ ਹੈ। ਅੱਜ ਵਿਸ਼ਵ ਹਰੇ ਬਦਲਾਅ ਦੀ ਸ਼ੁਰੂਆਤ ਕਰ ਰਿਹਾ ਹੈ। ਇੱਕ ਵਾਤਾਵਰਣ ਟਿਕਾਊ ਅਤੇ ਜਲਵਾਯੂ ਮੁਤਾਬਿਕ ਇਹ ਤਬਦੀਲੀ ਨਾ ਸਿਰਫ ਗਲੋਬਲ ਜਲਵਾਯੂ ਸੰਕਟ ਦਾ ਜਵਾਬ ਦੇਣ ਲਈ, ਸਗੋਂ ਸਸਟੇਨੇਬਲ ਡਿਵੈਲਪਮੈਂਟ ਟੀਚਿਆਂ ਨੂੰ ਹਾਸਿਲ ਕਰਨ ਲਈ ਵੀ ਮਹੱਤਵਪੂਰਨ ਹੈ। ਇੱਕ ਹਰੇ ਭਰੇ ਵਿਸ਼ਵ ਲਈ ਇੱਕ ਸਫਲ ਤਬਦੀਲੀ ਆਬਾਦੀ ਵਿਚ ਗ੍ਰੀਨ ਹੁਨਰ ਦੇ ਵਿਕਾਸ 'ਤੇ ਨਿਰਭਰ ਕਰੇਗੀ। ਅਜਿਹੇ ਅੰਤਰਰਾਸ਼ਟਰੀ ਪੱਧਰ ਵਾਲੀ ਕੋਸ਼ਿਸ਼ ਦੀ ਕਾਮਯਾਬੀ ਨੌਜਵਾਨਾਂ ਦੀ ਭਾਗੀਦਾਰੀ ਤੋਂ ਬਿਨਾ ਹਾਸਲ ਨਹੀਂ ਕੀਤੀ ਜਾ ਸਕਦੀ।

12 ਅਗਸਤ, 2010 ਨੂੰ ਪਹਿਲੀ ਬਾਰ ਸੰਯੁਕਤ ਰਾਸ਼ਟਰ ਮਹਾਸਭਾ ਨੇ ਅੰਤਰਰਾਸ਼ਟਰੀ ਯੁਵਕ ਦਿਵਸ ਐਲਾਨ ਕੀਤਾ ਸੀ। ਇਸ ਦਾ ਮੁੱਖ ਉਦੇਸ਼ ਆਰਥਿਕ ਵਿਕਾਸ ਦੇ ਨਾਲ ਸ਼ਾਂਤੀ, ਕਾਨੂੰਨੀ ਮੁੱਦੇ ਅਤੇ ਮੌਜੂਦਾ ਤੇ ਆਉਣ ਵਾਲੀਆਂ ਚੁਣੌਤੀਆਂ ਦਾ ਮੁਕਾਬਲਾ ਅਤੇ ਮੁਸ਼ਕਲਾਂ ਪ੍ਰਤੀ ਵਿਸ਼ਵ ਜਾਗਰੂਕਤਾ ਪੈਦਾ ਕਰਨਾ ਹੈ। ਅੰਤਰਰਾਸ਼ਟਰੀ ਯੁਵਕ ਦਿਵਸ ਦੁਨੀਆਂ ਭਰ ਵਿਚ ਵੱਖ-ਵੱਖ ਤਰੀਕੇ ਨਾਲ ਚੁਣੌਤੀਆਂ ਦੇ ਮੁਕਾਬਲੇ ਲਈ ਜਾਗਰੂਕਤਾ ਸਮਾਗਮ, ਕਾਨਫਰੰਸਾਂ, ਪ੍ਰਦਰਸ਼ਨੀ, ਸਵੈਸੇਵੀ ਪ੍ਰਾਜੇਕਟ, ਅੰਤਰਰਾਸ਼ਟਰੀ ਖੇਡਾਂ ਦੁਆਰਾ ਕੀਤਾ ਜਾ ਰਿਹਾ ਹੈ। ਜਵਾਨੀ ਜ਼ਿੰਦਗੀ ਦਾ ਸਮਾਂ ਨਹੀਂ, ਮਨ ਦੀ ਹਾਲਤ ਹੈ। ਹਰ ਖੇਤਰ ਵਿਚ ਕਾਮਯਾਬੀ ਲਈ ਨੌਜਵਾਨਾਂ ਨੂੰ ਆਪਣੇ ਅੰਦਰ ਉਮੀਦ ਅਤੇ ਆਤਮ-ਵਿਸ਼ਵਾਸ ਨੂੰ ਕਾਇਮ ਰੱਖਣਾ ਹੈ।

ਯੂ.ਐੱਨ ਦੇ ਏਜੰਡੇ ਵਿਚ 2030 ਤੱਕ ਹੋਰ ਚੁਣੌਤੀਆਂ ਜਿਵੇਂ ਸਿਹਤ ਸੰਭਾਲ, ਗਰੀਬੀ ਘਟਾਉਣ ਲਈ ਸਮਾਜਿਕ ਹਿੱਸੇਦਾਰੀ, ਮੌਸਮ ਵਿਚ ਤਬਦੀਲੀ ਅਤੇ ਜੈਵ ਵਿਭਿੰਨਤਾ ਦੀ ਸੰਭਾਲ ਵਗੈਰਾ ਦਾ ਵੀ ਖਿਆਲ ਰੱਖਣਾ ਹੈ। ਅੱਜ ਅਤੇ ਭਵਿੱਖ 'ਚ ਵਾਤਾਵਰਣ ਤਬਦੀਲੀ ਅਤੇ ਜਲਵਾਯੂ ਸੰਕਟ ਕਾਰਨ ਆਬਾਦੀ ਸਰੀਰਕ-ਮਾਨਸਿਕ ਸਮੱਸਿਆਵਾਂ ਦੇ ਘੇਰੇ 'ਚ ਆ ਰਹੀ ਹੈ। ਤਬਦੀਲੀ ਲਈ ਹੁਨਰ ਤੇ ਗ੍ਰੀਨ ਨੌਕਰੀਆਂ ਲਈ ਜਲਵਾਯੂ ਬਦਲਾਅ ਦੀ ਤਿਆਰੀ, ਹਰਿਆਲੀ ਉਸਾਰੀ, ਠੋਸ ਰਹਿੰਦ-ਖੂੰਹਦ ਪ੍ਰਬੰਧਨ ਆਦਿ ਵਰਗੇ ਖੇਤਰਾਂ ਲਈ ਵੀ ਜਾਗਰੂਕ ਕੀਤਾ ਜਾ ਰਿਹਾ ਹੈ।








## ਅੱਜ ਵਿਸ਼ਵ ਭਰ ਵਿਚ ਨੌਜਵਾਨਾਂ ਅੱਗੇ ਚੁਣੌਤੀਆਂ ਦਾ ਜਾਲ ਹੈ:

» ਹਾਈ ਸਕੂਲ ਦੇ ਵਿਦਿਆਰਥੀ ਕਰੀਬਨ 30% ਵੱਖ-ਵੱਖ ਕਿਸਮ ਦੇ ਡਰੱਗਜ਼ ਅਤੇ 45% ਅਲਕੋਹਲ ਦਾ ਇਸਤੇਮਾਲ ਕਰ ਰਹੇ ਹਨ। ਕਰੀਅਰ ਤੋਂ ਫੋਕਸ ਹਟਦਾ ਜਾ ਰਿਹਾ ਹੈ। ਬੱਚੇ ਅਤੇ ਨੌਜਵਾਨ, ਲਗਾਤਾਰ ਸਟ੍ਰੈਸ ਦੇ ਘੇਰੇ ਵਿਚ ਰਹਿਣ ਕਰਕੇ, ਯਾਨਿ ਮਾੜਾ ਸਟ੍ਰੈਸ ਹਰ ਪਲਾਨਿੰਗ ਫੇਲ ਕਰ ਰਿਹਾ ਹੈ।

» ਬੇਰੋਜ਼ਗਾਰੀ ਅਤੇ ਭੰਬਲਭੂਸੇ ਦੇ ਮਾਹੌਲ ਵਿਚ ਅੱਜ ਦਾ ਨੌਜਵਾਨ ਸਹੀ ਰਸਤਾ ਲੱਭਣ ਲਈ ਭਟਕ ਰਿਹਾ ਹੈ। ਮਾਡਰਨ ਸਮਾਜ ਵਿਚ ਹਰ ਖੁਸ਼ੀ ਦੇ ਮਸਲੇ ਨੂੰ ਦੇਖਣ ਦਾ ਨਜ਼ਰੀਆ ਬਦਲ ਗਿਆ ਹੈ। ਕਾਮਯਾਬੀ ਲਈ ਕੰਪੀਟੀਸ਼ਨ ਸਿਰਫ ਪੈਸਾ-ਪੈਸਾ ਹੀ ਰਹਿ ਗਿਆ ਹੈ। ਹੋਰ-ਹੋਰ ਦੀ ਪ੍ਰਾਪਤੀ ਦੀ ਹੋੜ ਯੁਵਾ ਵਰਗ ਨੂੰ ਨਕਾਰਾਤਮਕ ਸੋਚ ਵੱਲ ਲੈ ਕੇ ਜਾ ਰਹੀ ਹੈ।

» ਅੱਜ ਸਮਾਜ ਵਿਚ ਸ਼ਿਫਟਿੰਗ ਆਰਥਿਕਤਾ ਖੱਲੇ ਬਾਜ਼ਾਰਾਂ ਅਤੇ ਵਿਸ਼ਵੀਕਰਨ ਦਾ ਮਾਹੌਲ ਵੀ ਬੇਰੋਜ਼ਗਾਰੀ ਦੇ ਨਾਲ ਨੌਜਵਾਨਾਂ ਦੀ ਜ਼ਿੰਦਗੀ ਮੁਸ਼ਕਲਾਂ ਭਰੀ ਤੇ ਗੁੰਝਲਦਾਰ ਬਣ ਗਈ ਹੈ।

» 24 ਘੰਟੇ ਸੋਸ਼ਲ ਮੀਡੀਆ ਵੱਟਸਅਪ, ਇੰਸਟਾਗ੍ਰਾਮ, ਫੇਸਬੁੱਕ, ਟਿੱਕਟਾਕ, ਟਵਿੱਟਰ 'ਤੇ ਰਹਿਣ ਮੁਸ਼ਕਲਾਂ ਯਾਨਿ ਨੌਜਵਾਨਾਂ ਨੂੰ ਸਾਈਬਰ ਧੱਕੇਸ਼ਾਹੀ, ਸਲੱਟ-ਸ਼ਰਮ ਕਰਨ ਅਤੇ ਹੋਰ ਬਹੁਤ ਕੁੱਝ ਕਰ ਲਈ ਬੇਨਕਾਬ ਕਰ ਦਿੱਤਾ ਹੈ। ਗੈਰ-ਸਿਹਤਮੰਦ ਫੋਟੋ ਅਤੇ ਜਿਨਸੀ ਸਮੱਗਰੀ ਹਮੇਸ਼ਾ ਆਨਲਾਈਨ ਨੌਜਵਾਨਾਂ ਨੂੰ ਮਾਨਸਿਕ ਤੌਰ 'ਤੇ ਤੇਜ਼ੀ ਨਾਲ ਬਿਮਾਰ ਕਰ ਰਹੀ ਹੈ।

ਨੋਟ: ਗ੍ਰੀਨ ਵਿਸ਼ਵ ਤੇ ਵਿਕਾਸ ਲਈ ਹਰ ਤਬਕੇ ਦੇ ਨਾਲ ਯੁਵਕਾਂ ਅੰਦਰ ਗ੍ਰੀਨ ਸਕਿੱਲ ਬਾਰੇ ਜਾਗਰੂਕਤਾ ਪੈਦਾ ਕਰਨਾ ਜ਼ਰੂਰੀ ਹੋ ਗਿਆ ਹੈ। ਵਿਨਾਸ਼ਕਾਰੀ ਮਾਹੌਲ ਤੋਂ ਬਚਣ ਲਈ ਗਲੋਬਲ ਵਾਰਮਿੰਗ ਨੂੰ ਬਦਲਣ ਅਤੇ ਸੀਮਤ ਕਰਨ ਦੀ ਲੋੜ ਹੈ। ਮਾਂ-ਬਾਪ ਛੋਟੀ ਉਮਰ ਤੋਂ ਹੀ ਬੱਚਿਆਂ ਅੰਦਰ ਰੁਝਾਨ ਪੈਦਾ ਕਰਨ ਦੀ ਲੋੜ ਹੈ। ਭਵਿੱਖ ਲਈ ਹੁਨਰ ਅਤੇ ਹਰੇ ਨੌਕਰੀਆਂ ਲਈ ਹੁਨਰ, ਹਰ ਉਮਰ ਦੇ ਲੋਕਾਂ ਲਈ ਢੁੱਕਵੇਂ ਹਨ। ਉਨ੍ਹਾਂ ਨੇ ਨੌਜਵਾਨਾਂ ਲਈ ਮਹੱਤਵ ਨੂੰ ਵਧਾਇਆ ਹੈ, ਜੋ ਲੰਬੇ ਸਮੇਂ ਲਈ ਹਰੀ ਤਬਦੀਲੀ 'ਚ ਯੋਗਦਾਨ ਪਾ ਸਕਦੇ ਹਨ।

# ਅਣਗੌਲਿਆ ਪੰਜਾਬੀ ਫ਼ਿਲਮ ਅਦਾਕਾਰ


ਅੰਗਰੇਜ ਸਿੰਘ ਵਿਰਦੀ
ਅੰਮ੍ਰਿਤਸਰ
ਮੋਬ :- 94646-28857
(Punjab Mail USA)




ਗੱਲ ਅਗਸਤ 2020 ਦੀ ਹੈ। ਕਾਫ਼ੀ ਦੇਰ ਤੋਂ ਮੇਰੀ ਦਿਲੀ ਖਾਹਿਸ਼ ਸੀ ਕਿ ਮੈਂ ਆਪਣੇ ਸ਼ਹਿਰ ਅੰਮ੍ਰਿਤਸਰ ਦੇ ਪੰਜਾਬੀ ਫ਼ਿਲਮਾਂ ਦੇ ਦਿੱਗਜ ਅਦਾਕਾਰ ਯਸ਼ ਸ਼ਰਮਾ ਜੀ ਦੀ ਫ਼ਨ-ਏ-ਜ਼ਿੰਦਗੀ 'ਤੇ ਇੱਕ ਲੇਖ ਲਿਖਾਂ। ਜ਼ਿਹਨ ਵਿਚ ਬਸ ਉਨ੍ਹਾਂ ਦੀਆਂ ਹੀ ਗੱਲਾਂ ਚੱਲ ਰਹੀਆਂ ਸਨ। ਸੱਠ ਦੇ ਦਹਾਕੇ ਤੋਂ ਲੈ ਕੇ 90 ਦੇ ਦਹਾਕੇ ਤੱਕ ਪੰਜਾਬੀ ਫ਼ਿਲਮਾਂ ਦਾ ਉਹ ਜਾਣਿਆ-ਪਛਾਣਿਆ ਚਿਹਰਾ ਸਨ। ਜ਼ਿਆਦਾ ਪਹਿਚਾਣ ਉਨ੍ਹਾਂ ਨੂੰ ਪੰਜਾਬੀ ਫ਼ਿਲਮ ਸਰਪੰਚ ਵਿਚ ਅਦਾ ਕੀਤੇ ਸਰਪੰਚ ਦੇ ਕਿਰਦਾਰ ਤੋਂ ਹਾਸਲ ਹੋਈ ਸੀ। ਪਰ ਜਿਉਂ-ਜਿਉਂ ਉਨ੍ਹਾਂ ਦੀ ਉਮਰ ਵੱਧਦੀ ਗਈ, ਫ਼ਿਲਮ ਇੰਡਸਟਰੀ 'ਚੋਂ ਉਨ੍ਹਾਂ ਨੂੰ ਅਣਗੌਲਿਆਂ ਕੀਤਾ ਜਾਣ ਲੱਗਾ।

ਯਸ਼ ਸ਼ਰਮਾ ਜੀ 'ਤੇ ਲੇਖ ਲਿਖਣ ਲਈ ਮੈਂ ਉਨ੍ਹਾਂ ਬਾਰੇ ਪੁਖਤਾ ਜਾਣਕਾਰੀ ਹਾਸਲ ਕਰਨ ਦੀ ਠਾਣੀ। ਇੱਕ ਦਿਨ ਯੂ ਟਿਊਬ 'ਤੇ ਉਨ੍ਹਾਂ ਦੀ ਇੱਕ ਬਾਇਓਗ੍ਰਾਫੀ ਦੇਖ ਰਿਹਾ ਸੀ ਕਿ ਕਮੈਂਟ ਬਾਕਸ ਵਿਚ ਇੱਕ ਕਮੈਂਟ 'ਤੇ ਨਜ਼ਰ ਪਈ। ਉਸ ਕਮੈਂਟ ਵਿਚ ਲਿਖਿਆ ਸੀ ਕਿ ਉਹ ਯਸ਼ ਜੀ ਦਾ ਅਸਲੀ ਬੇਟਾ ਹੈ ਤੇ ਨਾਲ ਹੀ ਉਸ ਨੇ ਆਪਣਾ ਫੋਨ ਨੰਬਰ ਵੀ ਲਿਖਿਆ ਸੀ। ਮੈਂ ਨੰਬਰ ਲੈ ਕੇ ਜਦੋਂ ਫੋਨ ਲਾਇਆ, ਤਾਂ ਸੱਚਮੁੱਚ ਹੀ ਉਹ ਉਨ੍ਹਾਂ ਦੇ ਇੱਕਲੌਤੇ ਬੇਟੇ ਰਾਜੀਵ ਸ਼ਰਮਾ ਸ਼ੂਰ ਦਾ ਸੀ। ਜੋ ਜੋਤਿਸ਼ ਸ਼ਾਸਤਰ ਦੇ ਨਾਮੀ ਚਿਹਰੇ ਹਨ ਤੇ ਹਿਮਾਚਲ ਦੇ ਜ਼ਿਲ੍ਹਾ ਸੋਲਨ ਵਿਚ ਪੈਂਦੇ ਕਸਬੇ ਕੰਡਾਘਾਟ ਵਿਚ ਰਹਿੰਦੇ ਹਨ। ਉਨ੍ਹਾਂ ਕਾਫੀ ਸਲੀਕੇ ਨਾਲ ਆਪਣੇ ਪਿਤਾ ਜੀ ਬਾਰੇ ਆਪਣੇ ਦਿਲ ਦੀਆਂ ਗੱਲਾਂ ਸਾਂਝੀਆਂ ਕੀਤੀਆਂ। ਯਸ਼ ਜੀ ਦੇ ਬੇਟੇ ਤੋਂ ਸੁਣੀਆਂ ਗੱਲਾਂ ਕਰਕੇ ਮੇਰੀ ਉਨ੍ਹਾਂ ਬਾਰੇ ਜਾਣਨ ਦੀ ਉਤਸੁਕਤਾ ਹੋਰ ਵੀ ਵੱਧ ਗਈ। ਯਸ਼ ਸ਼ਰਮਾ ਜੀ ਦੀ ਨਿੱਜੀ ਜ਼ਿੰਦਗੀ ਦੀ ਕਹਾਣੀ ਵੀ ਇੱਕ ਫ਼ਿਲਮੀ ਕਹਾਣੀ ਤੋਂ ਕਿਤੇ ਵੱਧ ਦਿਲਚਸਪ, ਹੈਰਾਨ ਕਰ ਦੇਣ ਵਾਲੀ ਅਤੇ ਉਦਾਸ ਕਰ ਦੇਣ ਵਾਲੀ ਹੈ।

ਯਸ਼ ਸ਼ਰਮਾ ਦੇ ਬੇਟੇ ਨੇ ਆਪਣੇ ਪਿਤਾ ਜੀ ਤੇ ਆਪਣੀ ਮਾਤਾ ਜੀ ਦੇ ਰਿਸ਼ਤੇ ਬਾਰੇ ਦੱਸਿਆ। ਫ਼ਿਲਮਾਂ ਵਿਚ ਆਉਣ ਤੋਂ ਪਹਿਲਾ ਹੀ ਯਸ਼ ਜੀ ਦਾ ਵਿਆਹ ਹੋ ਚੁੱਕਾ ਸੀ। ਉਨ੍ਹਾਂ ਦੀ ਪਤਨੀ ਦਾ ਨਾਂ ਸਾਵਿਤਰੀ ਸੀ, ਜੋ ਪੇਸ਼ੇ ਵਜੋ ਇੱਕ ਅਧਿਆਪਕਾ ਸਨ ਅਤੇ ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਵਿਚ ਨੌਕਰੀ ਕਰਦੇ ਸਨ। ਯਸ਼ ਸਰਮਾ ਸਾਰੀ ਉਮਰ ਅੰਮ੍ਰਿਤਸਰ ਹੀ ਰਹੇ ਆਪਣੇ ਭਰਾਵਾਂ ਕੋਲ। ਮੈਂ ਉਨ੍ਹਾਂ ਦੀ ਜ਼ਿੰਦਗੀ ਨੂੰ ਜਾਨਣ ਲਈ ਅੰਮ੍ਰਿਤਸਰ ਦੇ ਕਈ ਨਾਮੀ ਕਲਾਕਾਰਾਂ ਨਾਲ ਰਾਬਤਾ ਕਾਇਮ ਕੀਤਾ। ਸਭ ਤੋਂ ਪਹਿਲਾਂ ਮੈਂ ਬਹੁਤ ਹੀ ਅਜ਼ੀਜ ਅੰਮ੍ਰਿਤਸਰ ਦੇ ਨਾਮੀ ਗਾਇਕ ਅਤੇ ਰੰਗਕਰਮੀ ਹਰਿੰਦਰ ਸੋਹਲ ਜੀ ਨਾਲ ਸੰਪਰਕ ਕੀਤਾ। ਉਨ੍ਹਾਂ ਮੈਨੂੰ ਸ਼ਹਿਰ ਦੇ ਉੱਘੇ ਅਤੇ ਸੀਨੀਅਰ ਅਦਾਕਾਰ ਜੋ ਪੂਰੀ ਜ਼ਿੰਦਗੀ ਥੀਏਟਰ ਨਾਲ ਜੁੜੇ ਰਹੇ ਸੁਰੇਸ਼ ਪੰਡਿਤ (ਲਹੌਰੀਆ ਫ਼ਿਲਮ ਦੇ ਦਾਦਾ ਫੇਮ) ਜੀ ਦਾ ਫੋਨ ਨੰਬਰ ਭੇਜ ਦਿੱਤਾ ਤੇ ਕਿਹਾ ਕਿ ਉਹ ਯਸ਼ ਜੀ ਬਾਰੇ ਕਾਫੀ ਕੁਝ ਜਾਣਦੇ ਹੋਣਗੇ, ਉਨ੍ਹਾਂ ਨਾਲ ਸੰਪਰਕ ਕਰੋ। ਮੈਂ ਫੋਨ 'ਤੇ ਸੁਰੇਸ਼ ਪੰਡਿਤ ਜੀ ਦੇ ਬੇਟੇ ਨਾਲ ਗੱਲ ਕੀਤੀ, ਜਿਨ੍ਹਾਂ ਮੇਰੀ ਗੱਲ ਸੁਰੇਸ਼ ਜੀ ਨਾਲ ਕਰਵਾ ਦਿੱਤੀ। ਸੁਰੇਸ਼ ਪੰਡਿਤ ਜੀ ਨੇ ਬਸ ਇੰਨਾ ਹੀ ਦੱਸਿਆ ਕਿ ਯਸ਼ ਸਰਮਾ ਆਰਟ ਐਂਡ ਕਰਾਫਟ ਦੇ ਬੜੇ ਵਧੀਆ ਅਧਿਆਪਕ ਸਨ ਅਤੇ ਥੀਏਟਰ ਵਿਚ ਨਾਮੀ ਥੀਏਟਰ ਹਸਤੀ ਹਰਭਾਲ ਟਿਵਾਣਾ ਜੀ ਦੇ ਸਮਕਾਲੀ ਸਨ। ਉਨ੍ਹਾਂ ਕੋਲੋਂ ਮੈਨੂੰ ਕੋਈ ਬਹੁਤੀ ਪੁਖਤਾ ਜਾਣਕਾਰੀ ਨਾ ਮਿਲ ਸਕੀ। ਪਰ ਮੇਰੇ ਮਨ ਵਿਚ ਸੀ ਕਿ ਯਸ਼ ਜੀ ਬਾਰੇ ਇੱਕ ਮੁਕੰਮਲ ਲੇਖ ਲਿਖਣਾ ਹੀ ਲਿਖਣਾ। ਅਧੂਰੀ ਜਾਣਕਾਰੀ ਵਾਲਾ ਲੇਖ ਲਿਖਣਾ ਮੈਨੂੰ ਪਸੰਦ ਨਹੀਂ, ਇਸੇ ਕਰਕੇ ਇੱਕ ਲੇਖ 'ਤੇ ਮੇਰੀ ਕਈ ਮਹੀਨਿਆ ਦੀ ਮਿਹਨਤ ਲੱਗੀ ਹੁੰਦੀ। ਮੈਂ ਆਪਣੀ ਕੋਸ਼ਿਸ਼ ਜਾਰੀ ਰੱਖੀ ਤੇ ਸ਼ਹਿਰ ਦੇ ਇੱਕ ਹੋਰ ਥੀਏਟਰ ਅਦਾਕਾਰ ਸਤਨਾਮ ਮੂਧਲ ਜੀ ਨਾਲ ਯਸ਼ ਸ਼ਰਮਾ ਦੀ ਜ਼ਿੰਦਗੀ ਬਾਰੇ ਗੱਲ ਕੀਤੀ ਕਿਉਂਕਿ ਉਹ ਰੰਗਕਰਮੀ ਨਾਂ ਦਾ ਇੱਕ ਰਸਾਲਾ ਵੀ ਪ੍ਰਕਾਸ਼ਿਤ ਕਰਦੇ ਹਨ ਤੇ ਇਸੇ ਕਰਕੇ ਉਨ੍ਹਾਂ ਕੋਲ ਯਸ਼ ਜੀ ਬਾਰੇ ਲਿਖਿਆ ਇੱਕ ਲੇਖ ਮੌਜੂਦ ਸੀ, ਜੋ ਉਨ੍ਹਾਂ ਮੈਨੂੰ ਭੇਜਿਆ। ਮੈਂ ਲੇਖ ਪੜ੍ਹਿਆ, ਯਸ਼ ਜੀ ਦੀ ਜ਼ਿੰਦਗੀ ਬਾਰੇ ਉਸ ਵਿਚ ਦਿੱਤੀ ਜਾਣਕਾਰੀ ਵੀ ਅਧੂਰੀ ਈ ਸੀ। ਪਰ ਉਸ ਦਾ ਫਾਇਦਾ ਇਹ ਹੋਇਆ ਕਿ ਯਸ਼ ਜੀ ਬਾਰੇ ਮੈਨੂੰ ਅੱਗੇ ਹੋਰ ਜਾਣਕਾਰੀ ਇਕੱਠੀ ਕਰਨ ਵਿਚ ਕਾਫੀ ਮਦਦ ਮਿਲੀ।

ਯਸ਼ ਸ਼ਰਮਾ ਜੀ ਦਾ ਘਰ ਲੱਭਣ ਲਈ ਮੈਂ ਆਪਣੇ ਇੱਕ ਦੋਸਤ ਦਲਜੀਤ ਸਿੰਘ ਨਾਲ ਸੰਪਰਕ ਕੀਤਾ, ਜੋ ਯਸ਼ ਜੀ ਦੇ ਘਰ ਦੇ ਕੋਲ ਹੀ ਇਸਲਾਮਾਬਾਦ ਪੁਤਲੀ ਘਰ ਇਲਾਕੇ ਵਿਚ ਰਹਿੰਦਾ ਹੈ। ਪੁਤਲੀ ਘਰ ਦੇ ਘਰ ਬਾਰੇ ਮੈਨੂੰ ਯਸ਼ ਜੀ ਦੇ ਬੇਟੇ ਰਾਜੀਵ ਸ਼ਰਮਾ ਨੇ ਦੱਸਿਆ ਸੀ ਕਿ ਉਹ ਗੁਰੂ ਅਰਜਨ ਦੇਵ ਕਲੋਨੀ ਵਿਖੇ ਰਹਿੰਦੇ ਸਨ। ਦਲਜੀਤ ਨੇ ਕੋਸ਼ਿਸ਼ ਕੀਤੀ ਕਿ ਯਸ਼ ਜੀ ਦੇ ਘਰ ਦੇ ਨਜ਼ਦੀਕ ਰਹਿੰਦੇ ਕਿਸੇ ਬਜ਼ੁਰਗ ਬਾਰੇ ਪਤਾ ਲੱਗ ਜਾਵੇ, ਜੋ ਯਸ਼ ਜੀ ਬਾਰੇ ਦੱਸ ਸਕੇ। ਦਲਜੀਤ ਨੇ ਪਿਪਲੀ ਸਾਹਿਬ ਗੁਰਦਵਾਰਾ ਸਾਹਿਬ ਵਿਖੇ ਸੇਵਾ ਕਰਦੇ ਇੱਕ ਬਜ਼ੁਰਗ ਹੀਰਾ ਲਾਲ ਸ਼ਰਮਾ ਨਾਲ ਗੱਲ ਕੀਤੀ। ਹੀਰਾ ਲਾਲ ਯਸ਼ ਸ਼ਰਮਾ ਜੀ ਨੂੰ ਜਾਣਦਾ ਸੀ। ਇਹ ਹੀਰਾ ਲਾਲ ਜੀ ਹੀ ਸਨ, ਜਿਨ੍ਹਾਂ ਤਿੰਨ ਦਿਨ ਪੁਤਲੀ ਘਰ ਦੇ ਇਲਾਕੇ ਵਿਚ ਘੁੰਮ ਕੇ ਯਸ਼ ਸ਼ਰਮਾ ਜੀ ਦਾ ਘਰ ਲੱਭਿਆ। ਐਤਵਾਰ 9 ਅਗਸਤ ਨੂੰ ਮੈਂ ਯਸ਼ ਸ਼ਰਮਾ ਜੀ ਦੇ ਘਰ ਜਾਣ ਨੂੰ ਤਿਆਰ ਹੋਇਆ ਤੇ ਗੁਰਦੁਆਰਾ ਪਿਪਲੀ ਸਾਹਿਬ ਤੋਂ ਹੀਰਾ ਲਾਲ ਜੀ ਨੂੰ ਨਾਲ ਲੈ ਕੇ ਘਰ ਵੇਖਣ ਗਿਆ। ਮੀਂਹ ਪੈ ਰਿਹਾ ਸੀ, ਰਸਤੇ ਵਿਚ ਜਾਂਦੇ ਮਨ ਵਿਚ ਖਿਆਲ ਆ ਰਹੇ ਸਨ ਕਿ 40 ਸਾਲ ਪੰਜਾਬੀ ਫ਼ਿਲਮਾਂ ਵਿਚ ਕੰਮ ਕਰਨ ਵਾਲੇ ਫ਼ਿਲਮ ਸਟਾਰ ਯਸ਼ ਸ਼ਰਮਾ ਦਾ ਘਰ ਕਾਫੀ ਵੱਡਾ ਤੇ ਸ਼ਾਨਦਾਰ ਹੋਵੇਗਾ ਪਰ ਜਦ ਹੀਰਾ ਲਾਲ ਨੇ ਮੈਨੂੰ ਉਨ੍ਹਾਂ ਦਾ ਘਰ ਵਿਖਾਇਆ, ਤਾਂ ਹਕੀਕਤ ਕੁਝ ਹੋਰ ਈ ਸੀ, ਯਸ਼ ਸ਼ਰਮਾਂ ਸਾਰੀ ਉਮਰ ਇੱਕ ਸਾਧਾਰਣ ਆਮ ਜਿਹੇ ਦਿਖਣ ਵਾਲੇ ਘਰ ਵਿਚ ਹੀ ਰਹਿੰਦੇ ਰਹੇ। ਘਰ ਵਿਚ ਕੋਈ ਪਰਿਵਾਰਿਕ ਮੈਂਬਰ ਮੌਜੂਦ ਨਹੀਂ ਸੀ। ਅਸੀਂ ਵਾਪਸ ਆ ਗਏ ਤੇ ਇੱਕ ਦਿਨ ਹੀਰਾ ਲਾਲ ਨੇ ਫਿਰ ਉਨ੍ਹਾਂ ਦੇ ਘਰ ਜਾ ਕੇ ਯਸ਼ ਸ਼ਰਮਾ ਦੇ ਭਰਾ ਦੇ ਪੋਤਰੇ ਦਾ ਫੋਨ ਨੰਬਰ ਲੈ ਕੇ ਮੈਨੂੰ ਭੇਜਿਆ। ਜਦੋਂ ਮੈਂ ਉਸ ਨਾਲ ਗੱਲ ਕੀਤੀ, ਤਾਂ ਉਸ ਨੇ ਦੱਸਿਆ, ਉਹ ਅਜੇ ਉਹ ਬਹੁਤ ਛੋਟਾ ਸੀ, ਜਦੋਂ ਯਸ਼ ਜੀ ਇਸ ਸੰਸਾਰ ਤੋਂ ਰੁਖਸਤ ਹੋ ਗਏ ਸਨ, ਇਸ ਕਰਕੇ ਉਹ ਉਨ੍ਹਾਂ ਬਾਰੇ ਜ਼ਿਆਦਾ ਨਹੀਂ ਦੱਸ ਸਕਦਾ। ਬਸ ਉਸ ਨੇ ਕੁਝ ਗੱਲਾਂ ਬਿਮਾਰੀ ਸਮੇਂ ਦੀਆਂ ਯਸ਼ ਜੀ ਦੀਆਂ ਦੱਸੀਆਂ। ਉਸ ਨੇ ਮੈਨੂੰ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਅੰਮ੍ਰਿਤਸਰ ਜੰਡਿਆਲੇ ਨਜ਼ਦੀਕ ਹਵੇਲੀ ਵਾਲਿਆਂ ਨਾਲ ਸੰਪਰਕ ਕੀਤਾ ਸੀ ਕਿ ਉਹ ਉਨ੍ਹਾਂ ਦੇ ਦਾਦਾ ਜੀ ਦੀ ਵੀ ਤਸਵੀਰ ਆਪਣੇ ਕਲਾਕਾਰਾ ਲਈ ਬਣਾਏ ਅਜਾਇਬ ਘਰ ਜਿੱਥੇ ਬਹੁਤ ਸਾਰੇ ਪੰਜਾਬੀ ਹਿੰਦੀ ਅਦਾਕਾਰਾਂ ਦੇ ਚਿੱਤਰ ਲੱਗੇ, ਵਿਚ ਲਗਾਉਣ ਕਿਉਂਕਿ ਯਸ਼ ਸ਼ਰਮਾ ਵੀ ਪੰਜਾਬੀ ਫ਼ਿਲਮਾਂ ਦਾ ਇੱਕ ਵੱਡਾ ਅਦਾਕਾਰ ਸੀ ਅਤੇ ਅੰਮ੍ਰਿਤਸਰ ਸ਼ਹਿਰ ਨਾਲ ਵਾਬਸਤਾ ਸਨ ਪਰ ਹਵੇਲੀ ਵਾਲਿਆਂ ਨੇ ਇਸ ਲਈ ਹੁੰਗਾਰਾ ਨਾ ਭਰਿਆ, ਜਿਸ ਦਾ ਉਨ੍ਹਾਂ ਨੂੰ ਬਹੁਤ ਦੁੱਖ ਹੈ। ਮੈਨੂੰ ਪਤਾ ਸੀ ਕਿ ਯਸ਼ ਜੀ ਦੀ ਇੱਕ ਤਸਵੀਰਾਂ ਵਾਲੀ ਐਲਬਮ ਸੀ, ਜਿਸ ਵਿਚ ਉਨ੍ਹਾਂ ਦੀਆਂ ਬਹੁਤ ਸਾਰੀਆਂ ਫ਼ਿਲਮਾਂ ਨਾਲ ਸੰਬੰਧਤ ਤਸਵੀਰਾਂ ਸਨ। ਮੈਂ ਯਸ਼ ਜੀ ਦੀ ਉਸੇ ਐਲਬਮ ਵਿਚੋਂ ਕੁਝ ਤਸਵੀਰਾਂ ਦੇਣ ਦੀ ਉਨ੍ਹਾਂ ਦੇ ਪੋਤਰੇ ਨੂੰ ਬੇਨਤੀ ਕੀਤੀ, ਤਾਂ ਉਸ ਨੇ ਕਿਹਾ ਕਿ ਮੈਂ ਆਪਣੀ ਮੰਮੀ ਜੀ ਨਾਲ ਗੱਲ ਕਰਾਂਗਾ, ਜੋ ਉਸ ਵਕਤ ਇੰਗਲੈਂਡ ਆਪਣੇ ਵੱਡੇ ਬੇਟੇ ਕੋਲ ਗਏ ਹੋਏ ਸਨ ਅਤੇ ਕਰੋਨਾ ਕਰਕੇ ਵਾਪਸ ਨਹੀਂ ਆ ਪਾ ਰਹੇ ਸਨ।

ਕੁਝ ਦਿਨ ਬਾਅਦ ਯਸ਼ ਜੀ ਦੇ ਭਰਾ ਦੀ ਨੂੰਹ ਦਾ ਮੈਨੂੰ ਇੰਗਲੈਂਡ ਤੋਂ ਫੋਨ ਆਇਆ, ਉਨ੍ਹਾਂ ਨੇ ਮੈਨੂੰ ਯਸ਼ ਜੀ ਬਾਰੇ ਕੁਝ ਗੱਲਾਂ ਦੱਸੀਆਂ, ਜਿਨ੍ਹਾਂ ਵਿਚੋਂ ਕੁਝ ਗੱਲਾਂ ਮੈਨੂੰ ਪਹਿਲਾ ਹੀ ਪਤਾ ਸੀ। ਯਸ਼ ਜੀ ਬਾਰੇ ਉਹ ਵੀ ਜ਼ਿਆਦਾ ਜਾਣਕਾਰੀ ਨਾ ਦੇ ਪਾਏ। ਮੈਂ ਹੈਰਾਨ ਸੀ ਕਿ ਜਿਸ ਪਰਿਵਾਰ ਨਾਲ ਯਸ਼ ਜੀ ਨੇ ਸਾਰੀ ਜ਼ਿੰਦਗੀ ਗੁਜ਼ਾਰ ਦਿੱਤੀ, ਉਹ ਵੀ ਯਸ਼ ਜੀ ਦੀ ਫ਼ਨ-ਏ-ਜ਼ਿੰਦਗੀ ਬਾਰੇ ਬਹੁਤਾ ਨਹੀਂ ਜਾਣਦੇ ਸਨ। ਹਾਂ, ਕੁਝ ਗੱਲਾਂ ਉਨ੍ਹਾਂ ਯਸ਼ ਜੀ ਦੀ ਸਾਦਾ ਮਿਜਾਜ਼ ਤਬੀਅਤ ਦੇ ਬਾਰੇ ਜ਼ਰੂਰ ਦੱਸੀਆਂ ਸਨ ਕਿ ਉਹ ਬਹੁਤ ਹੀ ਸਾਦਾ ਰਹਿਣਾ ਪਸੰਦ ਕਰਦੇ ਸਨ ਅਤੇ ਸਾਧਾਰਣ ਕੱਪੜੇ ਹੀ ਪਹਿਨਣਾ ਪਸੰਦ ਕਰਦੇ ਸਨ। ਫ਼ਿਲਮ ਅਦਾਕਾਰ ਹੋਣ ਦੇ ਬਾਵਜੂਦ ਵੀ ਉਨ੍ਹਾਂ ਵਿਚ ਕੋਈ ਹਉਮੈ ਨਹੀਂ ਸੀ, ਉਹ ਆਪਣੀ ਮਿੱਟੀ ਆਪਣੇ ਲੋਕਾਂ ਅਤੇ ਆਪਣੀ ਪੰਜਾਬੀ ਬੋਲੀ ਨਾਲ ਜੁੜੇ ਹੋਏ ਤੇ ਉਸ ਨੂੰ ਬਹੁਤ ਪਿਆਰ ਕਰਨ ਵਾਲੇ ਸ਼ਕਸ਼ ਸਨ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਮੈਨੂੰ ਯਸ਼ ਜੀ ਦੀ ਨਿੱਜੀ ਐਲਬਮ ਵਿਚੋਂ ਕੋਈ ਯਾਦਗਾਰੀ ਤਸਵੀਰਾਂ ਭੇਜਣ, ਤਾਂ ਜੋ ਮੈਂ ਆਪਣੇ ਲੇਖ ਨਾਲ ਉਹ ਅਖਬਾਰ ਵਿਚ ਛਪਵਾਂ ਸਕਾਂ। ਉਨ੍ਹਾਂ ਤਸਵੀਰਾ ਭੇਜਣ ਦੀ ਹਾਮੀ ਤਾਂ ਭਰ ਦਿੱਤੀ ਪਰ ਭੇਜੀਆਂ ਨਾ। ਬਰਹਾਲ ਮੈਂ ਯਸ਼ ਜੀ ਦੀ ਫਨ-ਏ-ਜ਼ਿੰਦਗੀ ਬਾਰੇ ਕਿਵੇਂ ਨਾ ਕਿਵੇਂ ਆਪਣਾ ਲੇਖ ਪੂਰਾ ਕਰ ਲਿਆ ਅਤੇ ਅਖਬਾਰ ਨੂੰ ਭੇਜ ਦਿੱਤਾ, ਜੋ ਕਈ ਮਹੀਨਿਆਂ ਬਾਅਦ ਅਖਬਾਰ ਨੇ ਛਾਇਆ ਕੀਤਾ।

ਯਸ਼ ਸ਼ਰਮਾ ਜੀ ਬਾਰੇ ਲੇਖ ਲਿਖਦੇ ਸਮੇਂ ਮੈਂ ਇੱਕ ਗੱਲ ਮਹਿਸੂਸ ਕੀਤੀ ਕਿ ਇਨਸਾਨ ਭਾਵੇ ਕਿੰਨ੍ਹਾਂ ਵੀ ਵੱਡਾ ਆਦਮੀ ਬਣ ਜਾਵੇ, ਚਾਹੇ ਉਹ ਬਹੁਤ ਵੱਡਾ ਅਦਾਕਾਰ ਹੋਵੇ ਜਾਂ ਬਹੁਤ ਅਮੀਰ ਆਦਮੀ, ਆਖਰੀ ਉਮਰ ਵਿਚ ਸਭ ਉਸ ਤੋਂ ਮੂੰਹ ਫੇਰ ਲੈਂਦੇ ਹਨ। ਬੁਢਾਪਾ ਇਨਸਾਨ ਲਈ ਕਈ ਔਂਕੜਾਂ ਲੈ ਕੇ ਆਉਂਦਾ। ਇਨਸਾਨ ਬੁਢਾਪੇ ਵਿਚ ਤਾਂ ਹੀ ਸੁਖੀ ਰਹਿ ਸਕਦਾ, ਜੇ ਉਸ ਨਾਲ ਉਸ ਦੇ ਪਰਿਵਾਰ ਦਾ ਧੀਆਂ, ਪੁੱਤਰਾਂ ਤੇ ਪਤਨੀ ਦਾ ਪਿਆਰ ਹੋਵੇ। ਯਸ਼ ਸ਼ਰਮਾ ਦੇ ਆਖਰੀ ਸਮੇਂ ਉਨ੍ਹਾਂ ਦਾ ਆਪਣਾ ਪਰਿਵਾਰ ਪਤਨੀ, ਪੁੱਤਰ, ਨੂੰਹ, ਪੋਤਰੇ ਕੋਈ ਵੀ ਉਨ੍ਹਾਂ ਦੇ ਨਾਲ ਨਹੀਂ ਸਨ। ਯਸ਼ ਸ਼ਰਮਾ ਦਾ ਆਖਰੀ ਸਮਾਂ ਬਹੁਤ ਕਸ਼ਟ ਭਰਿਆ ਸੀ, ਉਹ ਪੈਰਾਲਾਇਸਸ ਕਰਕੇ ਚੱਲਣ ਫਿਰਨ ਤੋਂ ਵੀ ਰਹਿ ਗਏ ਸਨ। ਉਨ੍ਹਾਂ ਨੇ ਆਪਣੇ ਆਖਰੀ ਸਮੇਂ ਪੰਜਾਬੀ ਫ਼ਿਲਮ ਇੰਡਸਟਰੀ ਤੇ ਕਲਾ ਨੂੰ ਪਿਆਰ ਕਰਨ ਵਾਲਿਆਂ ਨੂੰ ਅਪੀਲ ਵੀ ਕੀਤੀ ਸੀ ਕਿ ਮਾੜੀ ਮਾਲੀ ਹਾਲਤ ਕਰਕੇ ਉਹ ਆਪਣਾ ਇਲਾਜ ਨਹੀਂ ਕਰਾ ਪਾ ਰਹੇ, ਜਿਸ ਕਰਕੇ ਉਸ ਦੀ ਮਦਦ ਕੀਤੀ ਜਾਵੇ ਪਰ ਕਿਸੇ ਨੇ ਉਨ੍ਹਾਂ ਦੀ ਬਾਂਹ ਨਾ ਫੜੀ। ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਇਹ ਅਣਗੌਲਿਆ ਕਲਾਕਾਰ ਬਸ ਇੰਝ ਹੀ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਿਆ ਤੇ ਅੱਜ ਵੀ ਉਨ੍ਹਾਂ ਨੂੰ ਅਣਗੌਲਿਆ ਹੀ ਕੀਤਾ ਹੋਇਆ ਹੈ। ਪੰਜਾਬੀ ਫ਼ਿਲਮ ਇੰਡਸਟਰੀ ਵਿਚ ਕੋਈ ਉਨ੍ਹਾਂ ਨੂੰ ਯਾਦ ਨਹੀਂ ਕਰਦਾ।



# ਸਾਹਿਤ ਤੇ ਸਿੱਖਿਆ ਦੇ ਸਿਰਨਾਵੇਂ ਸਨ ਗਿਆਨੀ ਹਰਕੇਵਲ ਸਿੰਘ ਸੈਲਾਨੀ

-ਬਲਜਿੰਦਰ ਮਾਨ
98150-18947
(Punjab Mail USA)









ਇਨਸਾਨੀ ਕਦਰਾਂ-ਕੀਮਤਾਂ ਦੇ ਪਹਿਰੇਦਾਰ ਅਤੇ ਸਿੱਖਿਆ ਜਗਤ ਵਿਚ ਸੰਦਲੀ ਪੈੜਾਂ ਪਾਉਣ ਵਾਲੇ ਗਿਆਨੀ ਹਰਕੇਵਲ ਸਿੰਘ ਸੈਲਾਨੀ ਨੇ ਆਪਣਾ ਸਾਰਾ ਜੀਵਨ ਸਮਾਜ ਨੂੰ ਖ਼ੁਸ਼ਗਵਾਰ ਅਤੇ ਨਰੋਆ ਬਨਾਉਣ ਦੇ ਲੇਖੇ ਲਾਇਆ। ਆਪਣੇ ਜੀਵਨ ਕਾਲ ਵਿਚ ਸਿੱਖਿਆ ਦੇ ਖੇਤਰ ਵਿਚ ਐਸੇ ਪੂਰਨੇ ਪਾਏ ਕਿ 1992 ਵਿਚ ਪੰਜਾਬੀ ਅਧਿਆਪਕ ਵਜੋਂ ਕੌਮੀ ਪੁਰਸਕਾਰ ਪ੍ਰਾਪਤ ਕਰ ਗਏ। ਜਦੋਂ ਕੋਈ ਡਾਇਰੀ ਨਾ ਲਿਖਦਾ ਹੋਵੇ ਅਤੇ ਟੂਰਾਂ ਦੀ ਗੱਲ ਨਾ ਕਰਦਾ ਹੋਵੇ, ਤਾਂ ਉਹ ਬੱਚਿਆਂ ਨੂੰ ਅਸਲੀ ਗਿਆਨ ਦੇਣ ਦੇ ਇਰਾਦੇ ਨਾਲ ਸਸਤੇ ਢੰਗ ਨਾਲ ਸੈਰਾਂ ਕਰਵਾਉਂਦੇ ਅਤੇ ਉਨ੍ਹਾਂ ਦੇ ਜੀਵਨ ਵਿਚ ਪਲਟਾ ਲਿਆਉਂਦੇ। ਇਕ ਸਮਰਪਿਤ ਅਧਿਆਪਕ ਹੋਣ ਕਰਕੇ ਉਨ੍ਹਾਂ ਦੇ ਸ਼ਾਗਿਰਦ ਉਨ੍ਹਾਂ ਦੇ ਪਿਆਰ ਅਤੇ ਸਤਿਕਾਰ ਵਿਚ ਸਦਾ ਹਾਜ਼ਰ ਰਹਿੰਦੇ। ਪ੍ਰਦੀਪ ਕੁਮਾਰ ਵਰਗੇ ਸ਼ਾਗਿਰਦ ਇਨਕਮ ਟੈਕਸ ਕਮਿਸ਼ਨਰ ਦੇ ਅਹੁਦਿਆਂ ਤੱਕ ਪੁੱਜੇ। ਕੁਲਵਿੰਦਰ ਸਿੰਘ ਵਰਗੇ ਉਨ੍ਹਾਂ ਦੁਆਰਾ ਪਾਈਆਂ ਗੀਤਾਂ ਨੂੰ ਪੁਗਾਉਣ ਵਿਚ ਜੁਟੇ ਹੋਏ ਹਨ। ਇਸ ਤਰ੍ਹਾਂ ਉਨ੍ਹਾਂ ਆਪਣੇ ਜੀਵਨ ਕਾਲ ਦੇ 72 ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕਰਕੇ ਅਨੋਖੀ ਪਿਰਤ ਪਾਈ।

ਕਰਮਯੋਗੀ ਪ੍ਰਿੰਸੀਪਲ ਹਰਭਜਨ ਸਿੰਘ (ਬਾਨੀ ਪ੍ਰਿੰਸੀਪਲ ਖਾਲਸਾ ਕਾਲਜ ਮਾਹਿਲਪੁਰ) ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸਿੱਖਿਆ ਜਗਤ ਵਿਚ ਇਕ ਰੌਸ਼ਨ ਚਿਰਾਗ ਵਾਂਗ ਚਾਲੀ ਸਾਲ ਰੌਸ਼ਨੀਆਂ ਵੰਡਦੇ ਰਹੇ। ਹੱਥ ਲਿਖਤ ਬਾਲ ਰਸਾਲਿਆਂ ਦੇ ਸੰਪਾਦਨ ਨਾਲ ਖੁਦ ਵੀ ਬੱਚਿਆਂ ਲਈ ਪ੍ਰੇਰਨਾਦਾਇਕ ਬਾਤਾਂ ਰਸਾਲੇ 'ਰੈਡ ਕਰਾਸ ਪੰਜਾਬ' ਜਾਗ੍ਰਤੀ ਅਤੇ ਹੋਰ ਅਖਬਾਰਾਂ ਰਸਾਲਿਆਂ ਵਿਚ ਲਿਖਦੇ ਰਹੇ। ਆਪਣੇ ਜੀਵਨ ਕਾਲ ਵਿਚ ਦੋ ਦਰਜਨ ਪੁਸਤਕਾਂ ਦੀ ਸਿਰਜਣਾ ਅਤੇ ਪ੍ਰਕਾਸ਼ਨਾ ਕੀਤੀ। ਇਹ ਪੁਸਤਕਾਂ ਪਾਠਕਾਂ ਨੂੰ ਮੁਫ਼ਤ ਤਕਸੀਮ ਕੀਤੀਆਂ ਤਾਂ ਕਿ ਚੰਗਿਆਈ ਦਾ ਪਸਾਰਾ ਹੁੰਦਾ ਰਹੇ। 'ਸਫ਼ਲ ਅਧਿਆਪਕ ਦਾ ਸਫ਼ਲ ਵਿਦਿਆਰਥੀ' ਨੂੰ ਪੰਜਾਬ ਸਰਕਾਰ ਵਲੋਂ ਸਨਮਾਨ ਦਿੱਤਾ ਗਿਆ ਸੀ। ਵੱਡ ਅਕਾਰੀ ਪੁਸਤਕਾਂ 'ਮੇਰੀਆਂ ਸਸਤੀਆਂ ਸੈਰਾਂ, ਗਦਰੀ ਬਾਬਾ ਹਰਜਾਪ ਸਿੰਘ, ਸੰਤ ਤਾਰਾ ਸਿੰਘ ਜੀ, ਨਹੀਓਂ ਲੱਭਣੇ ਲਾਲ ਗੁਆਚੇ, ਪ੍ਰਿੰਸੀਪਲ ਹਰਭਜਨ ਸਿੰਘ ਅਤੇ ਮੇਰਾ ਪਿੰਡ ਆਦਿ ਪੁਸਤਕਾਂ ਬਹਤ ਮਸ਼ਹੂਰ ਹੋਈਆਂ, ਜੋ ਖੋਜਾਰਥੀਆਂ ਲਈ ਬੜੀਆਂ ਕੀਮਤੀ ਹਨ।

ਆਪਣੇ ਜੀਵਨ ਨੂੰ ਗੁਰਬਾਣੀ ਅਨੁਸਾਰ ਢਾਲ ਕੇ ਜੀਵਿਆ। ਜਿਸ ਵੀ ਮਹਿਫਲ ਵਿਚ ਜਾਂਦੇ ਖੁਸ਼ੀਆਂ ਦੀਆਂ ਮਹਿਕਾਂ ਖਿਲਾਰ ਦਿੰਦੇ। ਹੌਸਲਾ ਹਾਰ ਚੁੱਕਿਆ ਨੂੰ ਹੌਸਲਾ ਦਿੰਦੇ ਅਤੇ ਜੀਵਨ ਦੀ ਫਲਾਸਫੀ ਨੂੰ ਬੜੇ ਸੌਖੇ ਢੰਗ ਨਾਲ ਸਮਝਾ ਦਿੰਦੇ। ਆਪਣੇ ਜੀਵਨ ਵਿਚ ਪੰਜ ਹਜ਼ਾਰ ਦੇ ਕਰੀਬ ਪੜ੍ਹੀਆਂ ਪੁਸਤਕਾਂ ਖਾਲਸਾ ਕਾਲਜ ਮਾਹਿਲਪੁਰ ਦੀ ਲਾਇਬ੍ਰੇਰੀ ਨੂੰ ਦਾਨ ਕੀਤੀਆਂ ਅਤੇ ਆਪਣੀ ਕਲਮ ਮੇਰੇ ਸਪੁਰਦ ਕਰ ਦਿੱਤੀ। ਦੁੱਖ-ਸੁੱਖ ਨੂੰ ਹਮੇਸ਼ਾ ਸੰਮ ਕਰ ਜਾਣਿਆ ਅਤੇ ਜੀਵਨ ਦੇ ਹਰ ਰੰਗ ਨੂੰ ਆਪਣੇ ਹੀ ਢੰਗ ਨਾਲ ਮਾਣਿਆ। ਜੀਵਨ ਵਿਚ ਸਾਦਗੀ ਨੂੰ ਐਨਾ ਗਹਿਰਾ ਅਪਣਾਇਆ ਕਿ ਸੇਵਾਮੁਕਤੀ ਤੋਂ ਬਾਅਦ ਵਾਲਾ ਜੀਵਨ ਮਿਲਨ ਪੈਲੇਸ ਲਾਗੇ ਸੈਲਾਨੀ ਕੁਟੀਆਂ ਵਿਚ ਗੁਜ਼ਾਰਿਆ, ਜਦਕਿ ਉਹ ਪੈਲੇਸ ਦੇ ਐੱਮ.ਡੀ. ਵੀ ਬਣ ਸਕਦੇ ਸਨ। ਕੁਟੀਆ ਵਿਚ ਮਾਹਿਲਪੁਰ ਦੇ ਇਤਿਹਾਸ ਨਾਲ ਸਬੰਧਤ ਤੱਥਾਂ ਨੂੰ ਪੱਥਰਾਂ 'ਤੇ ਉਕਰ ਕੇ ਸੰਭਾਲਿਆ।

ਉਨ੍ਹਾਂ ਆਪਣਾ ਸਾਰਾ ਜੀਵਨ ਤਾਇਆ ਹੰਸਾ ਸਿੰਘ ਅਤੇ ਬੱਗਾ ਸਿੰਘ ਆਰਟਿਸਟ ਨਾਲ ਹੀ ਗੁਜ਼ਾਰਿਆ। ਇਹ ਤਿਕੜੀ ਪੂਰੇ ਭਾਰਤ ਦੀਆਂ ਸੈਰਾਂ ਕਰਦੀ ਅਤੇ ਸੰਗੀ ਸਾਥੀਆਂ ਨੂੰ ਕਰਵਾਉਂਦੀ ਰਹੀ। ਉਨ੍ਹਾਂ ਦੇ ਸੰਗੀ ਸਾਥੀਆਂ ਵਿਚ ਕ੍ਰਿਸ਼ਨਜੀਤ ਰਾਓ ਕੈਂਡੋਵਾਲ ਅਤੇ ਬਲਜਿੰਦਰ ਮਾਨ ਵਰਗਿਆਂ ਦਾ ਨਾਮ ਵੀ ਜੁੜਦਾ ਹੈ। ਆਪ ਜੀਵਨ ਦੇ ਆਖਰੀ ਸਾਲਾਂ ਵਿਚ ਧਾਰਮਿਕ ਪੁਸਤਕ ਪੜ੍ਹਦੇ ਅਤੇ ਵਿਚਾਰਾਂ ਕਰਦੇ ਰਹੇ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਲਾਹਕਾਰਾਂ 'ਚ ਸ਼ਾਮਲ ਹੋ ਕੇ ਭਾਸ਼ਾਈ ਗਲਤੀਆਂ ਅਤੇ ਸਿਲੇਬਸ ਦੀ ਤਿਆਰੀ ਵਿਚ ਅਹਿਮ ਯੋਗਦਾਨ ਪਾਉਂਦੇ ਰਹੇ। ਤਿਆਗੀ ਜੀਵਨ ਜਿਉਂਦੇ ਅਤੇ ਸਾਧੂ ਸੰਤਾਂ ਦੀ ਸੰਗਤ ਵਿਚ ਖੁਸ਼ ਰਹਿੰਦੇ।

ਉਨ੍ਹਾਂ ਦੇ ਪਰਿਵਾਰ ਵਿਚ ਬਹੂ ਮਾਧੁਰੀ ਏ ਸਿੰਘ ਅਰਜਨ ਅਵਾਰਡੀ ਅਥਲੀਟ ਹੈ। ਬੇਟਾ ਅਮਨਦੀਪ ਸਿੰਘ ਅੰਤਰ ਰਾਸ਼ਟਰੀ ਅਥਲੀਟ ਰਹੇ ਹਨ। ਪੋਤਰੀ ਹਰਮਿਲਨ ਆਰ.ਬੀ.ਆਈ. ਵਿਚ ਅੰਤਰਰਾਸ਼ਟਰੀ ਰਿਕਾਰਡ ਹੋਲਡਰ ਏਸ਼ੀਅਨ ਅਥਲੀਟ ਹੈ। ਪੋਤਰਾ ਸ਼ਾਨਦੀਪ ਵੀ ਖੇਡ ਜਗਤ ਦੀ ਸ਼ਾਨ ਵਧਾਉਣ ਵਿਚ ਜੁਟਿਆ ਹੋਇਆ ਹੈ। ਜੀਵਨ ਸਾਥਣ ਬੀਬੀ ਗੁਰਮੀਤ ਕੌਰ ਬੈਂਸ ਸੇਵਾ ਮੁਕਤ ਸੀ.ਐੱਚ.ਟੀ ਅਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਅਤੇ ਐੱਸ.ਸੀ. ਹਨ। ਇਸ ਤਰ੍ਹਾਂ ਇਹ ਸਾਰਾ ਪਰਿਵਾਰ ਹੀ ਰਿਕਾਰਡ ਹੋਲਡਰਾਂ ਦਾ ਹੈ। ਇਹ ਸਭ ਕੁੱਝ ਗਿਆਨੀ ਹਰਕੇਵਲ ਸਿੰਘ ਸੈਲਾਨੀ ਦੀ ਨਿਰਸਵਾਰਥੀ ਭਾਵਨਾ ਨਾਲ ਕੀਤੀ ਘਾਲਣਾ ਦਾ ਹੀ ਸਿੱਟਾ ਹੈ। ਸਟੇਟ ਐਵਾਰਡ ਹਾਸਲ ਕੀਤੇ ਬਗੈਰ ਸਿੱਧਾ ਰਾਸ਼ਟਰੀ ਅਧਿਆਪਕ ਪੁਰਸਕਾਰ ਪ੍ਰਾਪਤ ਕਰਨਾ ਸਿਰਫ ਉਨ੍ਹਾਂ ਦੇ ਹਿੱਸੇ ਹੀ ਆਇਆ ਹੈ।

ਮੁਹੱਬਤ ਦੇ ਭਰ ਵਗਦੇ ਦਰਿਆ ਸੈਲਾਨੀ ਨੇ ਆਪਣੇ ਮਿੱਤਰ ਮੰਡਲ ਨਾਲ ਕਸ਼ਮੀਰ ਤੋਂ ਕੰਨਿਆਂਕੁਮਾਰੀ ਤੱਕ ਦੀਆਂ ਸੈਰਾਂ ਕੀਤੀਆਂ। ਉਹ ਜਿਥੇ ਵੀ ਜਾਂਦੇ, ਉਥੇ ਹੀ ਮਹਿਫਲ ਜੜ ਜਾਂਦੀ। ਕਦੀ ਤੂੰਬੇ ਨਾਲ ਗਾਉਂਦੇ ਤੇ ਕਦੀ ਅਦਾਕਾਰੀ ਨਾਲ ਹਸਾਉਂਦੇ। ਦਰਸ਼ਨੀ ਸ਼ਖਸੀਅਤ ਨੂੰ ਅੱਜ ਵੀ ਉਨ੍ਹਾਂ ਦੀ ਲਾਸਾਨੀ ਦੇਣ ਕਰਕੇ ਬੜੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਇਸ ਧਰਤੀ 'ਤੇ 10 ਜੂਨ, 1939 ਤੋਂ 17 ਅਗਸਤ, 2009 ਤੱਕ ਸੰਨਿਆਸੀਆਂ ਵਰਗਾ ਜੀਵਨ ਗੁਜ਼ਾਰਿਆ। ਉਨ੍ਹਾਂ ਦੀ ਸਾਹਿਤਕ ਸਮਾਜਕ ਅਤੇ ਸਿੱਖਿਆ ਜਗਤ ਨੂੰ ਦਿੱਤੀ ਦੇਣ ਲਈ ਸਦਾ ਯਾਦ ਕੀਤਾ ਜਾਂਦਾ ਹੈ।

# ਸ਼ਬਦਿਕ ਹਿੰਸਾ ਦਾ ਵਰਤਾਰਾ

ਸਤਪਾਲ ਸਿੰਘ ਦਿਓਲ
ਐਡਵੋਕੇਟ
98781-70771
(Punjab Mail USA)





ਪੰਜਾਬ ਹੀ ਨਹੀਂ, ਪੂਰੇ ਭਾਰਤ ਵਿਚ ਆਮ ਹੋ ਗਿਆ ਹੈ। ਵਿਚਾਰਾਂ ਦੀ ਸ਼ਹਿਨਸ਼ੀਲਤਾ ਕਿਧਰੇ ਖੰਭ ਲਾ ਕੇ ਉੱਡ ਗਈ ਹੈ। ਵਿਚਾਰਾਂ ਨਾਲ ਸਮੱਸਿਆਵਾਂ ਦਾ ਹੱਲ ਲੱਭਣਾ ਹੁਣ ਬੀਤੇ ਵੇਲੇ ਤੇ ਪਿਛੜੇਪਣ ਦੀ ਨਿਸ਼ਾਨੀ ਸਮਝਿਆ ਜਾਣ ਲੱਗਾ ਹੈ। ਸੋਸ਼ਲ ਮੀਡੀਆ ਲੋਕਾਂ ਦੇ ਦਿਮਾਗ 'ਤੇ ਬੁਰੇ ਤਰੀਕੇ ਨਾਲ ਆਪਣੀ ਛਾਪ ਛੱਡਣ ਲੱਗਾ ਹੈ। ਮੁਸੀਬਤ ਵਿਚ ਫਸੇ ਲੋਕਾਂ ਦੀ ਮਦਦ ਸਾਡਾ ਸੱਭਿਆਚਾਰ ਹੁੰਦਾ ਸੀ ਪਰ ਅੱਜਕੱਲ੍ਹ ਮੁਸੀਬਤਾਂ ਵਿਚੋਂ ਵੀ ਮਸ਼ਹੂਰੀਆਂ ਲੱਭੀਆਂ ਜਾ ਰਹੀਆਂ ਹਨ। ਸੋਸ਼ਲ ਮੀਡੀਆ ਲੋਕਾਂ ਨੂੰ ਅਜਿਹਾ ਕੁਝ ਪੇਸ਼ ਕਰਕੇ ਸੱਚ ਸਾਬਤ ਕਰ ਵਿਖਾਉਂਦਾ ਹੈ, ਜੋ ਅਸਲ ਹਕੀਕਤ ਤੋਂ ਕੋਹਾਂ ਦੂਰ ਹੁੰਦਾ ਹੈ।

ਸਾਡੇ ਵੱਡ ਵਡੇਰੇ ਇੱਕ ਕਹਾਵਤ ਆਮ ਕਹਿੰਦੇ ਹੁੰਦੇ ਸੀ ਕਿ "ਜਿਹੋ ਜਿਹੇ ਆਲੇ ਓਹੋ ਜਿਹੇ ਕੁਜੇ"। ਜਦੋਂ ਭਾਰਤ ਦੀ ਸਰਕਾਰ ਪ੍ਰਾਂਤਾਂ ਦੇ ਛੋਟੇ ਛੋਟੇ ਮੁੱਦਿਆਂ ਨੂੰ ਧਾਰਮਿਕ, ਫਿਰਕੂ ਅਤੇ ਵੋਟ ਬੈਂਕ ਵਾਸਤੇ ਵੰਡ ਪਾਊ ਨੀਤੀ 'ਤੇ ਕੰਮ ਕਰੇਗੀ ਤਾਂ ਪ੍ਰਾਂਤਾਂ ਦੀਆਂ ਸਰਕਾਰਾਂ ਕੀ ਕਰਨਗੀਆਂ? ਸੰਭਾਵਿਤ ਹੈ ਉਹ ਵੀ ਅਜਿਹਾ ਹੀ ਕਰਨਗੀਆਂ। ਭਾਰਤ ਦੇ ਸਵਿਧਾਨ ਵਿਚ ਸੰਪੱਤੀ ਰੱਖਣ ਦਾ ਅਧਿਕਾਰ ਬੁਨਿਆਦੀ ਅਧਿਕਾਰਾਂ ਵਿਚ ਸ਼ਾਮਲ ਕੀਤਾ ਗਿਆ ਹੈ। ਆਰਟੀਕਲ 31 ਇਸ ਦੀ ਵਿਆਖਿਆ ਕਰਦਾ ਹੈ। ਇਸ ਮੁਤਾਬਕ ਭਾਰਤ ਦਾ ਨਾਗਰਿਕ ਭਾਰਤ ਵਿਚ ਕਿਧਰੇ ਵੀ ਸੰਪਤੀ ਰੱਖਣ ਦਾ ਅਧਿਕਾਰ ਰੱਖਦਾ ਹੈ। ਉਸ ਸੰਪਤੀ ਦੀ ਪੂਰਨ ਸੁਰੱਖਿਆ ਦਾ ਪ੍ਰਬੰਧ ਪ੍ਰਾਂਤ ਦੀ ਜ਼ਿੰਮੇਵਾਰੀ ਹੈ। ਪਰ ਪੰਜਾਬ ਹਰਿਆਣਾ ਯੂ.ਪੀ., ਮੱਧ ਪ੍ਰਦੇਸ਼, ਬਿਹਾਰ ਇਸ ਆਰਟੀਕਲ ਤੋਂ ਵਾਂਝੇ ਹਨ। ਇਸ ਦਾ ਕਾਰਨ ਇਤਿਹਾਸ ਵਿਚੋਂ ਲੱਭ ਸਕਦਾ ਹੈ। ਉਸ ਵਕਤ ਦੀਆਂ ਸਰਕਾਰਾਂ ਨੇ ਇਸ ਵਾਸਤੇ ਸ਼ਬਦਿਕ ਹਿੰਸਾ ਦਾ ਸਹਾਰਾ ਲਿਆ, ਸਿਆਸਤ ਨੇ ਮੂਲ ਨਿਵਾਸੀਆਂ ਤੋ ਮੰਗ ਉਠਵਾਈ ਤੇ ਪਾਬੰਦੀ ਦਾ ਰਾਹ ਕੱਢ ਲਿਆ। ਹੁਣ ਕੁਝ ਪ੍ਰਾਂਤਾਂ ਵਿਚ ਮੂਲ ਨਿਵਾਸੀਆਂ ਤੋਂ ਬਿਨਾਂ ਸੰਪਤੀ ਖਰੀਦਣ 'ਤੇ ਪਾਬੰਦੀ ਲਾਗੂ ਹੈ। ਸੰਪਤੀ ਦੇ ਮੂਲ ਅਧਿਕਾਰ ਤੋਂ ਆਮ ਲੋਕ ਵਾਂਝੇ ਰਹਿ ਗਏ। ਗੁਆਂਢੀ ਪ੍ਰਾਂਤਾਂ ਦੇ ਲੋਕਾਂ ਵਿਚ ਕਈ ਪ੍ਰਾਂਤਾਂ ਦੀ ਰਾਜਨੀਤੀ ਨੇ ਸ਼ਬਦਿਕ ਹਿੰਸਾ ਨਾਲ ਝਗੜਾ ਤੇ ਬਖੇੜਾ ਖੜ੍ਹਾ ਕੀਤਾ ਹੋਇਆ ਹੈ, ਜੋ ਵੋਟ ਬੈਂਕ ਨੂੰ ਸਥਾਪਿਤ ਕਰਕੇ ਰੱਖਦਾ ਹੈ। ਇਹ ਸ਼ਬਦਿਕ ਹਿੰਸਾ ਵਾਲਾ ਜਿੰਨ ਵੋਟਾਂ ਦੇ ਸਮੇਂ ਬੋਤਲ ਵਿਚੋਂ ਬਾਹਰ ਆ ਜਾਂਦਾ ਹੈ।

ਪੰਜਾਬ ਵਿਚ ਜਿਸ ਤਰੀਕੇ ਦੀ ਸ਼ਬਦਿਕ ਹਿੰਸਾ ਪੰਜਾਬ ਦੇ ਚੁਣੇ ਹੋਏ ਪ੍ਰਤੀਨਿਧਾਂ ਨੇ ਕੀਤੀ ਹੈ, ਉਹ ਅੱਤ ਦਰਜੇ ਨਾਲ ਨਿੰਦਣਯੋਗ ਹੈ। ਪਹਿਲਾਂ ਰਾਜਨੀਤੀ ਵਿਚ ਨਿਜੀ ਤੌਰ 'ਤੇ ਕਿਸੇ ਨੂੰ ਬੁਰਾ-ਭਲਾ ਨਹੀਂ ਕਿਹਾ ਜਾਂਦਾ ਸੀ। ਭਾਈਚਾਰਕ ਸਾਂਝ ਬਹੁਤ ਮਜ਼ਬੂਤ ਰੱਖਣ ਦੀ ਕੋਸ਼ਿਸ ਕੀਤੀ ਜਾਂਦੀ ਸੀ। ਪਿੰਡਾਂ ਵਿਚ ਆਪਸੀ ਭਾਈਚਾਰਾ ਬਹੁਤ ਮਜ਼ਬੂਤ ਹੁੰਦਾ ਸੀ। ਪਰ ਅਜੋਕੇ ਹਾਲਾਤ ਵਿਚ ਰਾਜਨੀਤੀ ਨੇ ਨਿੱਜੀ ਦੁਸ਼ਮਣੀਆਂ ਵਾਲਾ ਵਿਕਰਾਲ ਰੂਪ ਧਾਰਨ ਕਰ ਲਿਆ ਹੈ। ਕਾਨੂੰਨ ਦੀ ਲਚਕਤਾ ਨੂੰ ਵਰਤ ਕੇ ਸੱਤਾਧਾਰੀ ਸਰਕਾਰਾਂ ਆਮ ਲੋਕਾਂ ਤੋਂ ਲੈ ਕੇ ਪ੍ਰਿੰਟ ਮੀਡੀਆ ਤੇ ਹੋਰਨਾਂ ਸੰਸਥਾਵਾਂ ਨੂੰ ਵੀ ਮਰਜ਼ੀ ਮੁਤਾਬਕ ਚਲਾਉਣਾਂ ਚਾਹੁੰਦੀਆਂ ਹਨ। ਸ਼ਾਬਦਿਕ ਹਿੰਸਾ ਦੇ ਨਤੀਜੇ ਸਭ ਦੇ ਸਾਹਮਣੇ ਹਨ। ਅੱਜ ਪੰਜਾਬ ਦੇ ਲੋਕ ਆਪਣੇ ਆਪ ਨੂੰ ਸੁਰੱਖਿਆ ਤੋਂ ਵਾਂਝੇ ਸਮਝਦੇ ਹਨ, ਹਰ ਕੋਈ ਪੜਿਆ-ਲਿਖਿਆ ਜਾਂ ਰਿਟਾਇਰਡ ਵਿਅਕਤੀ ਜਲਦੀ ਨਾਲ ਪੰਜਾਬ ਛੱਡ ਕੇ ਵਿਦੇਸ਼ ਵਿਚ ਵਸ ਜਾਣਾ ਚਾਹੁੰਦਾ ਹੈ।

ਪੰਜਾਬੀ ਦੇ ਬਹੁਤ ਸਾਰੇ ਗੀਤ ਤੇ ਫਿਲਮਾਂ ਜੋ ਸੱਭਿਆਚਾਰ ਦੇ ਨਾਮ 'ਤੇ ਨੌਜੁਆਨਾਂ ਨੂੰ ਪ੍ਰੋਸੇ ਗਏ ਉਨ੍ਹਾਂ ਤੋਂ ਕੋਈ ਵੀ ਸੇਧ ਨੌਜਆਨਾਂ ਨੂੰ ਨਹੀਂ ਮਿਲੀ। ਨਸ਼ੇ ਜੋ ਪਹਿਲਾਂ ਅਫੀਮ, ਪੋਸਤ ਤੇ ਤੰਬਾਕੂ ਵਜੋਂ ਅੱਜ ਦੀ ਬਜ਼ੁਰਗ ਤੇ ਪਹਿਲਾਂ ਵਾਲੀ ਨੌਜਆਨ ਪੀੜ੍ਹੀ ਨੂੰ ਪ੍ਰੋਸੇ ਗਏ ਉਨ੍ਹਾਂ ਵਿਚ ਪੰਜਾਬੀ ਗੀਤਾਂ ਦਾ ਵੱਡਾ ਯੋਗਦਾਨ ਰਿਹਾ। ਇਨ੍ਹਾਂ ਨਸ਼ਿਆਂ ਤੇ ਗੀਤ ਬਣਾਏ ਗਏ। ਹੁਣ ਦੇ ਨਸ਼ਿਆਂ ਤੇ ਗੰਨ ਕਲਚਰ ਨੇ ਨੌਜਵਾਨਾਂ ਨੂੰ ਕੁਰਾਹੇ ਪਾਇਆ। ਅੱਜ ਜੋ ਵੀ ਹਾਲਾਤ ਨਸ਼ੇ ਤੇ ਹਿੰਸਾ ਦੇ ਬਣੇ ਹੋਏ ਹਨ, ਉਸ ਦਾ ਮੁੱਢ ਸ਼ਬਦਿਕ ਹਿੰਸਾ ਤੋਂ ਸ਼ੁਰੂ ਹੋਇਆ ਸੀ। ਸੱਭਿਆਚਾਰ ਤੇ ਧਰਮਾਂ ਦੇ ਪ੍ਰਚਾਰ ਕਰਨ ਵਾਲਿਆਂ ਨੇ ਪ੍ਰਚਾਰ ਦੇ ਨਾਂ 'ਤੇ ਅਜਿਹੇ ਸ਼ਬਦ ਲੋਕਾਂ ਅੱਗੇ ਪਰੋਸੇ ਗਏ, ਜੋ ਕਦੇ ਵੀ ਨਰੋਏ ਤੇ ਸ਼ਾਂਤਮਈ ਸਮਾਜ ਦੀ ਅਗਵਾਈ ਨਹੀਂ ਕਰ ਸਕਦੇ।

ਧਾਰਮਿਕ ਅਸਹਿਣਸ਼ੀਲਤਾ ਵੀ ਸਾਡੇ ਸਮਾਜ ਦੇ ਮਹੌਲ ਨੂੰ ਅਣਸੁਖਾਵਾਂ ਬਣਾਉਂਦੀ ਹੈ। ਇੱਕ ਧਰਮ ਦੇ ਲੋਕ ਦੂਜੇ ਧਰਮ ਦੇ ਲੋਕਾਂ ਦੇ ਖਿਲਾਫ ਗਲਤ ਸ਼ਬਦਾਂ ਦੀ ਚੋਣ ਕਰਕੇ ਸੋਸ਼ਲ ਮੀਡੀਆ ਵਿਚ ਫੈਲਾਉਂਦੇ ਹਨ, ਇਸ ਤਰ੍ਹਾਂ ਨਾਲ ਸ਼ਬਦਿਕ ਹਿੰਸਾ ਦਾ ਦੌਰ ਬਾਅਦ ਵਿਚ ਮਾਰਾ-ਮਾਰੀ ਜਾਂ ਦੰਗਿਆਂ ਤੱਕ ਜਾ ਪਹੁੰਚਦਾ ਹੈ। ਲੀਡਰ ਵੀ ਆਪਣੇ ਭਾਸ਼ਣਾਂ ਵਿਚ ਕਿਸੇ ਇੱਕ ਫਿਰਕੇ ਦੇ ਲੋਕਾਂ ਨੂੰ ਵਰਗਲਾਉਣ ਲਈ ਸ਼ਬਦਿਕ ਹਿੰਸਾ ਦਾ ਸਹਾਰਾ ਲੈਂਦੇ ਹਨ। ਸਾਡੇ ਲੋਕ ਫਿਰਕਿਆਂ ਧਰਮਾਂ ਤੇ ਜਾਤਾਂ-ਪਾਤਾਂ ਵਿਚ ਵੰਡੇ ਹੋਏ ਹਨ। ਉਨ੍ਹਾਂ ਦੇ ਆਗੂ ਹੋਰਨਾਂ ਫਿਰਕਿਆਂ ਲਈ ਸ਼ਬਦਿਕ ਹਿੰਸਾ ਦਾ ਸਹਾਰਾ ਆਪਣਾ ਵੋਟ ਬੈਂਕ ਆਪਣੇ ਫਿਰਕੇ ਵਿਚ ਕਾਇਮ ਰੱਖਣ ਲਈ ਲੈਂਦੇ ਹਨ। ਇਸ ਫਿਰਕੂ ਜ਼ਹਿਰ ਦਾ ਭਵਿੱਖ ਵਿਚ ਕਿੰਨਾ ਮਾੜਾ ਤੇ ਕੀ ਅਸਰ ਹੋਵੇਗਾ, ਇਸ ਬਾਰੇ ਕਿਹਾ ਨਹੀਂ ਜਾ ਸਕਦਾ।

ਹਿੰਸਾ ਦਾ ਮੁੱਢ ਹੀ ਸ਼ਬਦਿਕ ਹਿੰਸਾ ਤੋਂ ਬੱਝਦਾ ਹੈ। ਇਹ ਇੱਕ ਅਜਿਹਾ ਜ਼ਹਿਰੀਲਾ ਤੀਰ ਹੈ, ਜਿਸ ਨੂੰ ਚਲਾਉਣ ਵਾਲਾ ਅੰਜਾਮ ਨਹੀਂ ਸੋਚਦਾ। ਇਹ ਤੀਰ ਚਲਾਉਣ ਵਾਲੇ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਰੋਕ ਲੈਣਾ ਚਾਹੀਦਾ ਹੈ। ਬਹੁਤ ਸਾਰੇ ਮੁਲਕ ਬੋਲਣ ਦੀ ਆਜ਼ਾਦੀ ਨੂੰ ਖੁੱਲ੍ਹੇ ਦਿਲ ਨਾਲ ਸਵੀਕਾਰਦੇ ਹਨ। ਸਾਡੇ ਦੇਸ਼ ਦੇ ਬਹੁਤ ਸਾਰੇ ਲੋਕਾਂ ਨੇ ਸ਼ਬਦਿਕ ਹਿੰਸਾ ਨੂੰ ਰੋਜ਼ਗਾਰ ਬਣਾ ਲਿਆ ਹੈ। ਸਮਾਜ ਦੇ ਬੁੱਧੀਜੀਵੀ ਵਰਗ ਨੂੰ ਸਰਕਾਰਾਂ ਨੂੰ ਸੁਝਾਅ ਦੇ ਕੇ ਸ਼ਬਦਿਕ ਹਿੰਸਾ ਰੋਕਣ ਲਈ ਉਪਰਾਲੇ ਕਰਨੇ ਚਾਹੀਦੇ ਹਨ।

# ਲੋਕ ਚੇਤਿਆਂ ਵਿਚ ਵੱਸਦੀਆਂ ਤੀਆਂ



-ਡਾ. ਪ੍ਰਿਤਪਾਲ ਸਿੰਘ ਮਹਿਰੋਕ
91-98885-10185
(Punjab Mail USA)



ਮੇਲੇ, ਤਿਉਹਾਰ ਤੇ ਉਤਸਵ ਜ਼ਿੰਦਗੀ ਵਿਚ ਰੰਗ ਭਰਦੇ ਆਏ ਹਨ, ਜ਼ਿੰਦਗੀ ਨੂੰ ਸ਼ਿੰਗਾਰਦੇ ਆਏ ਹਨ, ਜ਼ਿੰਦਗੀ ਜੀਉਣ ਦਾ ਉਤਸ਼ਾਹ ਵਧਾਉਂਦੇ ਆਏ ਹਨ ਤੇ ਜੀਵਨ ਨੂੰ ਜੀਉਣ ਜੋਗਾ ਬਣਾਉਂਦੇ ਆਏ ਹਨ। ਭਾਰਤ ਵਿਚ ਵਿਭਿੰਨ ਵੰਨਗੀਆਂ ਅਤੇ ਸੁਭਾਅ ਦੇ ਤਿਉਹਾਰ ਮਨਾਏ ਜਾਂਦੇ ਹਨ, ਜਿਹੜੇ ਸਿੱਧੇ-ਅਸਿੱਧੇ ਰੂਪ ਵਿਚ ਮਨੁੱਖ ਦੇ ਸਮੂਹਿਕ ਮਨੋਰੰਜਨ, ਵਿਸ਼ਵਾਸ ਅਤੇ ਵਿਕਾਸ ਦੀ ਭਾਵਨਾ ਨਾਲ ਜਾ ਜੁੜਦੇ ਹਨ। ਇਹ ਤਿਉਹਾਰ ਮਨੁੱਖੀ ਜ਼ਿੰਦਗੀ ਵਿਚ ਨਵੀਂ ਸਿਰਜਣਾ, ਉਤਸ਼ਾਹ, ਸ਼ਕਤੀ, ਉੱਦਮ ਅਤੇ ਨਵਾਂ ਉਮਾਹ ਪੈਦਾ ਕਰਨ ਵਿਚ ਸਹਾਈ ਹੁੰਦੇ ਹਨ। ਪੰਜਾਬ ਤਿਉਹਾਰਾਂ, ਨਾਚਾਂ, ਗੀਤਾਂ ਆਦਿ ਦੀਆਂ ਖ਼ੁਸ਼ੀਆਂ ਨੂੰ ਮਾਨਣ ਵਾਲਾ ਅਜਿਹਾ ਭੂ-ਭਾਗ ਹੈ, ਜਿੱਥੇ ਆਏ ਦਿਨ ਵਿਭਿੰਨ ਰੰਗ ਬਿਖੇਰਨ ਤੇ ਮਹਿਕਾਂ ਵੰਡਣ ਵਾਲਾ ਕੋਈ ਨਾ ਕੋਈ ਤਿਉਹਾਰ ਮਨਾਇਆ ਜਾਂਦਾ ਰਹਿੰਦਾ ਹੈ। ਇਸ ਰਾਂਗਲੀ ਧਰਤੀ ਉੱਤੇ ਵੱਖ-ਵੱਖ ਮੌਕਿਆਂ ਨਾਲ ਜੁੜੇ ਜਾਂ ਬਦਲ ਰਹੀ ਰੁੱਤ ਦੇ ਸਵਾਗਤ ਜਾਂ ਮੌਸਮ ਨੂੰ ਵਿਦਾ ਕਹਿਣ ਲਈ ਵੀ ਗਿੱਧੇ-ਭੰਗੜੇ ਪਾਏ ਜਾਂਦੇ ਹਨ ਤੇ ਗੀਤ ਗਾਏ ਜਾਂਦੇ ਹਨ। ਸਾਉਣ ਦਾ ਮਹੀਨਾ ਪੰਜਾਬੀ ਲੋਕ ਜੀਵਨ ਵਿਚ ਖ਼ੁਸ਼ੀਆਂ-ਖੇੜੇ ਲੈ ਕੇ ਆਉਂਦਾ ਹੈ। ਜੇਠ-ਹਾੜ ਦੀ ਕੜਾਕੇ ਦੀ ਗਰਮੀ ਪਿੱਛੋਂ ਇਸ ਮਹੀਨੇ ਦੌਰਾਨ ਪੈਣ ਵਾਲਾ ਮੀਂਹ ਖ਼ੁਸ਼ੀਆਂ ਦੀ ਫੁਹਾਰ (ਤੇ ਬਹਾਰ ਵੀ) ਲੈ ਕੇ ਆਉਂਦਾ ਹੈ। ਸਾਉਣ ਮਹੀਨੇ ਵਿਚ ਮਨਾਇਆ ਜਾਂਦਾ ਤੀਆਂ ਦਾ ਤਿਉਹਾਰ ਇੱਕ ਪ੍ਰਸਿੱਧ ਮੌਸਮੀ ਤਿਉਹਾਰ ਹੈ, ਜਿਸ ਨੂੰ ਮੁਟਿਆਰਾਂ ਰਲ-ਮਿਲ ਮਨਾਉਂਦੀਆਂ ਹਨ। ਇਹ ਤਿਉਹਾਰ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ (ਚਾਂਦਨੀ ਤੀਜ) ਤੋਂ ਸ਼ੁਰੂ ਹੁੰਦਾ ਹੈ ਤੇ ਪੰਦਰਾਂ ਦਿਨ ਚਲਦਾ ਰਹਿੰਦਾ ਹੈ। ਇਸੇ ਲਈ ਇਸ ਨੂੰ ਤੀਜਾਂ ਜਾਂ ਤੀਆਂ ਕਹਿ ਲਿਆ ਜਾਂਦਾ ਹੈ।

ਤੀਆਂ ਮਾਝਾ, ਮਾਲਵਾ ਤੇ ਦੋਆਬੇ ਵਿਚ ਮਨਾਇਆ ਜਾਣ ਵਾਲਾ ਹਰਮਨ-ਪਿਆਰਾ ਤਿਉਹਾਰ ਹੈ। ਪਿੰਡਾਂ ਵਿਚ ਕਿਸੇ ਨਿਵੇਕਲੀ ਅਤੇ ਖੁੱਲ੍ਹੀ ਥਾਂ ’ਤੇ ਪਿੱਪਲਾਂ, ਬੋਹੜਾਂ ਦੀਆਂ ਸੰਘਣੀਆਂ ਛਾਵਾਂ ਹੇਠ ਜਾਂ ਕਿਸੇ ਨਹਿਰ, ਢਾਬ, ਸੂਏ ਦੇ ਕੰਢੇ ’ਤੇ ਛਾਂ-ਦਾਰ ਰੁੱਖਾਂ ਹੇਠ ਇਕੱਠੀਆਂ ਹੋ ਕੇ ਜੁੜੀਆਂ ਮੁਟਿਆਰਾਂ ਗਿੱਧੇ ਦੇ ਪਿੜ ਵਿਚ ਨੱਚ-ਨੱਚ ਕੇ ਦੂਹਰੀਆਂ ਹੋ ਜਾਂਦੀਆਂ ਹਨ:

ੋ ਆਉਂਦੀ ਕੁੜੀਏ, ਜਾਂਦੀ ਕੁੜੀਏ
ਚੁੱਕ ਲਿਆ ਬਜ਼ਾਰ ਵਿਚੋਂ ਝਾਵੇਂ
ਨੀ ਕਾਹਲੀ-ਕਾਹਲੀ ਪੈਰ ਪੁੱਟ ਲੈ
ਤੀਆਂ ਲੱਗੀਆਂ ਪਿੱਪਲ ਦੀ ਛਾਵੇਂ
ਨੀ ਕਾਹਲੀ-ਕਾਹਲੀ ਪੈਰ ਪੁੱਟ ਲੈ...

ੋ ਰਲ ਆਓ ਸਈਓ ਨੀਂ
ਸੱਭੇ ਤੀਆਂ ਖੇਡਣ ਜਾਈਏ
ਹੁਣ ਆ ਗਿਆ ਸਾਵਣ ਨੀਂ
ਪੀਂਘਾਂ ਪਿੱਪਲੀਂ ਜਾ ਕੇ ਪਾਈਏ
ਲੈ ਪੈਲਾਂ ਪਾਂਦੇ ਨੀਂ, ਬਾਗ਼ੀਂ ਮੋਰਾਂ ਸ਼ੋਰ ਮਚਾਇਆ
ਖਿੜ ਖਿੜ ਫੁੱਲਾਂ ਨੇ ਸਾਨੂੰ, ਮਾਹੀਆ ਯਾਦ ਕਰਾਇਆ।
ਮੈਂ ਅੱਥਰੂ ਡੋਲ੍ਹਾਂ ਨੀਂ, ਕੋਈ ਸਾਰ ਨਾ ਲੈਂਦਾ ਮੇਰੀ।
ਮੈਂ ਰੋ-ਰੋ ਮਰ ਗਈ ਨੀਂ,
ਜਿੰਦੜੀ ਆਣ ਗ਼ਮਾਂ ਨੇ ਘੇਰੀ।
ਰਲ ਆਓ ਸਈਓ ਨੀਂ...।

ਤੀਆਂ ਨੂੰ ‘ਸਾਵੇ’ ਵੀ ਕਹਿ ਲਿਆ ਜਾਂਦਾ ਹੈ। ਸਾਵੇ ਤੋਂ ਭਾਵ ਹੈ -ਹਰੇ-ਭਰੇ ਜਾਂ ਹਰਿਆਲੀ। “ਸਾਵੇ’ ਸ਼ਬਦ ਬੋਲ-ਚਾਲ ਵਿਚ ਸਹਿਜ ਤੇ ਸਰਲ ਹੈ। ਪੰਜਾਬ ਵਿਚ ਤੀਆਂ ਨੂੰ ‘ਹਰਿਆਲੀ ਤੀਜ’ ਵੀ ਕਹਿ ਲਿਆ ਜਾਂਦਾ ਹੈ। ਇਹ ਸ਼ਬਦ ਤੀਆਂ ਸ਼ਬਦ ਨਾਲੋਂ ਸੁਖਾਲਾ ਬੋਲਿਆ ਜਾ ਸਕਦਾ ਹੈ ਤੇ ਪਿਆਰਾ ਵੀ ਹੈ। ਹੋ ਸਕਦਾ ਹੈ ਕੁਝ ਹਾਲਤਾਂ ਵਿਚ ਲੋਕਾਂ ਨੇ ਇਸ ਸ਼ਬਦ ਨੂੰ ਇਸਦੇ ਇਨ੍ਹਾਂ ਗੁਣਾਂ ਕਾਰਨ ਹੀ ਅਪਣਾ ਲਿਆ ਹੋਵੇ। ਤੀਆਂ ਸ਼ਬਦ ਦਾ ਨਿਕਾਸ ‘ਧੀਆਂ’ ਤੋਂ ਹੋਇਆ ਮੰਨਿਆ ਜਾਂਦਾ ਹੈ। ਤੀਆਂ ਵਿਚ ਕੁੜੀਆਂ, ਨੂੰਹਾਂ, ਧੀਆਂ ਪਹਿਣ ਪੱਚਰ ਕੇ, ਹਾਰ-ਸ਼ਿੰਗਾਰ ਕਰ ਕੇ, ਬੜੇ ਚਾਵਾਂ ਨਾਲ ਇੱਕ ਦੂਜੀ ਨੂੰ ਤੀਆਂ ਦੇ ਪਿੜ ਵਿਚ ਪਹੁੰਚਣ ਲਈ ਹਾਕਾਂ ਮਾਰਦੀਆਂ ਹਨ। ਦਿਨ ਢਲੇ ਤੀਆਂ ਦੇ ਪਿੜ ਵਿਚ ਕੁੜੀਆਂ ਜੁੜਦੀਆਂ ਹਨ ਤੇ ਖ਼ੁਸ਼ੀਆਂ ਦਾ ਹੜ੍ਹ ਠਾਠਾਂ ਮਾਰਨ ਲੱਗ ਪੈਂਦਾ ਹੈ। ਮਹਿੰਦੀ ਰੰਗੇ ਹੱਥ ਗਿੱਧਾ ਪਾ-ਪਾ ਕੇ, ਨੱਚ-ਨੱਚ ਕੇ ਥੱਕਦੇ ਨਹੀਂ। ਨੱਚਣ ਵਾਲੀਆਂ ਦੀ ਜ਼ਮੀਨ ’ਤੇ ਅੱਡੀ ਨਹੀਂ ਟਿਕਦੀ ਤੇ ਗਾਉਣ ਵਾਲੀਆਂ ਕੋਲ ਗੀਤਾਂ ਦੇ ਭਰਪੂਰ ਤੇ ਅਮੁੱਕ ਭੰਡਾਰ ਹੁੰਦੇ ਹਨ। ਬੋਲੀਆਂ, ਲੋਕ ਗੀਤ, ਮਾਹੀਏ, ਟੱਪੇ, ਢੋਲੇ ਆਦਿ ਗਾਉਂਦੀਆਂ ਕੁੜੀਆਂ ਦੇ ਬੁੱਲ੍ਹ ਨਹੀਂ ਸੁੱਕਦੇ। ਇਨ੍ਹੀਂ ਦਿਨੀਂ ਸਹੁਰੇ ਗਈਆਂ, ਖਾਸ ਕਰ ਕੇ ਨਵ-ਵਿਆਹੀਆਂ ਕੁੜੀਆਂ ਨੂੰ ਪੇਕੇ ਘਰ ਲਿਆਇਆ ਜਾਂਦਾ ਹੈ, ਜਿੱਥੇ ਉਹ ਆਪਣੀਆਂ ਵਿਛੜੀਆਂ ਸਹੇਲੀਆਂ, ਭੈਣਾਂ, ਭਰਜਾਈਆਂ, ਚਾਚੀਆਂ, ਤਾਈਆਂ ਨੂੰ ਮਿਲਦੀਆਂ ਹਨ ਤੇ ਉਨ੍ਹਾਂ ਸਭ ਵਿਚ ਸ਼ਾਮਲ ਹੋ ਕੇ ਪਿੰਡ ਦੀਆਂ ਤੀਆਂ ਦਾ ਸ਼ਿੰਗਾਰ ਬਣਦੀਆਂ ਹਨ। ਉਹ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰਦੀਆਂ ਹਨ:

ਸਾਉਣ ਦਾ ਮਹੀਨਾ, ਤੀਜ ਦੀਆਂ ਤੀਆਂ ਜੀ
ਸਹੁਰਿਆਂ ਤੋਂ ਪੇਕਿਆਂ ਨੂੰ, ਆਈਆਂ ਧੀਆਂ ਜੀ
ਵਿਆਹੀਆਂ ਵਿਆਹੀਆਂ ਇੱਕ ਪਾਸੇ, ਹੋ ਕੇ ਬਹਿ ਗਈਆਂ
ਕੁਆਰੀਆਂ ਕੁਆਰੀਆਂ ਨੱਚਣ, ਡਹਿ ਗਈਆਂ
ਮੁੱਦਤਾਂ ਦੇ ਬਾਅਦ ਉਹ ਅੱਜ ਜੁੜੀਆਂ,
ਦੁੱਖ ਆਪੋ-ਆਪਣੇ ਸੁਣਾਉਣ ਕੁੜੀਆਂ।

ਇੱਕ ਲੋਕ ਵਿਸ਼ਵਾਸ ਅਨੁਸਾਰ ਸੱਜ ਵਿਆਹੀ ਕੁੜੀ ਦਾ ਆਪਣੇ ਵਿਆਹ ਤੋਂ ਪਿੱਛੋਂ ਆਉਣ ਵਾਲੇ ਪਹਿਲੇ ਸਾਉਣ ਦੇ ਮਹੀਨੇ ਵਿਚ ਆਪਣੀ ਸੱਸ ਦੇ ਮੱਥੇ ਲੱਗਣਾ ਚੰਗਾ ਨਹੀਂ ਹੁੰਦਾ। ਇਸ ਲਈ ਸੱਜ ਵਿਆਹੀ ਕੁੜੀ ਨੂੰ ਤੀਆਂ ਵਿਚ ਸ਼ਾਮਲ ਹੋ ਸਕਣ ਦਾ ਮੌਕਾ ਪ੍ਰਦਾਨ ਕਰਨ ਲਈ, ਸਾਉਣ ਮਹੀਨਾ ਚੜ੍ਹਨ ਤੋਂ ਕੁਝ ਦਿਨ ਪਹਿਲਾਂ ਹੀ ਸਹੁਰੇ ਘਰ ਤੋਂ ਪੇਕੇ ਘਰ ਲਿਆਇਆ ਜਾਂਦਾ ਹੈ। ਪੁਰਾਣੇ ਸਮਿਆਂ ਵਿਚ ਵਿਆਹ ਵਧੇਰੇ ਕਰਕੇ ਜੇਠ-ਹਾੜ ਦੇ ਮਹੀਨਿਆਂ ਵਿਚ ਹੁੰਦੇ ਸਨ। ਹਾੜ ਤੋਂ ਅਗਲਾ ਮਹੀਨਾ ਸਾਉਣ ਮਹੀਨਾ ਹੁੰਦਾ ਹੈ। ਸਹੁਰਿਆਂ ਦੇ ਘਰ ਪਰਿਵਾਰ ਬਾਰੇ ਦੱਸਣ ਦੀ ਉਤਸੁਕਤਾ ਨਵ-ਵਿਆਹੀ ਦੇ ਮਨ ਵਿਚ ਵੀ ਹੁੰਦੀ ਸੀ। ਨਿਸ਼ਚੇ ਹੀ ਪੇਕੇ ਘਰ ਛੇਤੀ ਜਾਣ ਦੀ ਉਸਦੀ ਤਾਂਘ ਪ੍ਰਬਲ ਹੋ ਜਾਂਦੀ ਹੋਵੇਗੀ। ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸੱਜ ਵਿਆਹੀਆਂ ਕੁੜੀਆਂ ਜੇ ਆਪਣੀਆਂ ਸੱਸਾਂ ਦੇ ਸੁਭਾਅ, ਉਨ੍ਹਾਂ ਦੇ ਵਿਵਹਾਰ ਤੇ ਉਨ੍ਹਾਂ ਦੀਆਂ ਵਧੀਕੀਆਂ ਤੋਂ ਤੰਗ ਆ ਜਾਂਦੀਆਂ ਸਨ, ਤਾਂ ਉਹ ਆਪਣੇ ਪੇਕਿਆਂ ਤੇ ਸਖੀਆਂ ਨੂੰ ਉਸ ਬਾਰੇ ਦੱਸਣ ਲਈ ਕਾਹਲੀਆਂ ਹੁੰਦੀਆਂ ਰਹੀਆਂ ਹੋਣਗੀਆਂ। ਪੇਕੇ ਆ ਕੇ ਕੁਝ ਕਹਿਣ-ਸੁਣਨ ਲਈ, ਆਪਣੇ ਮਨ ਦਾ ਬੋਝ ਹਲਕਾ ਕਰਨ ਲਈ ਉਤਾਵਲੀਆਂ ਹੋਈਆਂ ਉਹ ਪੇਕੇ ਘਰ ਆਉਣ ਦੀ ਇੱਛਾ ਰੱਖਦੀਆਂ ਸਨ। ਉਨ੍ਹਾਂ ਸਮਿਆਂ ਵਿਚ ਕਿਉਂਜੋ ਆਵਾਜਾਈ ਦੇ ਸਾਧਨ ਵੀ ਬਹੁਤੇ ਉਪਲਬਧ ਨਹੀਂ ਸਨ ਹੁੰਦੇ, ਇੰਜ ਉਹ ਪੂਰਾ ਮਹੀਨਾ ਪੇਕੇ ਘਰ ਗੁਜ਼ਾਰਦੀਆਂ ਸਨ। ਤੀਆਂ ਵਿਚ ਆਪਣੀਆਂ ਸਹੇਲੀਆਂ ਨੂੰ ਮਿਲ ਕੇ, ਇਕੱਠੀਆਂ ਹੋ ਕੇ ਉਨ੍ਹਾਂ ਕੋਲੋਂ ਆਪਣੇ ਮਨ ਦੀ ਖੁਸ਼ੀ ਸਾਂਭੀ ਨਹੀਂ ਸੀ ਜਾਂਦੀ। ਇੰਜ, ਉਹ ਆਪਣਾ ਮਾਨਸਿਕ ਸੰਤੁਲਨ ਵੀ ਕਾਇਮ ਕਰ ਲੈਂਦੀਆਂ ਸਨ ਤੇ ਇਕ ਤਰ੍ਹਾਂ ਨਾਲ ਉਨ੍ਹਾਂ ਦਾ ਮਨ ਤਬਦੀਲੀ ਦੇ ਅਹਿਸਾਸ ਨਾਲ ਵੀ ਭਰ ਜਾਂਦਾ ਸੀ। ਸਾਉਣ ਦਾ ਮਹੀਨਾ ਤੀਆਂ ਨੂੰ ਖ਼ੁਸ਼ਆਮਦੀਦ ਕਹਿੰਦਿਆਂ ਸਭ ਨੂੰ ਤੀਆਂ ਦੇ ਆਉਣ ਦਾ ਸੰਦੇਸ਼ ਦਿੰਦਾ ਹੈ। ਅਜਿਹਾ ਸੰਦੇਸ਼ ਪਾ ਕੇ ਕੋਈ ਨਵ-ਵਿਆਹੀ ਆਪਣੇ ਪਤੀ ਨੂੰ ਕਹਿੰਦੀ ਹੈ:-

ਵੇ ਤੀਆਂ ਦਾ ਮਹੀਨਾ ਢੋਲਣਾ
ਪੇਕੀਂ ਘੱਲ ਦੇ ਸਵੇਰ ਵਾਲੀ ਲਾਰੀ
ਵੇ ਤੀਆਂ ਦਾ ਮਹੀਨਾ ਢੋਲਣਾ...

ਤੀਆਂ ਆਰੰਭ ਹੋਣ ਤੋਂ ਪਹਿਲੇ ਦਿਨ, ਦੂਜ ਵਾਲੇ ਦਿਨ ਨੂੰ ‘ਮਹਿੰਦੀ ਵਾਲਾ ਦਿਨ’ ਆਖਿਆ ਜਾਂਦਾ ਹੈ। ਇਸ ਦਿਨ-ਰਾਤ ਸਮੇਂ ਸਾਉਣ ਤੋਂ ਪਹਿਲਾਂ ਮੁਟਿਆਰਾਂ ਆਪਣੇ ਹੱਥਾਂ ’ਤੇ ਬੜੀਆਂ ਰੀਝਾਂ ਨਾਲ ਮਹਿੰਦੀ ਲਾਉਂਦੀਆਂ ਹਨ। ਸ਼ਗਨ ਵਜੋਂ ਲਾਈ ਜਾਣ ਵਾਲੀ ਇਸ ਮਹਿੰਦੀ ਦੀ ਫੱਬਤ ਵਿਚ ਉਹ ਆਪਣੀ ਕਲਾਤਮਿਕ ਪ੍ਰਤਿਭਾ ਦਾ ਪ੍ਰਮਾਣ ਪੇਸ਼ ਕਰਦੀਆਂ ਹਨ। ਕਿਸੇ ਬਾਰੀਕ ਤੀਲੀ ਨਾਲ, ਕੋਣ ਨਾਲ ਜਾਂ ਕਿਸੇ ਹੋਰ ਜੁਗਤ ਰਾਹੀਂ ਉਹ ਲਾਈ ਜਾਣ ਵਾਲੀ ਮਹਿੰਦੀ ਨਾਲ ਵੰਨ-ਸੁਵੰਨੇ ਡਿਜ਼ਾਈਨ ਬਣਾਉਂਦੀਆਂ ਹਨ ਤੇ ਵਿਚ ਫੁੱਲ-ਪੱਤੀਆਂ ਦੇ ਆਕਾਰ ਬਣਾਉਂਦੀਆਂ ਹਨ। ਅਗਲੀ ਸਵੇਰ ਹਥੇਲੀਆਂ ਤੇ ਬਾਹਵਾਂ ’ਤੇ ਖਿੜੇ ਮਹਿੰਦੀ ਰੰਗੇ ਫੁੱਲ ਪੱਤਿਆਂ ਨੂੰ ਵੇਖ ਕੇ ਉਹ ਫੁੱਲੀਆਂ ਨਹੀਂ ਸਮਾਉਂਦੀਆਂ।

ਮਹਿੰਦੀ ਲਾਉਣ ਵਾਂਗ ਨਵੇਂ ਕੱਪੜੇ ਪਹਿਨਣਾ ਤੇ ਰੰਗ-ਬਰੰਗੀਆਂ ਚੂੜੀਆਂ ਚੜ੍ਹਾਉਣੀਆਂ ਵੀ ਤੀਆਂ ਦੇ ਤਿਉਹਾਰ ਦੀ ਮਹੱਤਵਪੂਰਨ ਰਸਮ ਹੈ। ਚੂੜੀਆਂ ਵੇਚਣ ਵਾਲਾ ਜਦੋਂ ਵੰਗਾਂ ਚੜ੍ਹਾਉਣ ਦਾ ਹੋਕਾ ਦਿੰਦਾ ਹੈ, ਤਾਂ ਮੁਟਿਆਰਾਂ ਝੱਟ-ਪਟ ਉਸ ਨੂੰ ਬੁਲਾ ਲੈਂਦੀਆਂ ਹਨ। ਵੰਗਾਂ ਚੜ੍ਹਾਉਣ ਦੀ ਇਸ ਰੀਝ ਨੂੰ ਕੁੜੀਆਂ ਲੋਕ ਗੀਤਾਂ ਰਾਹੀਂ ਪ੍ਰਗਟ ਕਰਦੀਆਂ ਹਨ:

ਆ ਵਣਜਾਰਿਆ ਬਹਿ ਵਣਜਾਰਿਆ,
ਵੰਗਾਂ ਦੇਈਂ ਚੜ੍ਹਾ
ਲਾਲ ਸੁਹਾਗ ਮੇਰੇ ਦੀਆਂ ਵੰਗਾਂ, ਹਰੀਆਂ ਨਾਲ ਮਿਲਾ
ਗਿੱਧੇ ਵਿਚ ਮੈਂ ਨੱਚਦੀ,
ਮੈਨੂੰ ਸੋਹਣੀਆਂ ਵੰਗਾਂ ਦਾ ਚਾਅ।
ਗਿੱਧੇ ਵਿਚ ਮੈਂ ਨੱਚਦੀ...।

ਤੀਆਂ ਵਾਲੇ ਦਿਨ ਬਾਅਦ ਦੁਪਹਿਰ ਸੱਜੀਆਂ ਸੰਵਰੀਆਂ ਕੁੜੀਆਂ, ਹਾਰ-ਸ਼ਿੰਗਾਰ ਕਰ ਕੇ, ਨਵੇਂ ਨਕੋਰ ਕੱਪੜੇ ਪਹਿਨ ਕੇ ਪੀਂਘਾਂ ਪਾਉਣ ਲਈ ਰੱਸੇ-ਲੱਜਾਂ ਚੁੱਕ, ਖਾਣ-ਪੀਣ ਲਈ ਕੁਝ ਸਮੱਗਰੀ ਲੈ ਕੇ ਤੀਆਂ ਦੇ ਪਿੜ ਵੱਲ ਵਹੀਰਾਂ ਘੱਤਦੀਆਂ ਹਨ। ਖੀਰਾਂ-ਪੂੜੇ ਆਦਿ ਆਪਣੇ ਨਾਲ ਲੈ ਕੇ ਹਰ ਉਮਰ ਦੀਆਂ ਔਰਤਾਂ ਪਿੰਡੋਂ ਬਾਹਰ ਉੱਚੇ, ਲੰਮੇ, ਸੰਘਣੇ ਦਰੱਖਤਾਂ ਥੱਲੇ ਇਕੱਠੀਆਂ ਹੋ ਜਾਂਦੀਆਂ ਹਨ। ਹੱਸਦੀਆਂ-ਖੇਡਦੀਆਂ ਉਹ ਮੇਲੇ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ। ਪੀਂਘਾਂ ਝੂਟਦੀਆਂ ਹਨ, ਤਾਂ ਅਸਮਾਨ ਨਾਲ ਗੱਲਾਂ ਕਰਦੀਆਂ ਜਾਪਦੀਆਂ ਹਨ। ਪੀਂਘਾਂ ਝੂਟਦੀਆਂ ਕੁੜੀਆਂ ਜਦੋਂ ਰੁੱਖ ਦੀ ਟੀਸੀ ਦੀ ਟਹਿਣੀ ਦਾ ਸਿਖ਼ਰਲਾ ਪੱਤਾ ਆਪਣੇ ਦੰਦਾਂ ਨਾਲ ਤੋੜ ਲਿਆਉਂਦੀਆਂ ਹਨ, ਤਾਂ ਇਹ ਮਨਮੋਹਕ ਤੇ ਰਮਣੀਕ ਦ੍ਰਿਸ਼ ਹਰ ਵੇਖਣ ਵਾਲੇ ਦਾ ਧਿਆਨ ਆਪਣੇ ਵੱਲ ਖਿੱਚ ਲੈਂਦਾ ਹੈ।

ਤੀਆਂ ਵਾਲੇ ਸਥਾਨ ਤੋਂ ਕੁਝ ਹੀ ਦੂਰੀ ’ਤੇ ਪਿੰਡਾਂ ਦੇ ਗੱਭਰੂ ਕਬੱਡੀ ਖੇਡਣ, ਕੁਸ਼ਤੀਆਂ ਲੜਨ (ਘੋਲ ਘੁਲਣ) ਤੇ ਹੋਰ ਖੇਡਾਂ ਖੇਡਣ ਲਈ ਇਕੱਠੇ ਹੋ ਜਾਂਦੇ ਸਨ। ਦਰਸ਼ਕਾਂ ਦੀ ਵੀ ਭੀੜ ਜੁੜ ਜਾਂਦੀ ਸੀ। ਸ਼ੁਗਲ-ਮੇਲਾ ਵੀ ਚੱਲਦਾ ਰਹਿੰਦਾ ਸੀ। ਰੌਣਕਾਂ ਲੱਗਦੀਆਂ ਰਹਿੰਦੀਆਂ ਸਨ। ਗੱਭਰੂਆਂ ਦੇ ਇਕੱਠਿਆਂ ਹੋ ਕੇ ਖੇਡਣ-ਮੱਲਣ ਪਿੱਛੇ ਇਕ ਹੋਰ ਮਨੋਰਥ ਵੀ ਹੁੰਦਾ ਸੀ। ਕਹਿੰਦੇ ਹਨ ਕੁਝ ਥਾਈਂ ਜ਼ੋਰਾਵਰ ਲੋਕਾਂ ਵੱਲੋਂ ਤੀਆਂ ਵਿਚੋਂ ਧੀਆਂ-ਭੈਣਾਂ ਨੂੰ ਉਧਾਲ ਲਏ ਜਾਣ ਦੀਆਂ ਘਟਨਾਵਾਂ ਵਾਪਰਨ ਪਿੱਛੋਂ ਪਿੰਡਾਂ ਦੇ ਨੌਜਵਾਨ ਚੌਕਸ ਹੋ ਗਏ ਸਨ ਤੇ ਤੀਆਂ ਵਿਚ ਸ਼ਾਮਲ ਧੀਆਂ-ਭੈਣਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਉਹ ਆਪਣੇ ਸਿਰ ਲੈ ਲੈਂਦੇ ਸਨ, ਇਸੇ ਲਈ ਉਹ ਤੀਆਂ ਵਾਲੇ ਸਥਾਨ ਦੇ ਕੋਲ ਇਕੱਠੇ ਹੋ ਕੇ ਖੇਡਦੇ-ਕੁੱਦਦੇ ਰਹਿੰਦੇ ਸਨ। ਮੁੱਖ ਮਕਸਦ ਉਨ੍ਹਾਂ ਦਾ ਧੀਆਂ-ਭੈਣਾਂ ਨੂੰ ਸੁਰੱਖਿਆ ਪ੍ਰਦਾਨ ਕਰਨੀ ਹੁੰਦਾ ਸੀ।

ਖ਼ੂਬ ਭਖੇ ਹੋਏ ਗਿੱਧੇ ਦੀਆਂ ਬੋਲੀਆਂ ਦੀ ਆਵਾਜ਼, ਅੱਡੀਆਂ ਦੀ ਧਮਕ, ਵੰਗਾਂ ਦੀ ਛਣ-ਛਣ ਤੇ ਗਿੱਧੇ ਦੀ ਥਪ-ਥਪ ਕੋਹਾਂ ਤੀਕਰ ਸੁਣਾਈ ਦਿੰਦੀ ਹੁੰਦੀ ਸੀ। ਬੋਲੀਆਂ ਵਿਚ ਵੀਰ ਪਿਆਰ ਤੋਂ ਲੈ ਕੇ, ਮਾਂ-ਬਾਪ, ਮਾਹੀ, ਸੱਸ, ਸਹੁਰੇ, ਸੰਜੋਗ, ਵਿਯੋਗ, ਨਨਾਣ, ਭਰਜਾਈ, ਦਿਉਰ, ਜੇਠ,ਦਰਾਣੀ, ਜਠਾਣੀ ਅਤੇ ਛੜਿਆਂ ਦਾ ਜ਼ਿਕਰ ਹੁੰਦਾ ਸੀ। ਆਮ ਹਾਲਾਤ ਵਿਚ ਪੁਰਸ਼ਾਂ ਨੂੰ ਇਸ ਸਮਾਰੋਹ ਵਿਚ ਸ਼ਾਮਲ ਨਹੀਂ ਸੀ ਕੀਤਾ ਜਾਂਦਾ ਪਰ ਚੋਰੀ-ਛੁਪੇ ਝਾਤ ਮਾਰਨ ਨੂੰ ਪੁਰਸ਼ਾਂ ਦਾ ਮਨ ਕਰ ਹੀ ਆਉਂਦਾ ਸੀ। ਇਸੇ ਕਰਕੇ ਕੋਈ ਮੁਟਿਆਰ ਆਪਣੇ ਸ਼ਰਮਾਕਲ ਪਤੀ ਬਾਰੇ ਕਹਿੰਦੀ ਸੁਣੀ ਜਾਂਦੀ ਸੀ:-

ਹੋਰਨਾਂ ਦੇ ਮਾਹੀਏ ਤੀਆਂ ਵੇਖਣ, ਮੇਰਾ ਚੁਗੇ ਕਪਾਹ
ਵੇ ਤੂੰ ਕੀ ਰਾਹ ਨੀਂ’ ਜਾਣਦਾ, ਤੀਆਂ ਵੇਖਣ ਆ।
ਵੇ ਤੂੰ ਕੀ...

ਗਿੱਧੇ ਦੇ ਪਿੜ ਤੋਂ ਹਟਵੀਆਂ ਢੁੱਕਵੀਆਂ ਥਾਵਾਂ ’ਤੇ ਚੂੜੀਆਂ, ਪਰਾਂਦੀਆਂ, ਮਹਿੰਦੀ, ਗੁਬਾਰਿਆਂ, ਪਕੌੜੇ, ਜਲੇਬੀਆਂ ਤੇ ਹੋਰ ਮਠਿਆਈਆਂ, ਖਿਡਾਉਣਿਆਂ ਤੇ ਹਾਰ-ਸ਼ਿੰਗਾਰ ਦੇ ਸਾਜੋ-ਸਾਮਾਨ ਵੇਚਣ ਵਾਲੇ ਵੀ ਪਹੁੰਚੇ ਹੁੰਦੇ ਹਨ। ਤੀਆਂ ਦੇ ਦਿਨੀਂ ਕੁੜੀਆਂ ਸਹੁਰੇ-ਪੇਕੇ ਘਰ ਦੇ ਨਿੱਕੇ-ਵੱਡੇ ਬੰਧਨਾਂ ਤੇ ਜ਼ਿੰਮੇਵਾਰੀਆਂ ਤੋਂ ਆਜ਼ਾਦ ਮਹਿਸੂਸ ਕਰਦੀਆਂ ਹਨ। ਨਾ ਸੱਸ ਦੀ ਡਾਂਟ-ਡਪਟ ਦਾ ਡਰ, ਨਾ ਸਹੁਰੇ ਕੋਲੋਂ ਘੁੰਡ ਕੱਢਣ ਦੀ ਚਿੰਤਾ। ਨਾ ਕਿਸੇ ਦੀ ਚੰਗੀ ਮਾੜੀ ਸੁਣਨ ਦਾ ਡਰ। ਕੁੜੀਆਂ ਚਾਹੁੰਦੀਆਂ ਹਨ ਕਿ ਤੀਆਂ ਦੇ ਦਿਨ ਮੁੱਕਣ ਹੀ ਨਾ ਪਰ ਤੀਆਂ ਦੇ ਦਿਨ ਝੱਟ ਲੰਘ ਜਾਂਦੇ ਹਨ। ਉਹ ਤੀਆਂ ਲਾਉਣ ਵਾਲੇ ਤੋਂ ਸਦਕੇ ਜਾਣਾ ਚਾਹੁੰਦੀਆਂ ਹਨ:-

ਤੇਰਾ ਹੋਏ ਸੁਰਗਾਂ ਵਿਚ ਵਾਸਾ,
ਵੇ ਤੀਆਂ ਨੂੰ ਲਵਾਉਣ ਵਾਲਿਆ...

ਦੁੱਖ-ਸੁੱਖ, ਖ਼ੁਸ਼ੀ-ਗ਼ਮੀ ਜ਼ਿੰਦਗੀ ਦੀ ਤਸਵੀਰ ਦੇ ਦੋ ਪਾਸੇ ਹਨ। ਇੱਕ ਉਦਾਸ ਚਿੱਤ ਕੁੜੀ ਨੂੰ ਤੀਆਂ ਦੇ ਇਹ ਰੰਗ-ਤਮਾਸ਼ੇ ਇਸ ਕਰਕੇ ਚੰਗੇ ਨਹੀਂ ਲੱਗਦੇ ਕਿਉਂ ਜੋ ਉਹ ਆਪਣੇ ਸਹੁਰੇ ਘਰ ਵਿਚ ਬੀਮਾਰ ਪਏ ਪਤੀ ਨੂੰ ਛੱਡ ਕੇ ਆਈ ਹੈ:-

ਯਾਰ ਬੀਮਾਰ ਪਿਆ
ਮੇਰਾ ਚਿੱਤ ਨਾ ਤੀਆਂ ਦੇ ਵਿਚ ਲੱਗਦਾ।
ਕਿਹੜੇ ਹੌਂਸਲੇ ਗਿੱਧੇ ਦੇ ਵਿਚ ਜਾਵਾਂ
ਯਾਰ ਬੀਮਾਰ ਪਿਆ।

ਅਜਿਹੀ ਕੁੜੀ ਨੂੰ ਸਾਉਣ ਮਹੀਨੇ ਦੀਆਂ ਬਦਲੋਟੀਆਂ ਵੀ ਕੋਈ ਉਦਾਸ ਗੀਤ ਗਾਉਂਦੀਆਂ ਪ੍ਰਤੀਤ ਹੁੰਦੀਆਂ ਹਨ।

ਤੀਆਂ ਵਾਲੀ ਸ਼ਾਮ ਜਿਉਂ-ਜਿਉਂ ਹਨੇਰੇ ਵਿਚ ਬਦਲਣ ਲੱਗਦੀ ਹੈ, ਮੇਲਾ ਖਿੰਡਣ ਲੱਗਦਾ ਹੈ। ਨੱਚਦੀਆਂ-ਗਾਉਂਦੀਆਂ ਕੁੜੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ:-

ਸੱਚ ਦੇ ਬਚਨ ਵਿਚ ਧਾਈਆਂ,
ਮਾਪਿਓ ਥੋਡੇ ਰਾਜ ਅੰਦਰ
ਤੀਆਂ ਖੇਡ ਕੇ ਘਰਾਂ ਨੂੰ ਆਈਆਂ।

ਇੰਜ, ਤੀਆਂ ਦੇ ਇਹ ਪੰਦਰਾਂ ਦਿਨ ਹੱਸਦਿਆਂ, ਖੇਡਦਿਆਂ, ਨੱਚਦਿਆਂ ਖ਼ੁਸ਼ੀ ਮਨਾਉਂਦਿਆਂ, ਪੀਂਘਾਂ ਝੂਟਦਿਆਂ ਤੇ ਗੀਤ ਗਾਉਂਦਿਆਂ ਬੜੀ ਛੇਤੀ ਬੀਤ ਜਾਂਦੇ ਹਨ। ਕੁੜੀਆਂ ਲਈ ਇਹ ਦਿਨ ਕਈ ਹੁਸੀਨ ਯਾਦਾਂ ਛੱਡ ਜਾਂਦੇ ਹਨ। ਉਹ ਭਾਦੋਂ ਨੂੰ ਕੋਸਦੀਆਂ ਹਨ, ਕਿਉਂ ਜੋ ਭਾਦੋਂ ਵਿਚ ਉਨ੍ਹਾਂ ਨੂੰ ਮੁੜ ਸਹੁਰੀਂ ਜਾਣਾ ਪੈਂਦਾ ਹੈ:-

ਤੀਆਂ ਸਾਉਣ ਦੀਆਂ, ਭਾਦੋਂ ਦੇ ਮੁਕਲਾਵੇ।

ਤੀਆਂ ਦੇ ਆਖਰੀ ਦਿਨ ਪਾਣੀ ਨਾਲ ਭਰੀ ਇੱਕ ਗੜਵੀ ਵਿਚ ਦੁੱਬ ਪਾ ਕੇ ਕੁੜੀਆਂ ਗੀਤ ਗਾਉਂਦੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ, ਇਸ ਪਾਣੀ ਤੇ ਦੁੱਬ ਦਾ ਛਿੱਟਾ ਉਹ ਘਰਾਂ ਦੀ ਦਹਿਲੀਜ਼ ’ਤੇ ਦਿੰਦੀਆਂ ਹਨ। ਇੰਜ, ਤੀਆਂ ਦਾ ਇਹ ਤਿਉਹਾਰ ਅਗਲੇ ਸਾਲ ਤਕ ਲਈ ਵਿਛੜ ਜਾਂਦਾ ਹੈ:

ਤੀਆਂ ਤੀਜ ਦੀਆਂ, ਵਰ੍ਹੇ ਦਿਨਾਂ ਨੂੰ ਫੇਰ

ਤੀਆਂ ਦਾ ਇਹ ਤਿਉਹਾਰ ਸਰਬ ਸਾਂਝਾ ਅਤੇ ਧਰਮ ਨਿਰਪੱਖ ਸਾਦ ਮੁਰਾਦਾ ਪੇਂਡੂ ਤਿਉਹਾਰ ਹੈ, ਜੋ ਪੰਜਾਬੀ ਲੋਕ ਸੱਭਿਆਚਾਰ ਦਾ ਮਹੱਤਵਪੂਰਨ ਅੰਗ ਹੈ। ਅਜੋਕੇ ਕਾਹਲ ਭਰੇ, ਰੁਝੇਵਿਆਂ ਵਾਲੇ ਤੇ ਬਦਲ ਗਈ ਜੀਵਨ ਸ਼ੈਲੀ ਵਾਲੇ ਵਿਕਾਸਸ਼ੀਲ ਸਮਾਜ ਵਿਚ ਪੁਰਾਣੇ ਸੱਭਿਆਚਾਰ ਦੇ ਅਜਿਹੇ ਰੰਗ ਫਿੱਕੇ ਪੈਂਦੇ ਜਾ ਰਹੇ ਹਨ। ਹੋਰ ਮੇਲਿਆਂ-ਤਿਉਹਾਰਾਂ ਵਾਂਗ ਤੀਆਂ ਦੀ ਪਹਿਲਾਂ ਵਾਲੀ ਰੌਣਕ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈ ਹੈ। ਹੁਣ ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਵਿਚ ਸ਼ਾਮਲ ਕੀਤੀ ਜਾਂਦੀ ਪੰਜਾਬੀ ਲੋਕ ਨਾਚ ਗਿੱਧੇ ਜਾਂ ਕਿਸੇ ਹੋਰ ਲੋਕ ਨਾਚ ਦੀ ਆਈਟਮ ਵਿਚ ਕਦੇ-ਕਦੇ ਤੀਆਂ ਦੇ ਨਾਚ ਦੀ ਇਕ-ਅੱਧ ਝਲਕੀ ਵਿਖਾਈ ਜਾ ਰਹੀ ਹੋ ਸਕਦੀ ਹੈ। ਸਕੂਲਾਂ, ਕਾਲਜਾਂ ਵੱਲੋਂ ਵੀ ਤੀਆਂ ਦੇ ਮੇਲੇ ਦਾ ਪ੍ਰਬੰਧ ਕਰ ਲਿਆ ਜਾਂਦਾ ਹੈ, ਜਿਨ੍ਹਾਂ ਵਿਚ ਕਈ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਤੇ ਜੇਤੂਆਂ ਨੂੰ ਇਨਾਮ ਵੀ ਦਿੱਤੇ ਜਾਂਦੇ ਹਨ। ਕਿਧਰੇ-ਕਿਧਰੇ ਕਾਰਜਸ਼ੀਲ ਸੱਭਿਆਚਾਰਕ ਕਲੱਬਾਂ ਵੱਲੋਂ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਂ ਉੱਦਮੀ ਤੇ ਸਵੈ-ਸੇਵੀ ਇਸਤਰੀ-ਸੰਗਠਨਾਂ ਵੱਲੋਂ ਵੀ ਸਾਉਣ ਮਹੀਨੇ ਵਿਚ ਕਦੇ/ਕਿਧਰੇ ਤੀਆਂ ਦੇ ਮੇਲੇ ਦਾ ਆਯੋਜਨ ਕਰ ਲਿਆ ਜਾਂਦਾ ਹੈ। ਵਧੇਰੇ ਸਥਿਤੀਆਂ ਵਿਚ ਅਜਿਹਾ ਕੁਝ ਵੀ ਸਭ ਰਸਮੀ ਹੋ ਕੇ ਰਹਿ ਜਾਂਦਾ ਹੈ। ਇਹ ਪ੍ਰੀਵਰਤਨਸ਼ੀਲ ਵਰਤਾਰੇ ਵਿਚ ਅਜਿਹਾ ਵਾਪਰਨਾ ਹੀ ਹੁੰਦਾ ਹੈ। ਵਿਰਸੇ ਤੋਂ ਟੁੱਟਣਾ, ਦੂਰ ਹੁੰਦੇ ਚਲੇ ਜਾਣਾ ਤੇ ਵਿਰਸੇ ਨੂੰ ਵਿਸਾਰ ਦੇਣਾ ਦੁਖਦਾਈ ਜ਼ਰੂਰ ਹੁੰਦਾ ਹੈ। ਸੱਭਿਆਚਾਰਕ ਵਰਤਾਰਿਆਂ ਨੂੰ ਤੇ ਉਨ੍ਹਾਂ ਦੇ ਨਮੂਨਿਆਂ ਨੂੰ ਸਾਂਭ ਕੇ ਰੱਖਣਾ ਮਨੁੱਖ ਦਾ ਫ਼ਰਜ਼ ਬਣਦਾ ਹੈ। ਇਸ ਦਿਸ਼ਾ ਵੱਲ ਕੇਵਲ ਨਿੱਜੀ ਹੀ ਨਹੀਂ, ਸਮੂਹਿਕ ਪੱਧਰ ’ਤੇ ਵੀ ਸੁਹਿਰਦ ਯਤਨ ਕੀਤੇ ਜਾਣੇ ਚਾਹੀਦੇ ਹਨ। ਅਜਿਹੇ ਯਤਨਾਂ ਨੂੰ ਪੰਜਾਬੀ ਦੇ ਵਿਸਰ ਰਹੇ ਵਰਤਾਰਿਆਂ ਦੀ ਸਾਂਭ-ਸੰਭਾਲ ਕਰਨ ਲਈ ਪੁੱਟੇ ਗਏ ਇਕ ਕਦਮ ਵਜੋਂ ਲਿਆ ਜਾ ਸਕੇਗਾ।

# ਡਾ. ਰਿਜਬਨ ਕੌਰ ਦੀ ਪੁਸਤਕ ਸਿੱਖ ਰਹਿਤ ਮਰਯਾਦਾ ਇਤਿਹਾਸਕ ਪਰਿਪੇਖ


-ਦਿਲਜੀਤ ਸਿੰਘ ਬੇਦੀ
(Punjab Mail USA)



ਹੱਥਲੀ ਪੁਸਤਕ ਨੂੰ ਲੇਖਿਕਾ ਨੇ ਚਾਰ ਅਧਿਆਇਆਂ ਵਿਚ ਵੰਡਿਆ ਹੈ।

ਦੋ ਸ਼ਬਦਾਂ ਵਿਚ ਡਾ. ਸਰਬਜਿੰਦਰ ਸਿੰਘ ਨੇ ਅਸੀਸ ਅੰਕਿਤ ਕੀਤੀ ਹੈ। ਭੂਮਿਕਾ ਡਾ. ਅਬਨੀਸ਼ ਕੌਰ ਦੀ ਹੈ। ਅਸਲ ਵਿਚ ਡਾ. ਰਿਜਬਨ ਕੌਰ ਦਾ ਇਹ ਪੀ.ਐੱਚ.ਡੀ. ਖੋਜ ਦਸਤਾਵੇਜ਼ ਹੈ, ਜੋ ਕਿਤਾਬੀ ਰੂਪ ਵਿਚ ਪਾਠਕਾਂ ਦੇ ਹੱਥਾਂ ਵਿਚ ਹੈ। 'ਸਿੱਖ ਰਹਿਤ ਮਰਯਾਦਾ: ਇਤਿਹਾਸਕ ਪਰਿਪੇਖ' ਵਿਚ 'ਸਿੱਖ ਰਹਿਤ ਮਰਯਾਦਾ' ਦੀ ਸਮੁੱਚੀ ਬਣਤਰ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਪਹਿਲੇ ਅਧਿਆਏ ਵਿਚ 'ਰਹਿਤ' ਦੇ ਅਰਥ ਅਤੇ ਸਰੂਪ ਉਪਰ ਚਾਨਣਾ ਪਾਇਆ ਗਿਆ ਹੈ। ਇਥੇ ਕੇਵਲ ਸਿੱਖ ਧਰਮ ਵਿਚ ਪ੍ਰਾਪਤ 'ਰਹਿਤ' ਨੂੰ ਹੀ ਅਧਾਰ ਨਹੀਂ ਬਣਾਇਆ ਗਿਆ, ਬਲਕਿ ਸੰਸਾਰ ਦੇ ਵੱਖਰੇ-ਵੱਖਰੇ ਧਰਮਾਂ 'ਚ ਪ੍ਰਾਪਤ 'ਰਹਿਤ' ਦੇ ਸੰਕਲਪ ਅਤੇ ਸਰੂਪ ਨੂੰ ਵੀ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। 'ਰਹਿਤ' ਦਾ ਤੁਲਨਾਤਮਕ ਪਰਿਪੇਖ 'ਸਿੱਖ ਰਹਿਤ' ਦੀ ਵਿਲੱਖਣਤਾ ਨੂੰ ਉਭਾਰਨ ਵਿਚ ਸਹਾਈ ਹੁੰਦਾ ਹੈ। ਦੂਜੇ ਅਧਿਆਇ ਵਿਚ 'ਸਿੱਖ ਰਹਿਤ ਮਰਯਾਦਾ' ਦੇ ਇਤਿਹਾਸਕ ਪਿਛੋਕੜ 'ਤੇ ਚਰਚਾ ਕੀਤੀ ਗਈ ਹੈ। 'ਸਿੱਖ ਰਹਿਤ ਮਰਯਾਦਾ' ਦੇ ਹੋਂਦ ਵਿਚ ਆਉਣ ਦੇ ਕਾਰਣ ਅਤੇ ਇਸ ਦੇ ਮੌਜੂਦਾ ਸਰੂਪ ਨੂੰ ਵਿਚਾਰਿਆ ਗਿਆ ਹੈ। ਪੁਸਤਕ ਦੇ ਤੀਜੇ ਅਧਿਆਇ ਵਿਚ 'ਸਿੱਖ ਰਹਿਤ ਮਰਯਾਦਾ' ਦਾ ਆਧਾਰ ਬਣੇ ਸਰੋਤਾਂ ਨੂੰ ਪਛਾਣਨ ਅਤੇ ਉਨ੍ਹਾਂ ਦੀ ਭੂਮਿਕਾ ਦੇ ਪ੍ਰਸੰਗ ਨੂੰ ਥਾਂ ਦਿੱਤੀ ਗਈ ਹੈ। ਇਸ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ', 'ਸ੍ਰੀ ਦਸਮ ਗ੍ਰੰਥ', 'ਭਾਈ ਗੁਰਦਾਸ ਜੀ ਦੀਆਂ ਵਾਰਾਂ ਸਮੇਤ ਹੋਰ ਇਤਿਹਾਸਕ ਸਰੋਤਾਂ, ਹੁਕਮਨਾਮਿਆਂ ਅਤੇ ਰਹਿਤਨਾਮਿਆਂ ਦੀ ਭੂਮਿਕਾ ਨੂੰ ਸ਼ਾਮਲ ਕੀਤਾ ਗਿਆ ਹੈ। ਪੁਸਤਕ ਦੇ ਚੌਥੇ ਅਧਿਆਇ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ 'ਸਿੱਖ ਰਹਿਤ ਮਰਯਾਦਾ' ਦੇ ਇਤਿਹਾਸ ਅਤੇ ਸਰੂਪ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਵਿਚ ਦਰਜ ਕੀਤੇ ਗਏ ਸਖਸ਼ੀ ਅਤੇ ਪੰਥਕ ਰਹਿਣੀ ਨੂੰ ਹਵਾਲਿਆ ਸਹਿਤ ਵਿਚਾਰਿਆ ਗਿਆ ਹੈ। 'ਸਿੱਖ ਰਹਿਤ ਮਰਯਾਦਾ' ਦੇ ਦੋਵੇਂ ਪੱਖਾਂ ਸਖਸ਼ੀ ਅਤੇ ਪੰਥਕ' ਰਹਿਣੀ ਨੂੰ ਸਮਾਜਿਕ ਅਤੇ ਅਧਿਆਤਮਕ ਹਵਾਲੇ ਨਾਲ ਇਸ ਅਧਿਆਇ 'ਚ ਪੇਸ਼ ਕੀਤਾ ਗਿਆ ਹੈ।

ਲੇਖਿਕਾ ਨੇ ਅੰਕਿਤ ਕੀਤਾ ਹੈ ਕਿ ਮਨੁੱਖੀ ਇਤਿਹਾਸ 'ਚ ਧਰਮ ਇਕ ਅਜਿਹੀ ਬਣਤਰ ਹੈ, ਜਿਸਦੇ ਰਾਹੀਂ ਮਨੁੱਖ ਨੇ ਜੀਵਨ ਹੋਂਦ ਬਾਬਤ ਸਭ ਤੋਂ ਵਧੇਰੇ ਚਿੰਤਨ ਕੀਤਾ ਹੈ। ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਮਨੁੱਖ ਅਤੇ ਧਰਮ ਦੀ ਹੋਂਦ ਇਕੋ ਸਮੇਂ ਬੱਝਦੀ ਹੈ। ਮਨੁੱਖੀ ਮਨ ਦਾ ਡਰ ਅਤੇ ਸ਼ਰਧਾ ਨੂੰ ਧਰਮ ਦਾ ਮੁੱਢਲਾ ਰੂਪ ਮੰਨਿਆ ਜਾਂਦਾ ਹੈ ਕਿਉਂਕਿ ਉਹ/ਮਨੁੱਖ ਆਲੇ-ਦੁਆਲੇ ਵਾਪਰ ਰਹੇ ਪਸਾਰੇ ਤੋਂ ਅਚੰਭਤ ਹੁੰਦਾ ਸੀ। ਜੰਮਣਾ, ਮਰਨਾ ਅਤੇ ਹੋਰ ਕੁਦਰਤੀ ਵਰਤਾਰਾ ਉਸ ਲਈ ਬੁਝਾਰਤ ਸੀ। ਅਗਿਆਤ ਪਤੀ ਅਜਿਹੀ ਭਾਵਨਾ ਤੋਂ ਧਰਮ ਦਾ ਮੁੱਢ ਬੱਝਿਆ ਪ੍ਰਵਾਨ ਕੀਤਾ ਜਾਂਦਾ ਹੈ। ਪ੍ਰਕ੍ਰਿਤੀ ਦੀ ਪੂਜਾ ਦੇ ਆਰੰਭ ਨੂੰ ਇਸੇ ਸੰਦਰਭ ਵਿਚ ਵੇਖਿਆ ਜਾ ਸਕਦਾ ਹੈ। ਧਰਮ ਦੀ ਪ੍ਰਾਚੀਨਤਾ ਬਾਰੇ ਮੈਕਸਮੂਲਰ ਦੀ ਟਿੱਪਣੀ ਦੇਣੀ ਵਾਜਬ ਲਗਦੀ ਹੈ, ਜਿਸ ਦਾ ਅਨੁਵਾਦ ਡਾ. ਤਾਰਨ ਸਿੰਘ ਨੇ ਕੁਝ ਇਸ ਤਰ੍ਹਾਂ ਕੀਤਾ ਹੈ "ਧਰਮ ਨਵੀਨ ਕਾਢ ਨਹੀਂ ਹੈ। ਜੋ ਇਹ ਇਤਨਾ ਪੁਰਾਤਨ ਨਹੀਂ ਹੈ, ਜਿਤਨਾ ਕਿ ਸੰਸਾਰ ਹੈ, ਤਾਂ ਇਹ ਘੱਟੋ-ਘੱਟ ਇਤਨਾ ਪੁਰਾਤਨ ਜ਼ਰੂਰ ਹੈ ਜਿਤਨੀ ਉਹ ਦੁਨੀਆਂ ਹੈ, ਜਿਸ ਦਾ ਸਾਨੂੰ ਗਿਆਨ ਹੈ। ਲਗਭਗ ਜਦੋਂ ਤੋਂ ਸਾਨੂੰ ਮਨੁੱਖ ਦੇ ਭਾਵਾਂ ਤੇ ਵਿਚਾਰਾਂ ਬਾਰੇ ਕੁਝ ਜਾਣਕਾਰੀ ਮਿਲਦੀ ਹੈ, ਉਦੋਂ ਤੋਂ ਹੀ ਇਹ ਪਤਾ ਲੱਗਦਾ ਹੈ ਕਿ ਉਸ ਦਾ ਧਰਮ ਹੈ ਸੀ, ਸਗੋਂ ਉਹ ਧਰਮ ਦੇ ਵੱਸ ਵਿਚ ਸੀ। ਜਿਤਨੇ ਵੀ ਪ੍ਰਾਚੀਨ ਗ੍ਰੰਥ ਜਿੱਥੇ ਵੀ ਰਚੇ ਗਏ ਹਨ, ਉਹ ਲਗਭਗ ਸਾਰੇ ਧਰਮ ਭਾਵਨਾ ਵਾਲੇ ਹਨ। ਇਸ ਲਈ ਹਰਡਰ ਕਹਿੰਦਾ ਹੈ ਕਿ ਸਾਡੀ ਦੁਨੀਆਂ ਦੇ ਸਾਰੇ ਉੱਤਮ ਸਭਿਆਚਾਰਾਂ ਦੀਆਂ ਜੜ੍ਹਾਂ ਧਾਰਮਿਕ ਰਵਾਇਤਾਂ ਵਿਚ ਹਨ, ਭਾਵੇਂ




ਡਾ. ਰਿਜਬਨ ਕੌਰ

ਉਹ ਰਵਾਇਤਾਂ ਲਿਖਤੀ ਜਾਂ ਮੌਖਿਕ ਸਾਹਿਤ ਨੇ ਬਾਪੀਆਂ। ਇਹ ਸਾਹਿਤ ਮਨੁੱਖੀ ਸੋਚ ਵਿਚ ਧਰਮ ਪ੍ਰਤੀ ਵਿਚਾਰਾਂ ਨੂੰ ਉਜਾਗਰ ਕਰਦੇ ਹਨ ਕਿਉਂਕਿ ਮਨੁੱਖ ਆਪਣੇ ਜੀਵਨ ਅਤੇ ਚੌਗਿਰਦੇ ਦੇ ਰਹੱਸ ਨੂੰ ਜਾਣਨ ਹਿਤ ਸਦੀਆਂ ਤੋਂ ਚਿੰਤਨ ਕਰਦਾ ਆ ਰਿਹਾ ਹੈ। "ਧਰਮ ਇਕ ਅਜਿਹਾ ਰਹੱਸ ਹੈ, ਜਿਸ ਨੂੰ ਹਰ ਮਨੁੱਖ ਆਪਣੀ ਅੰਤਰ-ਸੂਝ ਮੁਤਾਬਕ ਸਮਝਦਾ ਅਤੇ ਜਿਊਂਦਾ ਹੈ। ਮਨੁੱਖ ਕਿਉਂਕਿ ਸੰਵੇਦਨਸ਼ੀਲ ਹੈ, ਇਸ ਕਰਕੇ ਇਹ ਧਰਮ ਨੂੰ ਸਮਝਣ ਲਈ ਯਤਨਸ਼ੀਲ ਰਹਿੰਦਾ ਹੈ।

ਮਨੁੱਖੀ ਜੀਵਨ ਦਾ ਮਹੱਤਵਪੂਰਨ ਅੰਸ਼ ਹੋਣ ਕਾਰਨ ਅਤੇ ਸਮਾਜ ਨੂੰ ਨਿਯਮਤ ਰੂਪ ਵਿਚ ਚਲਾਉਣ ਲਈ ਧਰਮ ਦੀ ਹਮੇਸ਼ਾ ਲੋੜ ਰਹੀ ਹੈ। "ਧਰਮ ਨੂੰ ਸਮਾਜੀਕਰਨ ਅਤੇ ਸਮਾਜਿਕ ਕੰਟਰੋਲ ਦੀ ਅਹਿਮ ਏਜੰਸੀ ਵਜੋਂ ਵੀ ਸਵੀਕਾਰਿਆ ਜਾਂਦਾ ਹੈ। ਇਹ ਮਨੁੱਖੀ ਜੀਵਨ ਨੂੰ ਸ਼ੁਰੂ ਤੋਂ ਨਿਰਦੇਸ਼ਤ ਕਰਦਾ ਆਇਆ ਹੈ। ਦੁਨੀਆਂ ਵਿਚ ਵਿਭਿੰਨ ਧਰਮਾਂ ਦੀ ਹੋਂਦ ਸਮੇਂ ਦੀ ਤੋਰ ਦੇ ਸਮਾਨੰਤਰ ਇਕ ਅਜਿਹੇ ਬਦਲਵੇਂ ਰੂਪ ਦੀ ਖੋਜ ਵਿਚ ਰਹੀ ਹੈ, ਜਿਸ ਨਾਲ ਜੀਵਨ ਅਰਥਪੂਰਨ, ਸਾਰਥਿਕ ਅਤੇ ਜਿਉਣਯੋਗ ਨਜ਼ਰ ਆ ਸਕੇ। ਧਰਮ ਜਿੱਥੇ ਇਕ ਪਾਸੇ ਦਰਸ਼ਨ ਨਾਲ ਸੰਬੰਧਿਤ ਹੈ, ਉੱਥੇ ਦੂਜੇ ਪਾਸੇ ਇਹ ਇਕ ਜੀਵਨ-ਜਾਚ ਹੈ। ਇਹ ਸਿਧਾਂਤ ਅਤੇ ਵਿਹਾਰ ਦਾ ਅਜਿਹਾ ਵਿਲੱਖਣ ਸੰਯੋਗ ਹੈ, ਜਿਸ ਦੇ ਰਾਹੀਂ ਮਨੁੱਖ ਨੇ ਬਹੁਤ ਕੁਝ ਨਵਾਂ ਅਤੇ ਵੱਖਰਾ ਕੀਤਾ ਹੈ। ਇਸ ਲਈ ਧਰਮ ਸਰਵ ਸਮਿਆਂ ਲਈ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ।

ਧਰਮ ਨੂੰ ਅੰਗਰੇਜ਼ੀ ਵਿਚ ਰਿਲੀਜਨ ਨਾਲ ਜਾਣਿਆ ਜਾਂਦਾ ਹੈ। ਰਿਲੀਜਨ ਸ਼ਬਦ ਦਾ ਮੁੱਢ ਰੋਮਨ ਤੋਂ ਮੰਨਿਆ ਜਾਂਦਾ ਹੈ। ਜਿਸ ਦੇ ਅਰਥ 'ਮੁੜ ਤੋਂ ਬੰਨ੍ਹਣ' ਦੇ ਕੀਤੇ ਮਿਲਦੇ ਹਨ। ਮਨੁੱਖ ਜਿੱਥੋਂ ਆਇਆ ਹੈ, ਉਸੇ ਵੱਲ ਉਸ ਨੂੰ ਮੁੜ ਤੋਂ ਜੋੜਨਾ ਹੈ। ਦੂਜੇ ਪਾਸੇ ਧਰਮ ਦਾ ਅਰਥ ਨਿਯਮ, ਕਾਨੂੰਨ, ਫ਼ਰਜ਼, ਕਰਤੱਵ ਆਦਿ ਵੀ ਲਿਆ ਜਾਂਦਾ ਹੈ। ਇਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ 'ਚ ਧਰਮ ਦਾ ਅਰਥ ਪਵਿੱਤਰ ਵਿਧਾਨ, ਕਰਤੱਵ, ਨਿਆਂ ਅਤੇ ਧਾਰਮਿਕ ਸ੍ਰੇਸ਼ਟਤਾ ਆਦਿ ਕੀਤੇ ਗਏ ਹਨ। "ਧਰਮ ਸ਼ਬਦ ਦੇ ਅਰਥ ਹਨ: ਅਕੀਦਾ, ਧਰਮਗਤਾ, ਅੰਤਿਮ ਸੱਚਾਈ ਬਾਰੇ ਮਨੁੱਖ ਦੀ ਰੁਚੀ, ਪ੍ਰਮਾਤਮਾ ਦੀ ਹੋਂਦ ਬਾਰੇ ਆਪਣਾ ਨਿੱਜੀ ਤਜਰਬਾ, ਅਧਿਆਤਮਕ ਅਸਲੀਅਤ ਵਿਚ ਵਿਸ਼ਵਾਸ ਇਤਿਆਦਿ। ਧਰਮ ਵਿਚ ਕੁਝ ਮਨੁੱਖੀ ਵਿਚਾਰ, ਆਦਰਸ਼, ਰਹੁ-ਰੀਤੀਆਂ ਤੇ ਸੰਸਥਾਵਾਂ ਸ਼ਾਮਲ ਹਨ... ਸ਼ਬਦ 'ਧਰਮ' ਦਾ ਅਸਲੀ ਅਰਥ ਹੈ, ਕਿਸੇ ਨੂੰ ਆਸਰਾ ਦੇਣਾ, ਸਹਾਰਾ ਦੇਣਾ। ਇਹ




'ਧਰਮ' ਉਹ ਹੈ, ਜਿਹੜਾ ਕਿਸੇ ਚੀਜ਼ (ਅਸੂਲ) ਨੂੰ ਥੰਮ੍ਹਦਾ, ਬਣਾਈ ਰੱਖਦਾ ਜਾਂ ਕਾਇਮ ਰੱਖਦਾ ਹੈ। ਇਸ ਤਰ੍ਹਾਂ ਧਰਮ ਮਨੁੱਖ ਲਈ ਕੁਝ ਨਿਯਮ ਨਿਰਧਾਰਿਤ ਕਰਦਾ ਹੈ, ਜਿਸ ਅਨੁਸਾਰ ਉਸ ਨੇ ਆਪਣਾ ਜੀਵਨ ਬਤੀਤ ਕਰਨਾ ਹੈ ਅਤੇ ਆਪਣੇ ਅਸਲ ਮਨੋਰਥ ਜਾਂ ਮੂਲ ਵੱਲ ਨੂੰ ਪਰਤਣਾ ਹੈ। ਆਮ ਤੌਰ ਤੇ 'ਰਹਿਤ' ਦਾ ਸ਼ਾਬਦਿਕ ਅਰਥ ਜੀਵਨ ਜਿਊਣ ਦੀ ਜਾਚ ਜਾਂ ਜੀਵਨ ਦੇ ਰਹਿਣ-ਸਹਿਣ ਦਾ ਤਰੀਕੇ ਤੋਂ ਲਿਆ ਜਾਂਦਾ ਹੈ।

ਡਾ. ਅਬਨੀਸ਼ ਕੌਰ ਇਸ ਪੁਸਤਕ ਦੀ ਭੂਮਿਕਾ ਵਿਚ ਲਿਖਦੀ ਹੈ, ਸਿੱਖ ਧਰਮ ਦੇ ਧਾਰਮਿਕ ਨਿਯਮ 'ਸਿੱਖ ਰਹਿਤ ਮਰਯਾਦਾ' ਵਿਚ ਦਰਜ ਹਨ। 'ਸਿੱਖ ਰਹਿਤ ਮਰਯਾਦਾ' ਸਿੱਖਾਂ ਦੀ ਨੈਤਿਕ ਅਤੇ ਅਧਿਆਤਮਕ ਅਗਵਾਈ ਲਈ ਸਿਰਜਿਆ ਅਹਿਮ ਦਸਤਾਵੇਜ਼ ਹੈ। ਇਕ ਸਿੱਖ ਨੇ ਕਿਹੋ ਜਿਹਾ ਅਤੇ ਕਿਵੇਂ ਦਾ ਜੀਵਨ ਬਤੀਤ ਕਰਨਾ ਹੈ, ਉਸ ਬਾਰੇ 'ਸਿੱਖ ਰਹਿਤ ਮਰਯਾਦਾ' ਵਿਚ ਨਿਰਦੇਸ਼ ਅਤੇ ਸੋਝੀ ਮੌਜੂਦ ਹੈ। ਧਰਮ ਰੂਹਾਨੀ ਅਨੁਭਵ ਅਤੇ ਸਾਰਥਕ ਜੀਵਨ-ਜਾਚ ਦਾ ਮੂਲ ਸਰੋਤ ਹੈ। ਮਨੁੱਖੀ ਜੀਵਨ ਨੂੰ ਉਚੇਰੇ ਆਦਰਸ਼ ਨਾਲ ਜੋੜਨ ਲਈ ਧਰਮ ਦੀ ਆਧਾਰਭੂਤ ਭੂਮਿਕਾ ਹੈ। ਸੰਸਾਰ ਦੇ ਸਾਰੇ ਧਰਮ ਮਨੁੱਖ ਜੀਵਨ ਦੇ ਉਚੇਰੇ ਰੂਪ ਨੂੰ ਤਲਾਸ਼ਣ ਅਤੇ ਸਿਰਜਣ ਲਈ ਯਤਨਸ਼ੀਲ ਰਹੇ ਹਨ। ਹਰ ਧਰਮ ਦਾ ਉਦੇਸ਼ ਮਨੁੱਖ ਨੂੰ ਅਧਿਆਤਮਕ ਅਨੁਭਵ ਦੀ ਗਹਿਰਾਈ ਦੇਣਾ ਅਤੇ ਨੈਤਿਕ ਪੱਖੋਂ ਠੀਕ ਜੀਵਨ ਜਿਉਣ ਲਈ ਦ੍ਰਿੜ੍ਹ ਕਰਨਾ ਹੈ। ਹਰ ਧਰਮ ਵਿਚ ਅਨੁਯਾਈਆਂ ਲਈ ਅਧਿਆਤਮ ਦੇ ਸਫ਼ਰ ਲਈ ਅਤੇ ਚੰਗਾ ਜੀਵਨ ਹੰਢਾਉਣ ਲਈ ਜ਼ਾਹਰਾ ਅਤੇ ਸੂਖ਼ਮ, ਦੋਵਾਂ ਰੂਪਾਂ ਵਿਚ ਸੂਤਰ ਮੌਜੂਦ ਹਨ। ਇਨ੍ਹਾਂ ਸੂਤਰਾਂ ਰਾਹੀਂ ਧਰਮ ਦੇ ਰਾਹ ਦੀ ਸੂਝ ਮਿਲਦੀ ਹੈ, ਚੰਗੇ ਅਤੇ ਬੁਰੇ ਦਾ ਫ਼ਰਕ ਪਤਾ ਲੱਗਦਾ ਹੈ, ਕੀ ਕਰਨਾ ਹੈ ਅਤੇ ਕੀ ਨਹੀਂ ਦੀ ਦੁਬਿਧਾ ਦੂਰ ਹੁੰਦੀ ਹੈ। ਗੁਰੂ ਦੁਆਰਾ ਦੱਸੇ ਮਾਰਗ ਨਾਲ ਜੀਵਨ ਨੂੰ ਸਾਰਥਕ ਕਰਨ ਦੀ ਪ੍ਰਕਿਰਿਆ ਸੰਭਵ ਹੁੰਦੀ ਹੈ। ਧਰਮ ਦੇ ਸੰਗਠਿਤ ਰੂਪ ਵਿਚ ਜੀਵਨ ਨੂੰ ਸੇਧਿਤ ਕਰਨ ਲਈ ਨਿਯਮਾਂ ਦਾ ਪ੍ਰਬੰਧ ਬਣਾਇਆ ਜਾਂਦਾ ਹੈ। ਇਸ ਪ੍ਰਬੰਧ ਦਾ ਮੂਲ ਜੀਵਨ ਦੀਆਂ ਗਹਿਰੀਆਂ ਰਮਜ਼ਾਂ ਅਤੇ ਸੂਖ਼ਮ ਰਾਹਾਂ ਨੂੰ ਸੁਰੱਖਿਅਤ ਰੱਖਣਾ ਹੁੰਦਾ ਹੈ। ਧਰਮ ਵਿਚ ਅਨੁਯਾਈਆਂ ਨੂੰ ਮੁਕਤੀ ਮਾਰਗ ਤੇ ਚੱਲਣ ਲਈ ਤਾਕੀਦ ਕੀਤੀ ਗਈ ਹੁੰਦੀ ਹੈ। ਏਸੇ ਅਦੇਸ਼ ਵਿਚ ਕੁਝ ਨਿਯਮ ਵਿਸ਼ੇਸ਼ ਹੁੰਦੇ ਹਨ। ਇਨ੍ਹਾਂ ਦਾ ਨਾਤਾ ਅਧਿਆਤਮ ਨਾਲ ਹੁੰਦਾ ਹੈ ਅਤੇ ਰੀਤਾਂ ਰਸਮਾਂ ਅਤੇ ਸੰਸਕਾਰਾਂ ਦਾ ਮਿਸ਼ਰਨ ਵੀ ਹੁੰਦਾ ਹੈ। ਧਰਮ ਵਿਸ਼ੇਸ਼ ਦੇ ਅਨੁਯਾਈ ਨੇ ਮੁੱਢਲੇ ਰੂਪ ਵਿਚ ਇਨ੍ਹਾਂ ਨਿਯਮਾਂ ਜਾਂ ਜੀਵਨ-ਵਿਧੀਆਂ ਨੂੰ ਧਾਰਨ ਕਰਨਾ ਹੁੰਦਾ ਹੈ ਅਤੇ ਇਨ੍ਹਾਂ 'ਤੇ ਨਿਰੰਤਰ ਚੱਲਣਾ ਹੁੰਦਾ ਹੈ।

ਉਹ ਨੈਤਿਕ ਅਤੇ ਸੰਸਾਰ ਲਈ ਕਲਿਆਣਕਾਰੀ ਹੁੰਦਾ ਹੈ ਪਰ ਧਰਮ ਦੇ ਰਸਤੇ ਦੇ ਆਰੰਭਲੇ ਪੜਾਅ ਵਿਚ ਤੈਅ ਕੀਤੀ ਜੀਵਨ ਜਾਚ ਨੂੰ ਜਿਉਣ ਦੀ ਬਹੁਤ ਅਹਿਮੀਅਤ ਹੈ।

ਲੇਖਿਕਾ ਅਨੁਸਾਰ ਦਇਆ ਧਰਮ ਦਾ ਮੂਲ ਹੈ ਤੇ ਧਰਮ ਦਇਆ ਤੋਂ ਹੀ ਸ਼ੁਰੂ ਹੁੰਦਾ ਹੈ। ਦਇਆ ਤੋਂ ਬਿਨਾਂ ਕੋਈ ਧਰਮ, ਧਰਮ ਨਹੀਂ ਰਹਿ ਜਾਂਦਾ ਜ਼ੁਲਮ ਹੋ ਨਿਬੜਦਾ ਹੈ। ਉਹ ਆਪ ਫਰਮਾਂਦੇ ਹਨ: "ਪਾਪ ਕਰੋ ਪਰਮਾਰਥ ਹੈ ਜਿਹ ਪਾਪਨ ਤੇ ਅਤਿ ਪਾਪ ਲਜਾਈ। ਦਇਆ ਤੇ ਧਰਮ ਦੇ ਸੁਮੇਲ ਨਾਲ ਮਨ ਵਿਚ ਆਪਣੇ ਆਪ ਹਿੰਮਤ ਪੈਦਾ ਹੁੰਦੀ ਹੈ। ਇਹ ਹਿੰਮਤ ਫਿਰ ਦ੍ਰਿੜ੍ਹਤਾ ਦਾ ਆਧਾਰ ਹੈ ਤੇ ਇਹ ਦ੍ਰਿੜ੍ਹਤਾ ਹੀ ਮੁਹਕਮ ਹੈ। ਇਹ ਸਾਰੇ ਗੁਣ ਦਇਆ, ਧਰਮ, ਹਿੰਮਤ, ਤੇ ਮੁਹਕਮ (ਦ੍ਰਿੜ੍ਹਤਾ) ਰਲ ਕੇ ਸਾਹਿਬ ਅਰਥਾਤ ਪ੍ਰਭੂ ਦਾ ਲੱਛਣ ਬਣਦੇ ਹਨ। ਗੁਰੂ ਗੋਬਿੰਦ ਸਿੰਘ ਨੇ ਇਹ ਪੰਜ ਪਿਆਰੇ, ਇਨ੍ਹਾਂ ਪੰਜ ਭੌਤਿਕ ਤੱਤਾਂ ਦੇ ਸਮਾਂਤਰ ਥਾਪ ਕੇ ਆਪਣੇ ਸੰਕਲਪ ਦੀ ਸਮਾਜ ਉਸਾਰੀ ਦਾ ਮੁੱਢ ਬੰਨ੍ਹਿਆ। ਇਹ ਪੰਜ ਪਿਆਰੇ ਇਨ੍ਹਾਂ ਪੰਜਾਂ ਭੌਤਿਕ ਤੱਤਾਂ ਦੇ ਸਮਾਂਤਰ, ਆਪਣੇ ਪੰਜ ਲੱਛਣਾ- ਦਇਆ, ਧਰਮ, ਹਿੰਮਤ, ਮੁਹਕਮ (ਦ੍ਰਿੜ੍ਹਤਾ) ਅਤੇ ਸਾਹਿਬ, ਦੇ ਜੋੜ ਨਾਲ ਉਸੇ ਤਰ੍ਹਾਂ, ਉਨ੍ਹਾਂ ਦੇ ਸੰਕਲਪ ਵਾਲੇ ਖ਼ਾਲਸਾ ਸਮਾਜ ਨੂੰ ਉਸਾਰ ਲੈਣਗੇ, ਜਿਵੇਂ ਪੰਜ ਭੌਤਿਕ ਤੱਤਾਂ ਨੇ ਸਾਰੀ ਕਾਇਨਾਤ ਉਸਾਰੀ ਹੈ। 'ਅੰਮ੍ਰਿਤ ਸੰਸਕਾਰ' ਗੁਰੂ ਜੀ ਵੱਲੋਂ ਥਾਪਿਆ ਵਿਧਾਨ ਹੈ, ਜਿਸ ਉੱਪਰ ਨਿਸ਼ਚੇ ਨਾਲ ਚੱਲਣ ਲਈ 'ਗੁਰੂ' ਦੀ ਅਗਵਾਈ ਦੀ ਜ਼ਰੂਰਤ ਹੁੰਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅੰਮ੍ਰਿਤ ਸੰਸਕਾਰ ਬਾਬਤ ਲਿਖਦੇ ਹਨ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਦੀਵਾਨ ਦੇ ਪੰਜ ਚੁਣੇ ਹੋਏ ਖੜਗਧਾਰੀ ਸਿੰਘ ਕਰਣੀ ਦੇ ਪੂਰੇ ਸਰਬਲੋਹ ਦੇ ਬਰਤਨ ਵਿਚ ਜਲ ਅਤੇ ਪਤਾਸੇ ਮਿਲਾਕੇ ਯਥਾ ਕ੍ਰਮ "ਵੀਰਾਸਨ" ਲਗਾਕੇ ਖੰਡਾ ਫੇਰਦੇ ਹੋਏ ਇੱਕ ਮਨ ਹੋ ਕੇ ਜਪੁ, ਜਾਪੁ, ਸਵੈਯੇ, ਚੌਪਈ ਅਤੇ ਅਨੰਦ ਦਾ ਪਾਠ ਕਰਨ, ਬਾਣੀ ਦਾ ਭੋਗ ਪਾ ਕੇ ਅਰਦਾਸਾ ਸੋਧ ਕੇ ਅੰਮ੍ਰਿਤ ਛਕਾਇਆ ਜਾਵੇ। ਇਸ ਪੁਸਤਕ ਦਾ ਪ੍ਰਕਾਸ਼ਨ ਸਤਪਰਿਸ਼ੀ ਪਬਲੀਕੇਸ਼ਨ ਵੱਲੋਂ ਕੀਤਾ ਗਿਆ ਹੈ, ਇਕ ਸੌ ਸੱਠ ਪੰਨਿਆਂ ਦੀ ਕੀਮਤ 225 ਰੁਪਏ ਹੈ।

ਉਮੀਦ ਹੈ ਇਸ ਪੁਸਤਕ ਨਾਲ 'ਸਿੱਖ ਰਹਿਤ ਮਰਯਾਦਾ' ਦੀ ਲੋੜ ਅਤੇ ਅਹਿਮੀਅਤ ਨੂੰ ਸਮਝਣ ਵਿਚ ਮਦਦ ਮਿਲੇਗੀ। ਇਹ ਪੁਸਤਕ 'ਸਿੱਖ ਰਹਿਤ ਮਰਯਾਦਾ' ਨਾਲ ਸੰਵਾਦ ਹੈ, ਇਸ ਦਾ ਉਦੇਸ਼ ਧਰਮ ਅਤੇ ਅਕਾਦਮਿਕਤਾ ਦੇ ਰਿਸ਼ਤੇ ਨੂੰ ਮਜ਼ਬੂਤ ਕਰਨਾ ਵੀ ਹੈ।

## 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਅੱਜਕੱਲ੍ਹ ਦੇ ਰਿਸ਼ਤੇ ਝੂਠ ਬੋਲਣ ਨਾਲ ਨਹੀਂ, ਬਲਕਿ ਸੱਚ ਬੋਲਣ ਨਾਲ ਟੁੱਟ ਜਾਂਦੇ ਨੇ।
- ਜਦੋਂ ਚਾਰੇ ਪਾਸੇ ਕੂੜ ਪ੍ਰਚਾਰਿਆ ਜਾ ਰਿਹਾ ਹੋਵੇ, ਤਾਂ ਸੱਚ ਬਿਆਨ ਕਰਨਾ ਵੀ ਇਨਕਲਾਬੀ ਕਦਮ ਹੁੰਦਾ ਹੈ। (ਜੋਰਿਜ ਓਰਵਿਲ)
- ਆਪਣੀ ਔਲਾਦ ਨੂੰ ਵਿਦੇਸ਼ਾਂ ਵਿਚ ਭੇਜਣ ਵਾਲਿਆਂ ਨੂੰ ਅਪੀਲ ਹੈ ਕਿ ਗਵਾਂਢੀਆਂ ਨਾਲ ਸਬੰਧ ਵਧੀਆ ਰੱਖੋ ਕਿਉਂਕਿ ਮੋਰਚਰੀ ਵਿਚ ਛੱਡ ਕੇ ਆਉਣ ਦਾ ਫਰਜ਼ ਗਵਾਂਢੀਆਂ ਨੇ ਹੀ ਨਿਭਾਉਣਾ ਹੈ।
- ਅੱਜ ਦੇ ਰਿਸ਼ਤਿਆਂ ਨਾਲੋਂ ਤਾਂ ਮੋਬਾਈਲ ਫੋਨ ਦੀ ਬੈਟਰੀ ਸਿਆਣੀ ਹੈ, ਖਤਮ ਹੋਣ ਤੋਂ ਪਹਿਲਾਂ ਸੁਚੇਤ ਕਰ ਦੇਂਦੀ ਹੈ।
- ਜਦੋਂ ਭੇਤੀ ਦੁਸ਼ਮਣਾਂ ਨਾਲ ਰਲ ਜਾਣ, ਤਾਂ ਸ਼ੇਰ ਵੀ ਕੁੱਤਿਆਂ ਹੱਥੋਂ ਮਾਰੇ ਜਾ ਸਕਦੇ ਹਨ।
- ਮੌਜੂਦਾ ਹਾਲਾਤਾਂ ਦੀ ਤਰਜਮਾਨੀ :- ਅੰਨ੍ਹੇ ਦੇਣ ਗਵਾਹੀਆਂ ਅਤੇ ਬੋਲੇ ਸੁਣਨ ਦਲੀਲ, ਅੱਜ ਝੂਠੇ ਜਿੱਤਣ ਬਾਜ਼ੀਆਂ ਤੇ ਸੱਚੇ ਹੋਣ ਜਲੀਲ।
- ਅੱਜ ਬੇਈਮਾਨੀ ਦੇ ਜ਼ਮਾਨੇ ਵਿਚ ਜੇ ਕਿਸੇ 'ਤੇ ਕੋਈ ਦੋਸ਼ ਵੀ ਲਾਉਣਾ ਹੋਵੇ, ਤਾਂ ਤਾਰੀਫ਼ (ਸਿਫ਼ਤਾਂ) ਦਾ ਪਹਿਰਾਵਾ ਪੁਆ ਕੇ ਲਾਇਆ ਜਾਂਦਾ ਹੈ।
- ਇਤਿਹਾਸ ਗਵਾਹ ਹੈ ਕਿ ਇਨਸਾਨ ਜਿਸ ਦਾ ਮੁਕਾਬਲਾ ਨਹੀਂ ਕਰ ਸਕਦਾ, ਉਸ ਦੀ ਬੁਰਾਈ ਕਰਨੀ ਸ਼ੁਰੂ ਕਰ ਦੇਂਦਾ ਹੈ।

(Punjab Mail USA)

# ਤਾੜੀ ਨਾਲ ਲੜਦਾ ਮੱਧ ਵਰਗ

ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ,
ਹਿਸਾਰ, (ਹਰਿਆਣਾ)
ਮੋ : 70153-75570
(Punjab Mail USA)



ਭਾਰਤੀ ਮੱਧ ਵਰਗ ਦਾ ਸੰਘਰਸ਼ ਕਦੇ ਖਤਮ ਕਿਉਂ ਨਹੀਂ ਹੁੰਦਾ? ਭਾਰਤੀ ਮੱਧ ਵਰਗ ਉਹ ਵਰਗ ਹੈ, ਜਿਸ ਨੇ ਸਮਾਜ ਵਿਚ ਆਪਣੀ ਇੱਜ਼ਤ ਬਣਾਈ ਰੱਖਣੀ ਹੁੰਦੀ ਹੈ। ਬੱਚਿਆਂ ਦੀ ਪੜ੍ਹਾਈ ਵੱਲ ਪੂਰਾ ਧਿਆਨ ਦੇਣ ਦੀ ਲੋੜ ਹੈ ਅਤੇ ਸਮਾਜ ਵਿਚ ਕੀ ਹੋ ਰਿਹਾ ਹੈ? ਇਸ ਦਾ ਧਿਆਨ ਰੱਖਣਾ ਵੀ ਜ਼ਰੂਰੀ ਹੈ। ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਵਿਆਹ 'ਤੇ ਵੀ ਕਾਫੀ ਪੈਸਾ ਖਰਚ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਜਦੋਂ ਕਿਸੇ ਹੋਰ ਦੇ ਸਥਾਨ 'ਤੇ ਵੀ ਕੋਈ ਸਮਾਗਮ ਹੁੰਦਾ ਹੈ, ਤਾਂ ਉਨ੍ਹਾਂ ਨੂੰ ਖੁਦ ਹੀ ਚੰਗੇ ਕੱਪੜਿਆਂ ਦਾ ਪ੍ਰਬੰਧ ਕਰਨਾ ਪੈਂਦਾ ਹੈ, ਜਿਸ ਨਾਲ ਉਨ੍ਹਾਂ ਦੀ ਆਰਥਿਕਤਾ ਕਮਜ਼ੋਰ ਹੁੰਦੀ ਹੈ, ਜਿਸ ਕਾਰਨ ਉਹ ਚਿੰਤਤ ਰਹਿੰਦੇ ਹਨ। ਇਨ੍ਹਾਂ ਲੋਕਾਂ ਵਿਚ ਕਾਬਲੀਅਤ ਦੀ ਕੋਈ ਕਮੀ ਨਹੀਂ ਹੈ। ਜੇਕਰ ਉਨ੍ਹਾਂ ਕੋਲ ਕੋਈ ਕਮੀ ਹੈ, ਤਾਂ ਇਹ ਪੈਸੇ ਦੀ ਕਮੀ ਹੈ। ਉੱਚ ਵਰਗ ਦੇ ਬਰਾਬਰ ਬੌਧਿਕ ਪੱਧਰ ਹੋਣ ਦੇ ਬਾਵਜੂਦ ਪੈਸੇ ਦੀ ਘਾਟ ਕਾਰਨ ਉਹ ਹਾਰ ਜਾਂਦੇ ਹਨ। ਇਸ ਕਾਰਨ ਉਹ ਅਕਸਰ ਤਣਾਅ ਵਿਚ ਵੀ ਰਹਿੰਦੇ ਹਨ। ਮੱਧ ਵਰਗ ਦੇ ਲੋਕ ਜੋ ਚੰਗੀ ਕਮਾਈ ਕਰਨ ਲੱਗ ਜਾਂਦੇ ਹਨ, ਉਹ ਮੱਧ ਵਰਗ ਛੱਡ ਕੇ ਉੱਚ ਵਰਗ ਵਿਚ ਸ਼ਾਮਲ ਹੋ ਜਾਂਦੇ ਹਨ।

ਇਨ੍ਹਾਂ ਲੋਕਾਂ ਦੀਆਂ ਚਿੰਤਾਵਾਂ ਦਾ ਕੋਈ ਅੰਤ ਨਹੀਂ ਹੈ। ਕਿਉਂਕਿ ਉਹ ਆਪਣੀ ਸਾਰੀ ਉਮਰ ਬੱਚਿਆਂ ਨੂੰ ਯੋਗ ਬਣਾਉਣ ਵਿਚ ਲਗਾ ਦਿੰਦੇ ਹਨ। ਫਿਰ ਉਸ ਹਿਸਾਬ ਨਾਲ ਬੱਚਿਆਂ ਦੇ ਵਿਆਹ ਜਾਂ ਨੌਕਰੀ ਨਾ ਮਿਲਣ 'ਤੇ ਵੀ ਚਿੰਤਾ ਰਹਿੰਦੀ ਹੈ। ਆਪਣੀ ਇੱਜ਼ਤ ਬਰਕਰਾਰ ਰੱਖਣ ਲਈ ਉਹ ਆਪਣਾ ਦੁੱਖ-ਦਰਦ ਕਿਸੇ ਨੂੰ ਨਹੀਂ ਦੱਸਦਾ। ਕਈ ਵਾਰ ਦੂਜਿਆਂ ਨਾਲ ਗੱਲ ਕਰਕੇ ਕੋਈ ਹੱਲ ਲੱਭ ਲਿਆ ਜਾਂਦਾ ਹੈ। ਪਰ ਇਹ ਲੋਕ ਅਜਿਹਾ ਨਾ ਕਹਿਣ ਕਾਰਨ ਉਨ੍ਹਾਂ ਨੂੰ ਹੱਲ ਨਹੀਂ ਨਿਕਲਦਾ ਅਤੇ ਉਹ ਚਿੰਤਾਵਾਂ ਵਿਚ ਘਿਰ ਜਾਂਦੇ ਹਨ। ਜੇ ਤੁਸੀਂ ਇੱਕ ਸਮੱਸਿਆ ਨੂੰ ਹੱਲ ਕਰਦੇ ਹੋ, ਤਾਂ ਇੱਕ ਹੋਰ ਸਮੱਸਿਆ ਇਸ ਤਰ੍ਹਾਂ ਆਉਂਦੀ ਹੈ, ਜਿਸ 'ਤੇ ਮਹਿੰਗਾਈ ਦੇ ਯੁੱਗ 'ਚ ਪੈਸਾ ਖਰਚ ਕਰਨਾ ਸੰਭਵ ਨਹੀਂ ਹੈ। ਇਸ ਕਰਕੇ ਮੱਧ ਵਰਗ ਦਾ ਸੰਘਰਸ਼ ਖਤਮ ਨਹੀਂ ਹੁੰਦਾ ਅਤੇ ਲਗਾਤਾਰ ਜਾਰੀ ਰਹਿੰਦਾ ਹੈ। ਉਨ੍ਹਾਂ ਨੂੰ ਕੁਝ ਰਾਹਤ ਉਦੋਂ ਹੀ ਮਿਲਦੀ ਹੈ, ਜਦੋਂ ਪਰਿਵਾਰ ਦੇ ਬੱਚੇ ਚੰਗੀ ਨੌਕਰੀ ਵਿਚ ਅੱਗੇ ਆਉਂਦੇ ਹਨ। ਮੱਧ ਵਰਗ ਨੂੰ ਕਿਰਤ ਅਤੇ ਪੂੰਜੀ ਦੇ ਵਿਚਕਾਰ ਰੱਖਿਆ ਗਿਆ ਹੈ। ਇਹ ਨਾ ਤਾਂ ਸਿੱਧੇ ਤੌਰ 'ਤੇ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਰੱਖਦਾ ਹੈ, ਜੋ ਮਜ਼ਦੂਰੀ ਕਿਰਤ ਸ਼ਕਤੀ ਦੁਆਰਾ ਪੈਦਾ ਹੋਏ ਵਾਧੂ ਨੂੰ ਬਾਹਰ ਕੱਢਦਾ ਹੈ ਅਤੇ ਨਾ ਹੀ ਇਹ ਆਪਣੀ ਕਿਰਤ ਦੁਆਰਾ ਉਹ ਸਰਪਲੱਸ ਪੈਦਾ ਕਰਦਾ ਹੈ, ਜਿਸਦਾ ਉਪਯੋਗ ਅਤੇ ਵਟਾਂਦਰਾ ਮੁੱਲ ਹੁੰਦਾ ਹੈ।

ਮੱਧ ਵਰਗ ਵਿਚ ਮੁੱਖ ਤੌਰ 'ਤੇ ਛੋਟੇ ਸਰਮਾਏਦਾਰ ਅਤੇ ਸਫ਼ੈਦ ਕਾਲਰ ਮਜ਼ਦੂਰ ਸ਼ਾਮਲ ਹੁੰਦੇ ਹਨ। ਕਿੱਤੇ ਦੀ ਗੱਲ ਕਰੀਏ ਤਾਂ ਦੁਕਾਨਦਾਰ, ਸੇਲਜ਼ਮੈਨ, ਦਲਾਲ, ਸਰਕਾਰੀ ਅਤੇ ਗੈਰ-ਸਰਕਾਰੀ ਦਫਤਰੀ ਕਰਮਚਾਰੀ, ਸੁਪਰਵਾਈਜ਼ਰ ਅਤੇ ਪੇਸ਼ੇਵਰ ਜਿਵੇਂ ਇੰਜੀਨੀਅਰ, ਡਾਕਟਰ ਆਦਿ ਮੱਧ ਵਰਗ ਦਾ ਗਠਨ ਕਰਦੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਕਿੱਤਿਆਂ ਲਈ ਘੱਟੋ-ਘੱਟ ਕੁਝ ਡਿਗਰੀ ਰਸਮੀ ਸਿੱਖਿਆ ਦੀ ਲੋੜ ਹੁੰਦੀ ਹੈ। ਮੱਧ ਵਰਗ ਮੁੱਖ ਤੌਰ 'ਤੇ 19ਵੀਂ ਅਤੇ 20ਵੀਂ ਸਦੀ ਵਿਚ ਪੂੰਜੀਵਾਦੀ ਵਿਕਾਸ ਅਤੇ ਰਾਜ ਦੇ ਕਾਰਜਾਂ ਦੇ ਵਿਸਥਾਰ ਦਾ ਨਤੀਜਾ ਹੈ। ਮੋਦੀ ਦੇ ਭਾਰਤ ਵਿਚ ਇਹ ਪਰਿਵਾਰ ਡਿਗਰੀਆਂ ਅਤੇ ਹੁਨਰ ਸਿਖਲਾਈ ਦੀ ਲੋੜ ਦੇ ਨਾਲ, ਮੱਧ ਵਰਗ ਹੋਣ ਦਾ ਦਿਖਾਵਾ ਕਰਨ ਵਾਲੀਆਂ ਨੌਕਰੀਆਂ ਵਿਚ ਮਜ਼ਦੂਰ ਵਰਗ ਦੀਆਂ ਸਥਿਤੀਆਂ ਦੇ ਭੁਲੇਖੇ ਵਿਚ ਫਸੇ ਹੋਏ ਹਨ। ਮੱਧ ਵਰਗ ਦੇ ਨੌਜਵਾਨਾਂ ਲਈ ਨੌਕਰੀ ਦੀ ਸਿਖਲਾਈ ਵਿਚ ਸਰਕਾਰੀ ਨਿਵੇਸ਼ ਸੁਰੱਖਿਅਤ ਅਤੇ ਨਿਰਪੱਖ ਉਸਾਰੀ ਨਾਲ ਮੇਲ ਨਹੀਂ ਖਾਂਦਾ। ਬਹੁਤ ਸਾਰੇ ਲੋਕ ਘੱਟ ਲਾਗਤ ਵਾਲੇ ਸਰਕਾਰੀ ਕੇਂਦਰਾਂ ਜਾਂ ਗੈਰ-ਸਰਕਾਰੀ ਸੰਸਥਾਵਾਂ ਵਿਚ ਕੰਪਿਊਟਰ ਅਤੇ ਅੰਗਰੇਜ਼ੀ ਬੋਲਣ ਵਿਚ ਸਿਖਲਾਈ ਪ੍ਰਾਪਤ ਹੋਣ ਬਾਰੇ ਸ਼ਿਕਾਇਤ ਕਰਦੇ ਹਨ, ਪਰ ਉਹ ਅਜਿਹਾ ਕੰਮ ਕਰਦੇ ਹਨ, ਜਿਸ ਲਈ ਇਨ੍ਹਾਂ ਹੁਨਰਾਂ ਦੀ ਬਿਲਕੁਲ ਲੋੜ ਨਹੀਂ ਹੁੰਦੀ ਹੈ।

ਭਾਰਤ ਵਿੱਚ "ਮੱਧ ਵਰਗ" ਹੋਣ ਦਾ ਕੀ ਮਤਲਬ ਹੈ? ਇਹ ਜਵਾਬ ਦੇਣਾ ਇੱਕ ਮੁਸ਼ਕਲ ਸਵਾਲ ਹੈ ਅਤੇ ਮੱਧ ਵਰਗ ਪ੍ਰਤੀ ਸਾਡੇ ਨਜ਼ਰੀਏ ਦੇ ਆਧਾਰ 'ਤੇ ਵੱਖਰਾ ਹੋ ਸਕਦਾ ਹੈ। ਲਗਭਗ 50% ਭਾਰਤੀ ਆਪਣੇ ਆਪ ਨੂੰ ਮੱਧ ਵਰਗ ਸਮਝਦੇ ਹਨ। ਇਹ ਸਾਡੇ ਲਈ ਕੋਈ ਨਵੀਂ ਗੱਲ ਨਹੀਂ ਹੈ। ਮੱਧ ਵਰਗ ਕਿਉਂ ਮਾਇਨੇ ਰੱਖਦਾ ਹੈ? ਇਸਦੇ ਬਹੁਤ ਸਾਰੇ ਜਵਾਬ ਹਨ ਅਤੇ ਆਮ ਤੌਰ 'ਤੇ, ਇਹ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ, ਇਸਦੇ ਸਰੋਤ ਹਨ। ਮੱਧ ਵਰਗ ਘਰੇਲੂ ਖਪਤ ਨੂੰ ਵੀ ਵਧਾਉਂਦਾ ਹੈ ਅਤੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਿੱਖਿਆ ਅਤੇ ਬਚਤ ਵਿਚ ਨਿਵੇਸ਼ ਉਹ ਹੈ, ਜੋ ਅਸੀਂ ਆਮ ਤੌਰ 'ਤੇ ਕਿਸੇ ਵੀ ਚੰਗੀ ਆਰਥਿਕਤਾ ਨਾਲ ਜੋੜਦੇ ਹਾਂ। ਇਹ ਮੁੱਖ ਤੌਰ 'ਤੇ ਮੱਧ ਵਰਗ ਦੁਆਰਾ ਚਲਾਇਆ ਜਾਂਦਾ ਹੈ। ਇਸ ਲਈ ਸਾਨੂੰ ਇਸ ਵਿਚਾਰ ਨੂੰ ਤਿਆਗਣ ਦੀ ਲੋੜ ਹੈ ਕਿ ਭਾਰਤ ਵਿਚ ਮੱਧ ਵਰਗ ਦਾ ਇੱਕ ਸ਼ਾਨਦਾਰ ਆਧਾਰ ਹੈ ਅਤੇ ਇਸ ਨੂੰ ਛੱਡ ਕੇ ਭਾਰਤ ਅਜੇ ਵੀ ਇੱਕ ਗਰੀਬ ਦੇਸ਼ ਹੈ। ਭਾਰਤ ਦਾ ਮੱਧ ਵਰਗ ਅਜ਼ਾਦੀ ਤੋਂ ਬਾਅਦ ਤੋਂ ਹੀ ਇੱਕ ਮਹੱਤਵਪੂਰਨ ਤਬਕਾ ਰਿਹਾ ਹੈ।

1857 ਦੇ ਵਿਦਰੋਹ ਦੌਰਾਨ ਉਹ ਬਗਾਵਤ ਤੋਂ ਬਸਤੀਵਾਦੀ ਅੰਗਰੇਜ਼ਾਂ ਦਾ ਵਫ਼ਾਦਾਰ ਰਿਹਾ। ਉਸ ਨੇ ਇੰਡੀਅਨ ਨੈਸ਼ਨਲ ਕਾਂਗਰਸ ਬਣਾਈ, ਜਦੋਂ ਉਸ ਨੂੰ ਅੰਗਰੇਜ਼ਾਂ ਦੇ ਅਸਲ ਮਕਸਦ ਦਾ ਅਹਿਸਾਸ ਹੋਇਆ ਤਾਂ ਉਸ ਦੀ ਪਹਿਲੀ ਚੜ੍ਹਤ ਹੋਈ। ਉਹ 1905 ਦੇ ਸਵਦੇਸ਼ੀ ਅੰਦੋਲਨ ਵਿਚ ਨਜ਼ਰ ਆਏ ਅਤੇ ਆਜ਼ਾਦੀ ਅੰਦੋਲਨ ਦੀ ਅਗਵਾਈ ਕੀਤੀ। ਉਦੋਂ ਤੋਂ, ਭਾਰਤੀ ਮੱਧ ਵੱਖ-ਵੱਖ ਰੂਪਾਂ ਵਿਚ ਬਦਲ ਗਿਆ ਹੈ ਅਤੇ ਸਮਾਜ, ਰਾਜਨੀਤੀ, ਸੱਭਿਆਚਾਰ ਆਦਿ ਉੱਤੇ ਆਪਣਾ ਪ੍ਰਭਾਵ ਪਾਇਆ ਹੈ। ਅਧਿਆਪਕ, ਵਿਗਿਆਨੀ, ਡਾਕਟਰ, ਵਕੀਲ, ਇੰਜੀਨੀਅਰ ਮੁੱਖ ਤੌਰ 'ਤੇ ਭਾਰਤੀ ਸਮਾਜ ਨੂੰ ਇਸ ਵਰਗ ਵਿਚੋਂ ਹੀ ਸਪਲਾਈ ਹੁੰਦੇ ਹਨ। ਆਈ.ਟੀ. ਕ੍ਰਾਂਤੀ ਦੌਰਾਨ ਮੱਧ ਵਰਗ ਦਾ ਵਿਸਤਾਰ ਸਪੱਸ਼ਟ ਦੇਖਿਆ ਜਾ ਸਕਦਾ ਹੈ। ਪਰ ਉਹ ਸੁਪਨਿਆਂ ਦਾ ਭਾਰਤ ਬਣਾਉਣ ਵਿਚ ਅਸਫਲ ਰਹੇ; ਉਨ੍ਹਾਂ ਦੇ ਹੁਨਰ ਮੁੱਖ ਤੌਰ 'ਤੇ ਕਿਸੇ ਰਾਸ਼ਟਰ ਦੀਆਂ ਇੱਛਾਵਾਂ ਦੀ ਬਜਾਏ ਵਿਅਕਤੀਗਤ 'ਤੇ ਕੇਂਦ੍ਰਿਤ ਸਨ। ਉਹ ਵੱਡੀ ਗਿਣਤੀ ਵਿਚ ਵਿਦੇਸ਼ ਜਾਣ ਲਈ ਉਡਾਣ ਭਰਨ ਲੱਗੇ। ਬੁਲੰਦ ਟੀਚਿਆਂ, ਦਿਮਾਗੀ ਨਿਕਾਸ ਜੋ ਹੋਏ, ਨੇ ਭਾਰਤ ਨੂੰ ਘੱਟ ਕੁਸ਼ਲ ਬਣਾ ਦਿੱਤਾ।

ਆਜ਼ਾਦੀ ਦੇ ਦੌਰਾਨ, ਭਾਵੇਂ ਉਹ ਇੱਕ ਘੱਟ ਗਿਣਤੀ ਸਨ, ਉਨ੍ਹਾਂ ਨੇ ਇੱਕ ਗਤੀਸ਼ੀਲ ਘੱਟ ਗਿਣਤੀ ਦਾ ਗਠਨ ਕੀਤਾ। ਸੁਤੰਤਰਤਾ ਸੰਗਰਾਮ ਨੂੰ ਪ੍ਰੇਰਿਤ ਕਰਨ ਵਾਲੇ ਵਿਚਾਰਾਂ ਅਤੇ ਕਦਰਾਂ-ਕੀਮਤਾਂ ਦਾ ਢਾਂਚਾ। ਆਜ਼ਾਦੀ ਤੋਂ ਬਾਅਦ ਦੀ ਰਾਜਨੀਤੀ ਵਿਚ ਉਸਦੀ ਭੂਮਿਕਾ ਦੇ ਮਿਸ਼ਰਤ ਪਹਿਲੂ ਹਨ। ਇੱਕ ਪਾਸੇ ਉਨ੍ਹਾਂ ਦੀ ਸਿਆਸੀ ਸ਼ਮੂਲੀਅਤ ਬਹੁਤ ਜ਼ਿਆਦਾ ਹੈ। ਉਹ CSOs, NGOs ਅਤੇ ਦਬਾਅ ਸਮੂਹਾਂ ਵਿਚ ਇੱਕ ਅਨਿੱਖੜਵਾਂ ਮੈਂਬਰ ਹੈ। 2011 ਵਿਚ ਅੰਨਾ ਹਜ਼ਾਰੇ ਦੁਆਰਾ ਭ੍ਰਿਸ਼ਟਾਚਾਰ ਵਿਰੋਧੀ ਪ੍ਰਦਰਸ਼ਨ ਅਤੇ ਦਸੰਬਰ 2012 ਵਿਚ ਨਿਰਭਯਾ ਕੇਸ ਵਿਚ ਉਸਦੀ ਸ਼ਮੂਲੀਅਤ ਬਹੁਤ ਵੱਡੀ ਸੀ। ਦੂਜੇ ਪਾਸੇ ਉਨ੍ਹਾਂ ਦੀ ਵੋਟ ਪ੍ਰਤੀਸ਼ਤਤਾ ਹੇਠਾਂ ਜਾ ਰਹੀ ਹੈ; ਉਹ ਰਾਜਨੀਤੀ ਵਿਚ ਘੱਟ ਨਜ਼ਰ ਆਉਂਦੇ ਹਨ, ਖਾਸ ਕਰਕੇ ਸ਼ਹਿਰੀ ਮੱਧ ਵਰਗ ਵਿਚ। ਉਨ੍ਹਾਂ ਕੋਲ ਭਾਰਤੀ ਰਾਜਨੀਤਿਕ ਸੁਭਾਅ ਦੀ ਘਾਟ ਸੀ ਅਤੇ ਅਜੇ ਵੀ ਨਹੀਂ ਹੈ। ਤਾੜੀ ਮਾਰ ਕੇ ਲੜਨ ਵਾਲਾ ਮੱਧ ਵਰਗ ਲੋਕਤੰਤਰ ਦਾ ਮੁੱਖ ਆਧਾਰ ਹੈ, ਦੇਸ਼, ਰਾਜਨੀਤੀ ਅਤੇ ਸਮਾਜ ਵਿਚ ਉਨ੍ਹਾਂ ਦੀ ਭੂਮਿਕਾ ਦਾ ਬਹੁਤ ਵੱਡਾ ਪ੍ਰਭਾਵ ਹੈ।

---

# ਅੰਗਰੇਜ਼ਾਂ ਦੇ ਜ਼ਮਾਨੇ ਦੇ ਕਾਨੂੰਨ ਬਦਲ ਜਾਣਗੇ

-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)



11 ਅਗਸਤ 2023 ਨੂੰ, ਬ੍ਰਿਟਿਸ਼ ਯੁੱਗ ਦੇ 164 ਸਾਲ ਪੁਰਾਣੇ ਕਾਨੂੰਨਾਂ ਨੂੰ ਬਦਲਣ ਲਈ ਸੰਸਦ ਵਿਚ ਤਿੰਨ ਨਵੇਂ ਬਿੱਲ ਪੇਸ਼ ਕੀਤੇ ਗਏ ਸਨ। ਬਦਲੇ ਜਾਣ ਵਾਲੇ ਤਿੰਨ ਕਾਨੂੰਨ ਹਨ ਭਾਰਤੀ ਦੰਡ ਸੰਹਿਤਾ (IPC), ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ (CrPC), ਅਤੇ ਭਾਰਤੀ ਸਬੂਤ ਐਕਟ। ਪੇਸ਼ ਕੀਤੇ ਜਾ ਰਹੇ ਤਿੰਨ ਨਵੇਂ ਬਿੱਲ ਹਨ ਭਾਰਤੀ ਨਿਆਂਇਕ ਕੋਡ ਬਿੱਲ, ਭਾਰਤੀ ਸਿਵਲ ਰੱਖਿਆ ਕੋਡ ਬਿੱਲ ਅਤੇ ਭਾਰਤੀ ਸਬੂਤ ਬਿੱਲ। "ਜਿਹੜੇ ਕਾਨੂੰਨ ਰੱਦ ਕੀਤੇ ਜਾਣਗੇ... ਉਨ੍ਹਾਂ ਕਾਨੂੰਨਾਂ ਦਾ ਫੋਕਸ ਬ੍ਰਿਟਿਸ਼ ਪ੍ਰਸ਼ਾਸਨ ਦੀ ਰੱਖਿਆ ਅਤੇ ਮਜ਼ਬੂਤੀ ਕਰਨਾ ਸੀ, ਵਿਚਾਰ ਸਜ਼ਾ ਦੇਣਾ ਸੀ, ਨਾ ਕਿ ਨਿਆਂ ਦੇਣਾ। ਇਨ੍ਹਾਂ ਦੀ ਥਾਂ ਲੈ ਕੇ, ਨਵੇਂ ਤਿੰਨ ਕਾਨੂੰਨ ਅਧਿਕਾਰਾਂ ਦੀ ਸੁਰੱਖਿਆ ਦੀ ਭਾਵਨਾ ਲਿਆਉਣਗੇ।"

ਇਸ ਦਾ ਮਕਸਦ ਸਜ਼ਾ ਦੇਣ ਦੀ ਬਜਾਏ ਨਿਆਂ ਦੇਣਾ ਹੈ। ਇਹ "ਅੱਤਵਾਦ, ਮੌਬ ਲਿੰਚਿੰਗ ਅਤੇ ਔਰਤਾਂ ਵਿਰੁੱਧ ਅਪਰਾਧ" ਵਰਗੇ ਮੁੱਦਿਆਂ ਨੂੰ ਸੰਬੋਧਿਤ ਕਰਨਗੇ। ਦੇਸ਼ ਦੀ ਅਪਰਾਧਿਕ ਨਿਆਂ ਪ੍ਰਣਾਲੀ, ਜਿਸ ਨੇ 1860 ਤੋਂ 2023 ਤੱਕ ਬ੍ਰਿਟਿਸ਼ ਦੁਆਰਾ ਬਣਾਏ ਕਾਨੂੰਨਾਂ ਦੀ ਪਾਲਣਾ ਕੀਤੀ, ਮਹੱਤਵਪੂਰਨ ਤਬਦੀਲੀਆਂ ਲਈ ਤਿਆਰ ਹੈ ਕਿਉਂਕਿ ਤਿੰਨ ਕਾਨੂੰਨਾਂ ਨੂੰ ਬਦਲਿਆ ਜਾਣਾ ਤੈਅ ਹੈ। ਇਹ ਬਦਲਾਅ ਦੇਸ਼ ਦੀ ਅਪਰਾਧਿਕ ਨਿਆਂ ਪ੍ਰਣਾਲੀ ਵਿਚ ਮਹੱਤਵਪੂਰਨ ਬਦਲਾਅ ਲਿਆਏਗਾ। ਭਾਰਤੀ ਕੋਡ ਸੁਰੱਖਿਆ ਬਿੱਲ ਦੀ ਧਾਰਾ 150 ਦੇਸ਼ਧ੍ਰੋਹ ਲਈ ਬਦਲਵੀਂ ਸਜ਼ਾ 3 ਤੋਂ ਵਧਾ ਕੇ 7 ਸਾਲ ਕਰਨ ਲਈ ਭਾਰਤੀ ਕਾਨੂੰਨ ਕਮਿਸ਼ਨ ਦੀ ਸਿਫ਼ਾਰਸ਼ 'ਤੇ ਵਿਚਾਰ ਕਰਦੀ ਹੈ। ਕਮਿਸ਼ਨ ਨੇ ਦੇਸ਼ ਦੀ ਸੁਰੱਖਿਆ ਅਤੇ ਏਕਤਾ ਨੂੰ ਨੁਕਸਾਨ ਨਾ ਪਹੁੰਚਾਉਣ ਲਈ 153 ਸਾਲ ਪੁਰਾਣੇ ਦੇਸ਼ਧ੍ਰੋਹ ਕਾਨੂੰਨ ਨੂੰ ਬਰਕਰਾਰ ਰੱਖਣ ਦਾ ਸੁਝਾਅ ਦਿੱਤਾ ਹੈ। ਕਮਿਸ਼ਨ ਨੇ ਆਈ.ਪੀ.ਸੀ. ਦੀ ਧਾਰਾ 124ਏ (ਦੇਸ਼ਧ੍ਰੋਹ ਕਾਨੂੰਨ) ਵਿਚ ਸੋਧ ਕਰਕੇ ਦੇਸ਼ਧ੍ਰੋਹ ਕਾਨੂੰਨ ਨੂੰ ਬਦਲਣ ਦਾ ਵੀ ਪ੍ਰਸਤਾਵ ਦਿੱਤਾ ਹੈ, ਜੋ ਵਰਤਮਾਨ ਵਿਚ ਉਮਰ ਕੈਦ ਜਾਂ 3 ਸਾਲ ਤੱਕ, ਵਿਕਲਪਕ ਤੌਰ 'ਤੇ 7 ਸਾਲ ਤੱਕ ਦੀ ਆਗਿਆ ਦਿੰਦਾ ਹੈ। ਇਸ ਨਾਲ ਅਦਾਲਤਾਂ ਗੰਭੀਰਤਾ ਦੇ ਆਧਾਰ 'ਤੇ ਸਜ਼ਾ ਦਾ ਫੈਸਲਾ ਕਰ ਸਕਣਗੀਆਂ।



ਮੌਬ ਲਿੰਚਿੰਗ 'ਤੇ ਨਵੇਂ ਉਪਬੰਧ ਦੁਆਰਾ, ਸੱਤ ਸਾਲ ਦੀ ਕੈਦ ਜਾਂ ਉਮਰ ਜਾਂ ਮੌਤ ਦੀ ਕੈਦ ਦੀ ਵਿਵਸਥਾ; ਵੀਡੀਓ ਟਰਾਇਲਾਂ, ਐੱਫ.ਆਈ.ਆਰਜ਼ ਦੀ ਈ-ਫਾਈਲਿੰਗ ਰਾਹੀਂ ਤੇਜ਼ੀ ਨਾਲ ਨਿਆਂ ਨੂੰ ਸਮਰੱਥ ਬਣਾਉਣਾ; ਦੇਸ਼ਧ੍ਰੋਹ ਦੀ ਪਰਿਭਾਸ਼ਾ ਦਾ ਵਿਸਥਾਰ; ਭ੍ਰਿਸ਼ਟਾਚਾਰ, ਅੱਤਵਾਦ ਅਤੇ ਸੰਗਠਿਤ ਅਪਰਾਧ ਨੂੰ ਸਜ਼ਾ ਦੇ ਕਾਨੂੰਨਾਂ ਅਧੀਨ ਲਿਆਉਣਾ; ਕਮਿਊਨਿਟੀ ਸੇਵਾ ਅਤੇ ਇਕਾਂਤ ਕੈਦ ਨੂੰ ਸਜ਼ਾ ਦੇ ਨਵੇਂ ਰੂਪਾਂ ਵਜੋਂ ਪੇਸ਼ ਕਰਨਾ; ਦੋਸ਼ੀ ਦੀ ਗੈਰ-ਹਾਜ਼ਰੀ ਵਿਚ ਸੁਣਵਾਈ ਕਰਨ ਲਈ; ਅਤੇ "ਧੋਖੇ ਦੇ ਸਾਧਨਾਂ" ਦੀ ਵਰਤੋਂ ਕਰਦੇ ਹੋਏ ਜਿਨਸੀ ਸਬੰਧਾਂ ਨਾਲ ਸਬੰਧਤ ਔਰਤਾਂ ਦੇ ਵਿਰੁੱਧ ਅਪਰਾਧਾਂ ਦੇ ਦਾਇਰੇ ਦਾ ਵਿਸਤਾਰ ਕਰਨਾ – ਨਵੇਂ ਬਿੱਲ ਅਪਰਾਧਿਕ ਨਿਆਂ-ਸ਼ਾਸਤਰ ਵਿਚ ਮਹੱਤਵਪੂਰਨ ਤਬਦੀਲੀਆਂ ਪ੍ਰਦਾਨ ਕਰਦੇ ਹਨ।

ਭਾਰਤੀ ਨਿਆਂਇਕ ਕੋਡ ਬਿੱਲ ਦੀ ਧਾਰਾ 44 ਭੀੜ ਦੇ ਹਮਲਿਆਂ ਵਰਗੇ ਘਾਤਕ ਹਮਲਿਆਂ ਤੋਂ ਸਵੈ-ਰੱਖਿਆ ਦੀ ਆਗਿਆ ਦਿੰਦੀ ਹੈ। ਸੈਕਸ਼ਨ 31 ਕਹਿੰਦਾ ਹੈ ਕਿ ਚੰਗੇ ਇਰਾਦੇ ਨਾਲ ਸੰਚਾਰ ਦੇ ਜ਼ਰੀਏ ਅਣਜਾਣੇ ਵਿਚ ਨੁਕਸਾਨ ਪਹੁੰਚਾਉਣਾ ਕੋਈ ਅਪਰਾਧ ਨਹੀਂ ਹੈ। ਭਾਰਤੀ ਸਿਵਲ ਡਿਫੈਂਸ ਕੋਡ ਦੇ ਤਹਿਤ, ਜੇਕਰ ਦੋਸ਼ੀ ਮੁਕੱਦਮੇ ਦੌਰਾਨ ਵੱਧ ਤੋਂ ਵੱਧ ਸਜ਼ਾ ਦਾ ਅੱਧਾ ਹਿੱਸਾ ਕੱਟ ਚੁੱਕਾ ਹੈ, ਤਾਂ ਉਸਨੂੰ ਜ਼ਮਾਨਤ ਮਿਲ ਜਾਂਦੀ ਹੈ। ਕੁਝ ਅਪਰਾਧਾਂ ਦਾ ਉਦੇਸ਼ ਲਿੰਗ-ਨਿਰਪੱਖ ਹੋਣਾ ਹੁੰਦਾ ਹੈ। ਭਾਰਤੀ ਨਿਆਂ ਸੰਹਿਤਾ ਵਿਚ ਅੱਤਵਾਦ ਅਤੇ ਸੰਗਠਿਤ ਅਪਰਾਧ ਨਾਲ ਸਬੰਧਤ ਅਪਰਾਧ ਵੀ ਸ਼ਾਮਲ ਹਨ। ਇਨ੍ਹਾਂ ਬਿੱਲਾਂ ਦੇ ਲਾਗੂ ਹੋਣ ਨਾਲ ਦੇਸ਼ ਦੀ ਨਿਆਂ ਪ੍ਰਣਾਲੀ ਵਿਚ ਕਾਫੀ ਸੁਧਾਰ ਹੋਵੇਗਾ।

ਅਪਰਾਧਿਕ ਨਿਆਂ ਪ੍ਰਣਾਲੀ ਬ੍ਰਿਟਿਸ਼ ਬਸਤੀਵਾਦੀ ਨਿਆਂ-ਸ਼ਾਸਤਰ ਦੀ ਪ੍ਰਤੀਰੂਪ ਹੈ, ਜਿਸ ਨੂੰ ਦੇਸ਼ 'ਤੇ ਰਾਜ ਕਰਨ ਦੇ ਉਦੇਸ਼ ਲਈ ਤਿਆਰ ਕੀਤਾ ਗਿਆ ਸੀ, ਨਾਗਰਿਕਾਂ ਦੀ ਸੇਵਾ ਕਰਨ ਲਈ ਨਹੀਂ। ਅਪਰਾਧਿਕ ਨਿਆਂ ਪ੍ਰਣਾਲੀ ਦਾ ਉਦੇਸ਼ ਨਿਰਦੋਸ਼ਾਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣਾ ਸੀ, ਪਰ ਅੱਜਕੱਲ੍ਹ ਇਹ ਪ੍ਰਣਾਲੀ ਆਮ ਲੋਕਾਂ 'ਤੇ ਜ਼ੁਲਮ ਦਾ ਸਾਧਨ ਬਣ ਗਈ ਹੈ। ਆਰਥਿਕ ਸਰਵੇਖਣ ਦੇ ਅਨੁਸਾਰ, ਨਿਆਂ ਪ੍ਰਣਾਲੀ ਵਿਚ, ਖਾਸ ਕਰਕੇ ਜ਼ਿਲ੍ਹਾ ਅਤੇ ਅਧੀਨ ਅਦਾਲਤਾਂ ਵਿਚ ਲਗਭਗ 3.5 ਕਰੋੜ ਕੇਸ ਪੈਂਡਿੰਗ ਹਨ, ਜੋ ਇਸ ਕਹਾਵਤ ਨੂੰ ਪ੍ਰਮਾਣਿਤ ਕਰਦੇ ਹਨ ਕਿ "ਨਿਆਂ ਵਿਚ ਦੇਰੀ ਨਿਆਂ ਤੋਂ ਇਨਕਾਰ ਹੈ"। ਭਾਰਤ ਵਿਚ ਦੁਨੀਆਂ ਵਿਚ ਸਭ ਤੋਂ ਵੱਧ ਸੁਣਵਾਈ ਅਧੀਨ ਕੈਦੀ ਹਨ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.)-ਪ੍ਰੀਜ਼ਨ ਸਟੈਟਿਸਟਿਕਸ ਇੰਡੀਆ ਦੇ ਅਨੁਸਾਰ, ਸਾਡੀ ਕੁੱਲ ਜੇਲ੍ਹ ਦੀ ਆਬਾਦੀ ਦਾ 67.2% ਅੰਡਰ-ਟਰਾਇਲ ਕੈਦੀ ਹਨ। ਭ੍ਰਿਸ਼ਟਾਚਾਰ, ਕੰਮ ਦਾ ਭਾਰੀ ਬੋਝ ਅਤੇ ਪੁਲਿਸ ਦੀ ਜਵਾਬਦੇਹੀ ਤੇਜ਼ ਅਤੇ ਪਾਰਦਰਸ਼ੀ ਨਿਆਂ ਪ੍ਰਦਾਨ ਕਰਨ ਵਿਚ ਵੱਡੀ ਰੁਕਾਵਟ ਹਨ। ਮਾਧਵ ਮੇਨਨ ਕਮੇਟੀ ਨੇ 2007 ਵਿਚ ਆਪਣੀ ਰਿਪੋਰਟ ਪੇਸ਼ ਕੀਤੀ, ਜਿਸ ਵਿਚ ਭਾਰਤ ਦੀ ਅਪਰਾਧਿਕ ਨਿਆਂ ਪ੍ਰਣਾਲੀ (ਸੀ.ਜੇ.ਐੱਸ.ਆਈ.) ਵਿਚ ਸੁਧਾਰਾਂ ਬਾਰੇ ਕਈ ਸਿਫ਼ਾਰਸ਼ਾਂ ਦਾ ਸੁਝਾਅ ਦਿੱਤਾ ਗਿਆ। ਮਲੀਮਥ ਕਮੇਟੀ ਦੀ ਰਿਪੋਰਟ ਨੇ 2003 ਵਿਚ ਸੀ.ਜੇ.ਐੱਸ.ਆਈ. ਨੂੰ ਆਪਣੀ ਰਿਪੋਰਟ ਸੌਂਪੀ ਸੀ। ਕਮੇਟੀ ਦਾ ਵਿਚਾਰ ਸੀ ਕਿ ਮੌਜੂਦਾ ਪ੍ਰਣਾਲੀ "ਮੁਲਜ਼ਮਾਂ ਦੇ ਹੱਕ ਵਿਚ ਬਹੁਤ ਜ਼ਿਆਦਾ ਹੈ ਅਤੇ ਅਪਰਾਧ ਦੇ ਪੀੜਤਾਂ ਨੂੰ ਨਿਆਂ ਪ੍ਰਦਾਨ ਕਰਨ 'ਤੇ ਪੂਰਾ ਧਿਆਨ ਨਹੀਂ ਦਿੰਦੀ"। ਇਸਨੇ ਸੀ.ਜੇ.ਐੱਸ.ਆਈ. ਵਿਚ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਸਿਫ਼ਾਰਸ਼ਾਂ ਪ੍ਰਦਾਨ ਕੀਤੀਆਂ, ਜੋ ਲਾਗੂ ਨਹੀਂ ਕੀਤੀਆਂ ਗਈਆਂ।

ਸੁਧਾਰ ਦਾ ਢਾਂਚਾ ਕੀ ਹੋਣਾ ਚਾਹੀਦਾ ਹੈ? ਅਪਰਾਧ ਪੀੜਤਾਂ ਦੇ ਅਧਿਕਾਰਾਂ ਨੂੰ ਮਾਨਤਾ ਦੇਣ ਲਈ ਕਾਨੂੰਨਾਂ ਵਿਚ ਸੁਧਾਰ ਕਰਦੇ ਸਮੇਂ ਪੀੜਤ ਹੋਣ ਦੇ ਕਾਰਨਾਂ ਨੂੰ ਮੁੱਖ ਤੌਰ 'ਤੇ ਵਿਚਾਰਿਆ ਜਾਣਾ ਚਾਹੀਦਾ ਹੈ। ਉਦਾਹਰਨ ਲਈ: ਪੀੜਤ ਅਤੇ ਗਵਾਹ ਸੁਰੱਖਿਆ ਸਕੀਮਾਂ ਦੀ ਸ਼ੁਰੂਆਤ, ਪੀੜਤ ਪ੍ਰਭਾਵ ਬਿਆਨਾਂ ਦੀ ਵਰਤੋਂ, ਅਪਰਾਧਿਕ ਮੁਕੱਦਮਿਆਂ ਵਿਚ ਪੀੜਤ ਭਾਗੀਦਾਰੀ ਵਿਚ ਵਾਧਾ, ਮੁਆਵਜ਼ੇ ਅਤੇ ਮੁਆਵਜ਼ੇ ਤੱਕ ਪੀੜਤਾਂ ਦੀ ਪਹੁੰਚ ਵਿਚ ਵਾਧਾ। ਅਪਰਾਧਾਂ ਦੇ ਮੌਜੂਦਾ ਵਰਗੀਕਰਨ ਨੂੰ ਅਪਰਾਧਿਕ ਨਿਆਂ-ਸ਼ਾਸਤਰ ਦੇ ਸਿਧਾਂਤਾਂ ਦੁਆਰਾ ਸੋਧਿਤ ਕੀਤੀ ਜਾਣੀ ਚਾਹੀਦੀ ਹੈ, ਜੋ ਪਿਛਲੇ ਚਾਰ ਦਹਾਕਿਆਂ ਵਿਚ ਮਹੱਤਵਪੂਰਨ ਤੌਰ 'ਤੇ ਬਦਲ ਗਏ ਹਨ। ਉਦਾਹਰਨ ਲਈ: ਸਜ਼ਾ ਦੀ ਡਿਗਰੀ ਨੂੰ ਦਰਸਾਉਣ ਲਈ ਅਪਰਾਧਿਕ ਦੇਣਦਾਰੀ ਨੂੰ ਬਿਹਤਰ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ।

ਸਜ਼ਾ ਦੇ ਨਵੇਂ ਰੂਪ ਜਿਵੇਂ ਕਿ ਕਮਿਊਨਿਟੀ ਸਰਵਿਸ ਆਰਡਰ, ਬਹਾਲੀ ਦੇ ਆਦੇਸ਼ ਅਤੇ ਬਹਾਲੀ ਅਤੇ ਸੁਧਾਰਾਤਮਕ ਨਿਆਂ ਦੇ ਹੋਰ ਪਹਿਲੂਆਂ ਨੂੰ ਵੀ ਇਸਦੇ ਦਾਇਰੇ ਵਿਚ ਲਿਆਂਦਾ ਜਾ ਸਕਦਾ ਹੈ। ਅਪਰਾਧਾਂ ਦਾ ਵਰਗੀਕਰਨ ਭਵਿੱਖ ਵਿਚ ਅਪਰਾਧਾਂ ਦੇ ਪ੍ਰਬੰਧਨ ਲਈ ਅਨੁਕੂਲ ਤਰੀਕੇ ਨਾਲ ਕੀਤਾ ਜਾਣਾ ਚਾਹੀਦਾ ਹੈ। ਆਈ.ਪੀ.ਸੀ. ਦੇ ਕਈ ਅਧਿਆਏ ਕਈ ਥਾਵਾਂ 'ਤੇ ਓਵਰਲੋਡ ਹਨ। ਜਨਤਕ ਸੇਵਕਾਂ ਦੇ ਵਿਰੁੱਧ ਅਪਰਾਧਾਂ, ਅਥਾਰਿਟੀ ਦੀ ਬੇਇੱਜ਼ਤੀ, ਜਨਤਕ ਸ਼ਾਂਤੀ ਦੀ ਉਲੰਘਣਾ ਅਤੇ ਉਲੰਘਣਾ ਦੇ ਅਧਿਆਏ ਨੂੰ ਮੁੜ ਪਰਿਭਾਸ਼ਿਤ ਅਤੇ ਸੰਕੁਚਿਤ ਕੀਤਾ ਜਾ ਸਕਦਾ ਹੈ। ਕਿਸੇ ਕੰਮ ਨੂੰ ਅਪਰਾਧ ਘੋਸ਼ਿਤ ਕਰਨ ਤੋਂ ਪਹਿਲਾਂ ਲੋੜੀਂਦੀ ਬਹਿਸ ਤੋਂ ਬਾਅਦ ਮਾਰਗਦਰਸ਼ਕ ਸਿਧਾਂਤਾਂ ਨੂੰ ਵਿਕਸਿਤ ਕਰਨ ਦੀ ਲੋੜ ਹੈ।

ਗੈਰ-ਸਿਧਾਂਤਕ ਅਪਰਾਧੀਕਰਨ ਨਾ ਸਿਰਫ ਗੈਰ-ਵਿਗਿਆਨਕ ਆਧਾਰਾਂ 'ਤੇ ਨਵੇਂ ਅਪਰਾਧਾਂ ਦੀ ਸਿਰਜਣਾ ਵੱਲ ਅਗਵਾਈ ਕਰਦਾ ਹੈ, ਸਗੋਂ ਅਪਰਾਧਿਕ ਨਿਆਂ ਪ੍ਰਣਾਲੀ ਵਿਚ ਮਨਮਾਨੀ ਵੀ ਕਰਦਾ ਹੈ।

# ਚਾਂਦਪੁਰਾ ਬੰਨ੍ਹ: ਭਾਈਚਾਰਕ ਸਾਂਝ ਅਤੇ ਸੋਸ਼ਲ ਮੀਡੀਆ ਦੀ ਸਕਾਰਾਤਮਕ ਪਹਿਲ

ਪਿਛਲੇ ਕਈ ਸਾਲਾਂ ਤੋਂ ਕੁਦਰਤੀ ਆਫਤਾਂ ਆ ਰਹੀਆਂ ਹਨ, ਜਿਸ ਵਿਚ ਸਿੱਧੇ ਰੂਪ ਵਿਚ ਆਮ ਵਿਅਕਤੀ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਕੀ ਕੁਦਰਤੀ ਆਫਤਾਂ ਦੇ ਪਿੱਛੇ ਸਿਰਫ ਆਮ ਵਿਅਕਤੀ ਹੀ ਜ਼ਿੰਮੇਵਾਰ ਹੈ? ਸਰਕਾਰ ਜ਼ਿੰਮੇਵਾਰ ਨਹੀਂ ਹੈ? ਸਰਕਾਰ ਨੇ ਜਿੱਥੇ ਹੋਰ ਪ੍ਰਬੰਧ ਕਰਨੇ ਹੁੰਦੇ ਹਨ, ਉੱਥੇ ਹੀ ਲੋਕਾਂ ਦੀ ਜਾਨ ਅਤੇ ਮਾਲ ਦੀ ਰਾਖੀ ਕਰਨਾ ਵੀ ਉਨ੍ਹਾਂ ਦਾ ਪਹਿਲਾ ਕੰਮ ਹੈ? ਹਰੇਕ ਸਾਲ ਕੁਦਰਤੀ ਆਫਤਾਂ ਆ ਹੀ ਰਹੀਆਂ ਹਨ ਅਤੇ ਸਰਕਾਰ ਅਗਾਂਹੂ ਸਰਕੂਲਰ ਜਾਰੀ ਕਰਕੇ ਇਹ ਕਹਿ ਵੀ ਰਹੀ ਹੈ ਕਿ ਕੁਦਰਤੀ ਆਫਤ ਆ ਰਹੀ ਹੈ? ਕੀ ਸਿਰਫ ਸਰਕੂਲਰ ਜਾਰੀ ਕਰਨ ਨਾਲ ਹੀ ਜ਼ਿੰਮੇਵਾਰੀ ਖਤਮ ਹੋ ਗਈ? ਹੋਰ ਪ੍ਰਬੰਧ ਨਹੀਂ ਕਰਨੇ ਹੁੰਦੇ? ਮਾਲਵੇ ਖੇਤਰ ਦੇ ਬਹੁਤ ਸਾਰੇ ਜ਼ਿਲ੍ਹਿਆਂ ਵਿਚ ਅੱਜ ਵੀ ਨਹਿਰਾਂ ਸੁੱਕੀਆਂ ਪਈਆਂ ਹਨ ਅਤੇ ਹੜ੍ਹ ਦਾ ਪਾਣੀ ਉਨ੍ਹਾਂ ਨਹਿਰਾਂ ਵਿਚ ਨਹੀਂ ਪਹੁੰਚ ਸਕਿਆ, ਜਿੱਥੇ ਪੰਜਾਬ ਦਾ ਅੱਧਾ ਖੇਤਰ ਹੜ੍ਹ ਨਾਲ ਡੁੱਬ ਰਿਹਾ ਹੈ, ਉਥੇ ਹੀ ਦੂਜੇ ਪਾਸੇ ਪੰਜਾਬ ਦਾ ਬਹੁਤ ਵੱਡਾ ਖੇਤਰ ਪੀਣ ਯੋਗ ਪਾਣੀ ਨੂੰ ਤਰਸ ਰਿਹਾ ਹੈ। ਕੀ ਇਹ ਹੈ ਸਰਕਾਰ ਦਾ ਪ੍ਰਬੰਧ? ਸਾਨੂੰ ਇਸ ਵਿਸ਼ੇ 'ਤੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਪੰਜਾਬ ਉਹ ਜਗ੍ਹਾ ਹੈ, ਜਿੱਥੇ ਹਮੇਸ਼ਾ ਹੀ ਚੁਣੌਤੀਆਂ ਆਉਂਦੀਆਂ ਰਹੀਆਂ ਤੇ ਲੋਕ ਭਾਈਚਾਰਕ ਸਾਂਝ ਨਾਲ ਸਮੱਸਿਆਵਾਂ ਦਾ ਹੱਲ ਕਰਦੇ ਰਹੇ। 1993 ਵਿਚ ਵੀ ਹੜ੍ਹ ਕਾਰਨ ਬਹੁਤ ਗੰਭੀਰ ਸਥਿਤੀ ਬਣੀ ਸੀ, ਜਿਸ ਵਿਚ ਲੋਕਾਂ ਦਾ ਬਹੁਤ ਸਾਰਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ। ਤਾਜ਼ਾ ਸਥਿਤੀ ਵਿਚ ਹੜ੍ਹਾਂ ਨੇ ਪੰਜਾਬ ਦੇ ਕਾਫੀ ਖੇਤਰ ਪ੍ਰਭਾਵਤ ਕੀਤੇ। ਇਨ੍ਹਾਂ ਖੇਤਰਾਂ ਵਿਚ ਪੰਜਾਬ ਦੇ ਮਾਲਵੇ ਦੇ ਮਾਨਸਾ ਜ਼ਿਲ੍ਹੇ ਦੇ ਚਾਂਦਪੁਰਾ ਦਾ ਜ਼ਿਕਰ ਆਉਂਦਾ ਹੈ, ਜੋ ਪੰਜਾਬ ਅਤੇ ਅਤੇ ਹਰਿਆਣਾ ਦੀ ਹੱਦ 'ਤੇ ਘੱਗਰ ਦਰਿਆ ਉੱਪਰ ਸਥਿਤ ਹੈ। ਇਸ ਵਾਰ ਜਦੋਂ ਬਾਰਿਸ਼ਾਂ ਜ਼ਿਆਦਾ ਹੋਈਆਂ, ਤਾਂ ਘੱਗਰ ਵਿਚ ਬਹੁਤ ਜ਼ਿਆਦਾ ਪਾਣੀ ਆਇਆ, ਜੋ ਕਿ ਆਪਣੀ ਸੀਮਾ ਨਾਲੋਂ ਲਗਾਤਾਰ ਜ਼ਿਆਦਾ ਹੋਣ ਕਰਕੇ ਪੰਜਾਬ ਦੇ ਕਈ ਹਿੱਸਿਆਂ ਵਿਚ ਟੁੱਟਿਆ ਅਤੇ ਬਹੁਤ ਸਾਰਾ ਨੁਕਸਾਨ ਕੀਤਾ। ਚਾਂਦਪੁਰਾ ਦਾ ਜ਼ਿਕਰ ਇਸ ਕਰਕੇ ਕਰਨਾ ਬਣਦਾ ਹੈ, ਇਹ ਉਹ ਖੇਤਰ ਹੈ, ਜੋ ਪੰਜਾਬ ਅਤੇ ਹਰਿਆਣਾ ਦੀ ਹੱਦ 'ਤੇ ਹੈ ਪਰ ਇਸ ਖੇਤਰ ਉੱਤੇ ਹਰਿਆਣਾ ਸਰਕਾਰ ਦਾ ਪ੍ਰਬੰਧ ਪ੍ਰਭਾਵਸ਼ੀਲ ਹੈ, ਜਦੋਂ ਹੜ੍ਹ ਦਾ ਪਾਣੀ ਵਧ ਰਿਹਾ ਸੀ, ਤਾਂ ਲੋਕਾਂ ਨੇ ਆਪਣੇ ਪੱਧਰ 'ਤੇ ਇਸ ਬੰਨ੍ਹ ਨੂੰ ਟੁੱਟਣ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਪਾਣੀ ਜ਼ਿਆਦਾ ਹੋਣ ਕਰਕੇ ਇਹ ਬੰਨ੍ਹ ਪੰਜਾਬ ਵਾਲੇ ਪਾਸੇ ਟੁੱਟ ਗਿਆ ਅਤੇ ਬਹੁਤ ਵੱਡੇ ਖੇਤਰ 'ਚ ਨੁਕਸਾਨ ਕਰ ਗਿਆ। ਹੁਣ ਸਮੱਸਿਆ ਇਹ ਸੀ ਕਿ ਇਸ ਖੇਤਰ ਦੀ ਮੁੜ ਸੁਰਜੀਤੀ ਕਿਵੇਂ ਹੋਵੇ? ਸਰਕਾਰਾਂ ਆਪਣੇ ਹਿਸਾਬ ਅਤੇ ਤੰਤਰ ਨਾਲ ਕੰਮ ਕਰਦੀਆਂ ਹਨ ਪਰ ਸਮਾਂ ਲੰਘਦਾ ਜਾ ਰਿਹਾ ਸੀ। ਬਹੁਤ ਸਾਰੀ ਜ਼ਮੀਨ ਵਾਹੀਯੋਗ ਨਹੀਂ ਰਹੀ ਸੀ, ਸੋ ਉਥੋਂ ਦੇ ਲੋਕ ਇਹ ਉਮੀਦ ਕਰਦੇ ਸਨ ਕਿ ਜਲਦੀ ਤੋਂ ਜਲਦੀ ਸਰਕਾਰੀ ਰੂਪ ਵਿਚ ਮਦਦ ਕੀਤੀ ਜਾਵੇ, ਤਾਂ ਜੋ ਉਹ ਆਪਣੀ ਅਗਲੀ ਫਸਲ ਬੀਜ ਸਕਣ। ਅਜਿਹੇ ਸਥਿਤੀ ਵਿਚ ਸਰਕਾਰੀ ਮਦਦ ਕਈ ਕਾਨੂੰਨੀ ਪੇਚਾਂ ਵਿਚ ਫਸੀ ਹੋਣ ਕਰਕੇ ਪ੍ਰਭਾਵਤ ਬਹੁਤੇ ਖੇਤਰਾਂ ਵਿਚ ਨਹੀਂ ਪਹੁੰਚ ਸਕੀ ਅਤੇ ਜ਼ਮੀਨਾਂ ਪੱਧਰ ਕਰਨ ਦਾ ਕੰਮ ਮਾਲਕ ਨੂੰ ਖੁਦ ਹੀ ਕਰਨਾ ਪੈ ਰਿਹਾ ਸੀ। ਅਜਿਹੀ ਸਥਿਤੀ ਵਿਚ ਲੋਕਾਂ ਲਈ ਚਾਨਣ ਮੁਨਾਰਾ ਬਣ ਕੇ ਪਹੁੰਚੇ ਉਹ ਸੋਸ਼ਲ ਮੀਡੀਆ ਦੇ ਸਟਾਰ ਸੁਖਜਿੰਦਰ ਲੋਪੋਂ ਅਤੇ ਉਸਦੀ ਪੂਰੀ ਟੀਮ, ਜਿਨ੍ਹਾਂ ਦੀ ਭਾਵੁਕ ਅਪੀਲ ਸਦਕਾ, ਪੰਜਾਬ ਦੇ ਵੱਖ-ਵੱਖ ਖੇਤਰਾਂ ਤੋਂ ਲੋਕ ਟਰੈਕਟਰ ਅਤੇ ਹੋਰ ਮਸ਼ੀਨਰੀ ਲੈ ਕੇ ਪਹੁੰਚ ਗਏ। ਸੋਸ਼ਲ ਮੀਡੀਆ ਦਾ ਮੰਚ ਪੂਰੇ ਵਿਸ਼ਵ ਵਿਚ ਫੈਲਿਆ ਹੋਇਆ ਹੈ। ਇਸ ਮੰਚ ਤੋਂ ਜਦੋਂ ਭਾਵੁਕ ਅਪੀਲ ਕੀਤੀ ਗਈ, ਤਾਂ ਪੰਜਾਬ ਅਤੇ ਹਰਿਆਣਾ ਦੇ ਇਸ ਖਿੱਤੇ 'ਤੇ ਵਸਿਆ ਭਾਈਚਾਰਾ ਆਪ ਮੁਹਾਰੇ ਆਪਣੀ ਮਸ਼ੀਨਰੀ ਲੈ ਕੇ ਉਥੇ ਪਹੁੰਚਿਆ। ਇਹ ਅਪੀਲ ਇੰਨੀ ਪ੍ਰਭਾਵਸ਼ਾਲੀ ਸੀ ਕਿ ਵਿਦੇਸ਼ਾਂ ਵਿਚ ਬੈਠੇ ਲੋਕ ਵੀ ਮਦਦ ਕਰਨ ਤੋਂ ਪਿੱਛੇ ਨਹੀਂ ਹਟੇ। ਸੋ ਇੱਕ ਵਾਰੀ ਫਿਰ ਸੋਸ਼ਲ ਮੀਡਿਆ ਨੇ ਆਪਣੀ ਤਾਕਤ ਦਿਖਾਈ ਅਤੇ ਇੱਕ ਐਡਾ ਵੱਡਾ ਕਾਰਜ ਜਿਸਨੂੰ ਲੋਕਾਂ ਦੀ ਤਾਕਤ ਨੇ ਕੁਝ ਦਿਨਾਂ ਵਿਚ ਹੀ ਨੇਪਰੇ ਚਾੜ੍ਹ ਦਿੱਤਾ ਅਤੇ ਜ਼ਮੀਨ ਨੂੰ ਵਾਹੀਯੋਗ ਬਣਾ ਕੇ ਮਾਲਕਾਂ ਦੇ ਹਵਾਲੇ ਕਰ ਦਿੱਤਾ। ਪੰਜਾਬੀ ਉਹ ਲੋਕ ਹਨ, ਜੋ ਕਿਸੇ ਵੀ ਚੁਣੌਤੀ ਨੂੰ ਪ੍ਰਮਾਤਮਾ ਦਾ ਭਾਣਾ ਮੰਨ ਕੇ ਸਿਰੜ ਨਾਲ ਉਸ ਦਾ ਸਾਹਮਣਾ ਕਰਨ ਲਈ ਤਿਆਰ ਰਹਿੰਦੇ ਹਨ। ਜਦੋਂ ਦੇਸ਼ ਦੇ ਸਾਰੇ ਕਿਸਾਨਾਂ ਉਪਰ ਚੁਣੌਤੀ, ਕੇਂਦਰ ਸਰਕਾਰ ਨੇ ਕਾਨੂੰਨ ਬਣਾ ਕੇ ਖੜ੍ਹੀ ਕੀਤੀ, ਤਾਂ ਪੰਜਾਬ ਅਤੇ ਹਰਿਆਣਾ ਦੇ ਭਾਈਚਾਰੇ ਨੇ ਅਜਿਹੀ ਕ੍ਰਾਂਤੀ ਖੜ੍ਹੀ ਕੀਤੀ, ਜਿਸ ਵਿਚ ਪੂਰੇ ਦੇਸ਼ ਦੇ ਕਿਸਾਨਾਂ ਦਾ ਭਾਈਚਾਰਾ ਸ਼ਾਮਲ ਹੋਇਆ। ਇਹ ਪੂਰੇ ਦੇਸ਼ ਦੇ ਕਿਸਾਨ ਮਜ਼ਦੂਰ ਭਾਈਚਾਰੇ ਦੀ ਹੀ ਜਿੱਤ ਸੀ ਕਿ ਕੇਂਦਰ ਵਿਚਲੀ ਸਰਕਾਰ ਨੂੰ ਉਹ ਕਾਨੂੰਨ ਵਾਪਸ ਲੈਣੇ ਪਏ, ਇਸ ਤਰ੍ਹਾਂ ਜਦੋਂ ਵੀ ਕਦੇ ਦੇਸ਼ ਵਿਚ ਕੋਈ ਸਮੱਸਿਆ ਆਉਂਦੀ ਹੈ, ਤਾਂ ਇਹ ਪੰਜਾਬੀ ਭਾਈਚਾਰਾ ਵੱਧ-ਚੜ੍ਹ ਕੇ ਦਾਨ ਕਰਦਾ ਹੈ ਅਤੇ ਲੋਕਾਂ ਨਾਲ ਹਿੱਕ ਜੋੜ ਕੇ ਖੜ੍ਹਦਾ ਹੈ। ਹੜ੍ਹਾਂ ਦੀ ਸਥਿਤੀ ਨੇ ਇਕ ਵਾਰੀ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਕਰਾਇਆ ਕਿ ਹੁਣ ਸਾਰਿਆਂ ਨੂੰ ਰਲ-ਮਿਲ ਕੇ ਇੱਕ ਦੂਜੇ ਨਾਲ ਖੜ੍ਹਨ ਦੀ ਜ਼ਰੂਰਤ ਹੈ। ਇਸ ਸਥਿਤੀ ਵਿਚ ਸੋਸ਼ਲ ਮੀਡਿਆ ਨੇ ਜੋ ਸਕਾਰਾਤਮਕ ਭੂਮਿਕਾ ਨਿਭਾਈ ਹੈ। ਉਹ ਪੂਰੇ ਵਿਸ਼ਵ ਲਈ ਉਦਾਹਰਨ ਬਣੀ ਹੈ, ਅੱਜ ਪੰਜਾਬ ਦੇ ਵਸਨੀਕਾਂ ਉਪਰ ਕਈ ਤਰ੍ਹਾਂ ਦੇ ਦੋਸ਼ ਲਗਾ ਕੇ ਉਨ੍ਹਾਂ ਨੂੰ ਭੰਡਿਆ ਜਾ ਰਿਹਾ ਹੈ। ਪਰ ਇਥੇ ਇਕ ਗੱਲ ਕਰਨੀ ਬਹੁਤ ਜ਼ਰੂਰੀ ਹੈ ਕਿ ਇਸ ਖਿੱਤੇ ਦੇ ਲੋਕਾਂ ਵਿਚ ਬਹੁਤ ਜ਼ਿਆਦਾ ਸਕਾਰਾਤਮਕ ਊਰਜਾ ਹੈ। ਇਸ ਖਿੱਤੇ ਦੇ ਵਸਨੀਕਾਂ ਨੂੰ ਜੇਕਰ ਸਹੀ ਦਿਸ਼ਾ ਅਤੇ ਮੌਕੇ ਦਿੱਤੇ ਜਾਣ, ਤਾਂ ਇਹ ਆਪਣੇ ਦੇਸ਼ ਦੀ ਤਰੱਕੀ ਵਿਚ ਨਾਮ ਸਾਲ ਪ੍ਰਾਪਤੀਆਂ ਕਰਨ ਦੇ ਯੋਗ ਹਨ। ਇਤਿਹਾਸ ਗਵਾਹ ਹੈ, ਜਦੋਂ ਵੀ ਕਦੇ ਦੇਸ਼ ਨੂੰ ਜ਼ਰੂਰਤ ਪਈ, ਤਾਂ ਇਸ ਖਿੱਤੇ ਦੇ ਲੋਕਾਂ ਨੇ ਆਪਣੀ ਹਿੱਕ ਡਾਹੀ ਅਤੇ ਦੇਸ਼ ਦੀ ਆਨ, ਬਾਨ ਅਤੇ ਸ਼ਾਨ ਲਈ ਕੁਰਬਾਨੀ ਦਿੱਤੀ। ਪੰਜਾਬ ਅਤੇ ਹਰਿਆਣਾ ਦੇ ਇਸ ਖੇਤਰ ਵਿਚ ਰਹਿੰਦੇ ਲੋਕ ਹਮੇਸ਼ਾ ਹੀ ਭਾਈਚਾਰਕ ਸਾਂਝ ਨਾਲ ਰਹਿੰਦੇ ਹਨ। ਜਦੋਂ ਵੀ ਇਨ੍ਹਾਂ ਲੋਕਾਂ ਉਪਰ ਕੋਈ ਪਰੇਸ਼ਾਨੀ ਆਉਂਦੀ ਹੈ, ਤਾਂ ਇਹ ਰਲ ਕੇ ਉਸ ਦਾ ਮੁਕਾਬਲਾ ਕਰਦੇ ਹਨ। ਸੋ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਅਜਿਹੇ ਕਾਰਜ ਕਰਨ, ਜਿਨ੍ਹਾਂ ਨਾਲ ਭਾਈਚਾਰਕ ਸਾਂਝ ਬਣੀ ਰਹੇ ਅਤੇ ਦੇਸ਼ ਦਾ ਵਿਕਾਸ ਹੁੰਦਾ ਰਹੇ। ਹੜ੍ਹ ਦਾ ਸਰਕਾਰਾਂ ਨੂੰ ਇਸ ਦਾ ਪੱਕਾ ਹੱਲ ਲੱਭਣਾ ਚਾਹੀਦਾ ਹੈ। ਸਬੰਧਤ ਵਿਭਾਗਾਂ ਦੀ ਜ਼ਿੰਮੇਵਾਰੀ ਤੈਅ ਕਰਨੀ ਚਾਹੀਦੀ ਹੈ, ਤਾਂ ਜੋ ਆਮ ਲੋਕਾਂ ਨੂੰ ਇਹ ਪ੍ਰਤੀਤ ਹੋਵੇ ਕਿ ਸਾਡੀਆਂ ਸਰਕਾਰਾਂ ਸਾਡੀ ਜਾਨ ਅਤੇ ਮਾਲ ਦੀ ਰਾਖੀ ਕਰਨ ਲਈ ਵਚਨਬੱਧ ਹਨ। ਪਿਛਲੇ ਕੁਝ ਮਹੀਨਿਆਂ ਤੋਂ ਸੂਬੇ ਅੰਦਰ ਵਾਪਰੀਆਂ ਘਟਨਾਵਾਂ ਨੇ ਲੋਕਾਂ ਨੂੰ ਵਿਚਲਿਤ ਕੀਤਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਮਾਨਸਿਕ ਅਤੇ ਸਮਾਜਿਕ ਤੌਰ 'ਤੇ ਲੋਕਾਂ ਨੂੰ ਯਕੀਨ ਦਿਵਾਉਣ ਕਿ ਉਹ ਸੁਰੱਖਿਅਤ ਹਨ? ਸਿਰਫ ਦੌਰੇ ਕਰਨ ਨਾਲ ਹੱਲ ਨਹੀਂ ਹੈ? ਸਾਨੂੰ ਸਭ ਤੋਂ ਪਹਿਲਾਂ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰਨਾ ਚਾਹੀਦਾ ਹੈ, ਤਾਂ ਜੋ ਆਉਣ ਵਾਲੇ ਸਮੇਂ ਵਿਚ ਸੂਬੇ ਦਾ ਹੋਰ ਜਾਨੀ ਅਤੇ ਮਾਲੀ ਨੁਕਸਾਨ ਨਾ ਹੋਵੇ। ਇਹ ਤਾਂ ਹੀ ਸੰਭਵ ਹੈ ਜੇਕਰ ਸਰਕਾਰ ਇੱਕ ਚੰਗੀ ਇੱਛਾ ਸ਼ਕਤੀ ਨਾਲ ਕੰਮ ਕਰੇ ਅਤੇ ਸਭ ਤੋਂ ਵੱਧ ਪਹਿਲ ਲੋਕ ਮੁੱਦਿਆਂ ਨੂੰ ਦੇਵੇ। ਮੀਡੀਆ ਦੀ ਸਭ ਤੋਂ ਵੱਡੀ ਸਮਾਜਿਕ ਜ਼ਿੰਮੇਵਾਰੀ ਇਹ ਹੁੰਦੀ ਹੈ ਕਿ ਜੇਕਰ ਸਰਕਾਰ ਅਤੇ ਲੋਕਾਂ ਵਿਚਲੀ ਦੂਰੀ ਨੂੰ ਖਤਮ ਕਰੇ ਅਤੇ ਲੋਕਾਂ ਦੀ ਆਵਾਜ਼ ਸਰਕਾਰ ਦੇ ਕੰਨਾਂ ਤੱਕ ਪਹੁੰਚਣ ਲਈ ਮੀਡੀਆ ਜ਼ਰੀਆ ਬਣੇ। ਸਰਕਾਰ ਸਾਰੇ ਲੋਕਾਂ ਦੀ ਭਲਾਈ ਲਈ ਕੰਮ ਕਰਕੇ, ਆਪਣੀ ਇਕ ਵਿਲੱਖਣ ਪਛਾਣ ਸਥਾਪਤ ਕਰੇ, ਤਾਂ ਜੋ ਦੇਸ਼ ਦੇ ਲੋਕਾਂ ਨੂੰ ਇਹ ਮਹਿਸੂਸ ਹੋਵੇ ਕਿ ਸਰਕਾਰ ਸਾਡੇ ਹਿੱਤ ਲਈ ਕੰਮ ਕਰ ਰਹੀ ਹੈ, ਨਾ ਕਿ ਸਰਕਾਰ ਨੂੰ ਦੇਸ਼ ਦੇ ਟੈਕਸ ਨਾਲ ਇਕੱਠੇ ਹੋਏ, ਪੈਸੇ ਨੂੰ ਵੱਖ-ਵੱਖ ਇਸ਼ਤਿਹਾਰਾਂ ਰਾਹੀਂ ਖਰਚ ਕੇ ਇਹ ਦੱਸਣਾ ਪਵੇਗਾ ਕਿ ਇਹ ਫੈਸਲੇ ਤੁਹਾਡੇ ਹਿੱਤ ਵਿਚ ਹਨ। ਸੋ ਲੋੜ ਹੈ ਅਸੀਂ ਆਪਣੇ ਗੌਰਵਸ਼ਾਲੀ ਵਿਰਸੇ ਨੂੰ ਬਚਾਈਏ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਕਾਰਾਤਮਕ ਤਰੀਕੇ ਨਾਲ ਹਰੇਕ ਵਰਗ ਨੂੰ ਧਿਆਨ ਦੇਵੇ।




-ਡਾ. ਸਰਬਜੀਤ ਸਿੰਘ
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,
ਖ਼ਾਲਸਾ ਕਾਲਜ ਪਟਿਆਲਾ
94176-26925
(Punjab Mail USA)




# ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਆਮ ਲੋਕਾ ਨੂੰ ਕੀ ਕਰਨਾ ਚਾਹੀਦਾ ਹੈ?

ਨਸ਼ੇ ਆਪਣੇ ਦੇਸ਼ ਦੀ ਜਵਾਨੀ ਦਾ ਘਾਣ ਕਰ ਰਹੇ ਹਨ, ਇਨ੍ਹਾਂ ਨਸ਼ਿਆਂ ਨੇ ਕਈ ਮਾਵਾਂ ਦੇ ਪੁੱਤ, ਭੈਣਾਂ ਦੇ ਭਰਾ, ਸੁਹਾਗਣਾਂ ਦੇ ਸੁਹਾਗ ਤੇ ਨਿੱਕੇ-ਨਿੱਕੇ ਬੱਚਿਆਂ ਦੇ ਬਾਪ ਨਿਗਲ ਲਏ ਹਨ। ਮੇਰੇ ਹਿਸਾਬ ਨਾਲ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਸਰਕਾਰਾਂ ਤਾਂ ਕੁਝ ਨਹੀਂ ਕਰਦੀਆਂ, ਸਾਨੂੰ ਆਮ ਲੋਕਾਂ ਨੂੰ ਹੀ ਨਸ਼ਿਆਂ ਵਿਰੁੱਧ ਖੜ੍ਹੇ ਹੋਣਾ ਪੈਣਾ ਹੈ।

1. ਸਭ ਤੋਂ ਪਹਿਲਾਂ ਹਰ ਮਾਤਾ-ਪਿਤਾ ਦਾ ਆਪ ਨਸ਼ੇ ਰਹਿਤ ਹੋਣਾ ਤੇ ਚੰਗੇ ਗੁਣਾਂ ਦਾ ਧਾਰਨੀ ਹੋਣਾ ਬਹੁਤ ਜ਼ਰੂਰੀ ਹੈ ਅਤੇ ਮਾਤਾ-ਪਿਤਾ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਮਾੜੀ ਸੰਗਤ ਤੋਂ ਦੂਰ ਰੱਖਣ।
2. ਮਾਪੇ ਆਪਣੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜ ਕੇ, ਚੰਗੇ ਸਾਹਿਤ ਨਾਲ ਜੋੜ ਕੇ ਤੇ ਗੁਰੂ ਦੀ ਓਟ ਆਸਰਾ ਲੈ ਕੇ ਨਸ਼ਿਆਂ ਤੋਂ ਦੂਰ ਕਰ ਸਕਦੇ ਹਨ।
3. ਸਰਕਾਰ ਭਾਵੇਂ ਕੋਈ ਵੀ ਹੋਵੇ, ਸਭ ਨਸ਼ੇ ਦੇ ਵਪਾਰੀ ਹਨ। ਇਸ ਲਈ ਸਾਨੂੰ ਚਾਹੀਦਾ ਹੈ ਕਿ ਹਰ ਪਿੰਡ ਵਿਚ ਨਸ਼ਾ ਵਿਰੋਧੀ ਕਮੇਟੀਆਂ ਦੀ ਸਥਾਪਨਾ ਕੀਤੀ ਜਾਵੇ, ਕਈ ਥਾਵਾਂ 'ਤੇ ਕਮੇਟੀਆਂ ਬਣ ਵੀ ਗਈਆਂ ਹਨ, ਤਾਂ ਜੋ ਹਰ ਪਿੰਡ ਵਿਚ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਨੌਜਵਾਨ ਪੀੜ੍ਹੀਆਂ ਨੂੰ ਸੁਚੇਤ ਕਰਨ ਤੇ ਨਸ਼ਾ ਵੇਚਣ 'ਤੇ ਰੋਕ ਲਗਾਉਣ ਤੇ ਜੇਕਰ ਕੋਈ ਨਸ਼ਾ ਵੇਚਦਾ ਜਾਂ ਖਰੀਦਦਾ ਫੜਿਆ ਜਾਵੇ, ਤਾਂ ਉਸ ਨੂੰ ਕਮੇਟੀ ਆਪਣੇ ਢੰਗ ਨਾਲ ਸਜ਼ਾ ਦੇਣ ਦਾ ਅਧਿਕਾਰ ਵੀ ਰੱਖਦੀ ਹੋਵੇ।
4. ਉਨ੍ਹਾਂ ਲੋਕਾਂ ਦਾ ਡੱਟ ਕੇ ਵਿਰੋਧ ਕਰੋ, ਜਿਹੜੇ ਨਸ਼ੇ ਦੇ ਸੌਦਾਗਰ ਆਪਣੇ ਫਾਇਦੇ ਲਈ ਮਲੂਕ ਜ਼ਿੰਦਗੀਆਂ ਦਾ ਘਾਣ ਕਰ ਰਹੇ ਹਨ।
5. ਭ੍ਰਿਸ਼ਟ ਲੀਡਰਸ਼ਿਪ ਨੂੰ ਹਟਾ ਕੇ ਸਾਫ-ਸੁਥਰੀ ਅਤੇ ਉੱਚੀ-ਸੁੱਚੀ ਲੀਡਰਸ਼ਿਪ ਨੂੰ ਅੱਗੇ ਆਉਣ ਦਾ ਮੌਕਾ ਦਿਉ, ਜਿਸ ਨਾਲ ਸਰਬੱਤ ਦਾ ਭਲਾ, ਨਸ਼ਾ ਰਹਿਤ ਦੇਸ਼, ਲੋੜਵੰਦਾਂ ਦੀ ਮਦਦ ਤੇ ਧੰਨ-ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਮਾਰਗ 'ਤੇ ਚੱਲ ਕੇ ਦੇਸ਼ ਦੀ ਜਵਾਨੀ ਨਸ਼ਿਆਂ ਤੋ ਬਚਾ ਕੇ ਇੱਕ ਚੰਗੇ ਸਿੱਖ ਸਮਾਜ ਦੀ ਸਿਰਜਣਾ ਕਰ ਸਕੀਏ ਤੇ ਦੇਸ਼ ਨਸ਼ਾ ਮੁਕਤ ਬਣਾ ਸਕੀਏ।
6. ਬੱਚਿਆਂ ਨੂੰ ਸਕੂਲਾਂ ਵਿਚ ਵੀ ਨਸ਼ਿਆਂ ਵਿਰੁੱਧ ਇੱਕ ਸਬਜੈਕਟ ਲਾਜ਼ਮੀ ਪੜ੍ਹਾਇਆ ਜਾਣਾ ਚਾਹੀਦਾ, ਤਾਂ ਜੋ ਬੱਚੇ ਨਸ਼ਿਆ ਤੋਂ ਬਚ ਸਕਣ।




ਪਰਮਜੀਤ ਕੌਰ ਸੋਢੀ
ਭਗਤਾ ਭਾਈ ਕਾ
94786-58384
(Punjab Mail USA)




# ਲਿਬਾਸ ਤੇ ਗਹਿਣੇ



ਡਾ. ਹਰਸ਼ਿੰਦਰ ਕੌਰ
ਬੱਚਿਆਂ ਦੀ ਮਾਹਿਰ
28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ।
ਫੋਨ ਨੰ : 0175-2216783
(Punjab Mail USA)



ਖੋਜੀ ਵੀ ਕਈ ਵਾਰ ਕਮਾਲ ਦੇ ਤੱਥ ਲੱਭ ਲਿਆਉਂਦੇ ਹਨ। ਪੁਰਾਣੇ ਸਮਿਆਂ ਦੀਆਂ ਮਿਲੀਆਂ ਲਾਸ਼ਾਂ ਨਾਲ ਚੰਬੜੀਆਂ ਮਰ ਚੁੱਕੀਆਂ ਜੂੰਆਂ ਦਾ ਅਧਿਐਨ ਕੀਤਾ ਗਿਆ, ਤਾਂ ਪਤਾ ਲੱਗਿਆ ਕਿ ਜਿਨ੍ਹਾਂ ਜੂੰਆਂ ਦੇ ਅੰਦਰ ਉਨ੍ਹਾਂ ਦੇ ਵੰਸ਼ਜਾਂ ਵੱਲੋਂ ਮਿਲਿਆ ਕੱਪੜੇ ਦਾ ਅੰਸ਼ ਲੱਭਿਆ, ਉਹ ਲਗਭਗ ਇੱਕ ਲੱਖ 70 ਹਜ਼ਾਰ ਸਾਲ ਪੁਰਾਣਾ ਹੈ।

ਇਸ ਤੋਂ ਇਹ ਤਾਂ ਅੰਦਾਜ਼ਾ ਹੋ ਗਿਆ ਕਿ ਬਾਂਦਰਾਂ ਤੋਂ ਉਪਜੇ ਮਨੁੱਖ ਨੇ ਆਪਣੇ ਆਪ ਨੂੰ ਘੱਟੋ-ਘੱਟ ਠੰਡ ਤੋਂ ਬਚਾਉਣ ਲਈ ਕੋਈ ਉਪਾਅ ਤਾਂ ਲੱਭ ਹੀ ਲਿਆ ਸੀ।

ਇਹ ਵੀ ਮੰਨ ਲਿਆ ਗਿਆ ਹੈ ਕਿ ਇਹ ਪਹਿਲੇ ਮਨੁੱਖ ਅਫਰੀਕਾ ਦੇ ਇਲਾਕੇ ਵਿਚੋਂ ਸਨ, ਜਿਨ੍ਹਾਂ ਵਿਚ ਮਾੜੀ-ਮੋਟੀ ਸੋਝੀ ਪੈਦਾ ਹੋਈ, ਉਹ ਪੱਤੇ ਅਤੇ ਝਾੜ ਫੂਸ ਨਾਲ ਆਪਣੇ ਢਿੱਡ ਹੇਠੋਂ ਅੱਧਾ ਕੁ ਧੜ ਕੱਜਣ ਲੱਗ ਪਏ, ਜਿੱਥੇ ਲੱਗੀ ਸੱਟ ਬਹੁਤ ਜ਼ਿਆਦਾ ਪੀੜ ਕਰਦੀ ਸੀ। "ਮੌਲੀਕਿਊਲਰ ਬਾਇਓਲੋਜੀ ਅਤੇ ਐਵੋਲਿਊਸ਼ਨ ਜਰਨਲ" 'ਚ ਛਪੀ ਇਹ ਖੋਜ ਬਹੁਤ ਕੁੱਝ ਸਪੱਸ਼ਟ ਕਰਦੀ ਹੈ ਕਿ ਕਿਵੇਂ ਹੌਲੀ-ਹੌਲੀ ਬਹਾਦਰੀ ਵਿਖਾਉਣ ਲਈ ਸ਼ਿਕਾਰੀ ਆਪਣੇ ਸ਼ਿਕਾਰ ਦੀ ਚਮੜੀ ਕਮਰ ਦੁਆਲੇ ਬੰਨ੍ਹ ਲੈਂਦੇ ਤੇ ਗਲ ਦੁਆਲੇ ਹੱਡੀਆਂ ਪਿਰੋ ਕੇ ਰੱਖਦੇ। ਇਨ੍ਹਾਂ ਨੂੰ ਸ਼ਿੰਗਾਰਨ ਲਈ ਅਤੇ ਆਪਣੇ ਚਮੜੀ ਉੱਤੇ ਰਗੜ ਲੱਗਣ ਤੋਂ ਬਚਾਉਣ ਲਈ ਕਈ ਤਰ੍ਹਾਂ ਦੇ ਪੱਤੇ ਅਤੇ ਘਾਹ ਜਾਂ ਦਰੱਖਤ ਦੀ ਛਾਲ ਤੋਂ ਇਲਾਵਾ ਮਲੂਕ ਜਾਨਵਰਾਂ ਦੀ ਖੱਲ ਵੀ ਵਰਤੀ ਜਾਂਦੀ।

ਇਸ ਸਾਰੇ ਵਰਤਾਰੇ ਵਿਚ ਸ਼ਰਮ ਜਾਂ ਹਯਾ ਉੱਕਾ ਹੀ ਨਹੀਂ ਸੀ। ਸਿਰਫ਼ ਵਿਖਾਵਾ ਜਾਂ ਸੱਟ ਫੇਟ ਤੋਂ ਬਚਣ ਲਈ ਜਾਂ ਠੰਡ ਵਿਚ ਪੂਰਾ ਕੱਜ ਕੇ ਆਪਣਾ ਬਚਾਓ ਕਰਨ ਲਈ ਹੀ ਸਰੀਰ ਢਕਣ ਦੀ ਲੋੜ ਹੁੰਦੀ ਸੀ।

ਪੈਰਾਂ ਨੂੰ ਬਚਾਉਣ ਲਈ ਵੀ ਖੱਲ ਜਾਂ ਲੱਕੜਾਂ ਅਤੇ ਘਾਹ ਫੂਸ ਵਰਤਿਆ ਜਾਣ ਲੱਗ ਪਿਆ, ਜਿਸ ਨੂੰ ਕਿਸੇ ਔਰਤ ਨਾਲ ਪਿਆਰ ਹੁੰਦਾ, ਉਹ ਆਪਣੇ ਸ਼ਿਕਾਰ ਵਿਚੋਂ ਹੱਡੀਆਂ ਦੀ ਮਾਲਾ ਜਾਂ ਬਾਂਹ ਉੱਤੇ ਕੁੱਝ ਪਾਉਣ ਨੂੰ ਤੋਹਫ਼ੇ ਵਜੋਂ ਭੇਂਟ ਕਰ ਦਿੰਦਾ ਤੇ ਉਸ ਉੱਤੇ ਆਪਣੀ ਮਲਕੀਅਤ ਵੀ ਸਾਬਤ ਕਰ ਦਿੰਦਾ। ਇਹ ਤੋਹਫ਼ਾ ਪਛਾਣ ਦਾ ਕੰਮ ਵੀ ਦਿੰਦਾ ਕਿ ਕੋਈ ਹੋਰ ਉਸ ਉੱਤੇ ਅੱਖ ਨਾ ਰੱਖੇ।

ਫਿਰ ਦੌਰ ਸ਼ੁਰੂ ਹੋਇਆ ਗ਼ੁਲਾਮੀ ਦਾ, ਅਮੀਰੀ ਦਾ, ਰਾਜਿਆਂ ਦਾ! ਉਦੋਂ ਮਾਨਸਿਕਤਾ ਉੱਤੇ ਵਿਖਾਵਾ ਬਹੁਤ ਜ਼ਿਆਦਾ ਭਾਰੀ ਪੈ ਗਿਆ। ਜਿੱਥੇ ਇੱਕ ਪਾਸੇ ਮਹਿੰਗੇ ਕੱਪੜੇ, ਹੀਰੇ ਜਵਾਹਰਾਤ ਰਾਜਿਆਂ ਮਹਾਰਾਜਿਆਂ ਦੀ ਮਲਕੀਅਤ ਬਣ ਗਏ, ਉੱਥੇ ਗੁਲਾਮਾਂ ਦੇ ਪੈਰਾਂ ਵਿਚਲੀਆਂ ਬੇੜੀਆਂ, ਵਿੰਨ੍ਹੇ ਹੋਏ ਨੱਕ ਅਤੇ ਕੰਨ, ਨੱਚਣ ਵਾਲੀਆਂ ਦੇ ਪੈਰੀਂ ਘੁੰਗਰੂ, ਇਕ ਨੀਵੀਂ ਜਾਤ ਦੀ ਨਿਸ਼ਾਨੀ ਮੰਨ ਲਏ ਗਏ। ਜਿੰਨਾ ਜ਼ਿਆਦਾ ਪੈਸਾ, ਓਨੀ ਮਹਿੰਗੀ ਪੁਸ਼ਾਕ ਉੱਤੇ ਹੀਰੇ ਅਤੇ ਸੋਨੇ ਦੀਆਂ ਤਾਰਾਂ ਦਾ ਕੰਮ! ਸਿਰ ਉੱਤੇ ਸਜੇ ਤਾਜ ਵਿਚ ਵੀ ਮਹਿੰਗੇ ਹੀਰੇ ਜੜਨੇ ਸ਼ੁਰੂ ਹੋ ਗਏ।

ਹੋਰ ਲਾਲਸਾ ਵਧੀ ਤਾਂ ਸੌਣ ਵਾਲੇ ਪਲੰਘਾਂ, ਕੰਧਾਂ, ਦਰਵਾਜ਼ਿਆਂ ਉੱਤੇ ਵੀ ਸੋਨਾ ਥੱਪ ਦਿੱਤਾ ਗਿਆ। ਰਾਜਿਆਂ ਤੇ ਦਰਬਾਰੀਆਂ ਦੀਆਂ ਕੁਰਸੀਆਂ ਉੱਤੇ ਵੀ ਸੋਨਾ ਲੱਗ ਪਿਆ। ਫਿਰ ਪਲੇਟਾਂ, ਚਮਚ, ਗਿਲਾਸ ਵੀ ਸੋਨੇ ਚਾਂਦੀ ਦੇ ਹੋ ਗਏ। ਹਾਥੀ ਅਤੇ ਘੋੜਿਆਂ ਦੁਆਲੇ ਵੀ ਸੋਨੇ ਚਾਂਦੀ ਬੰਨ੍ਹੇ ਜਾਣ ਲੱਗੇ।

ਮਨੁੱਖੀ ਲਾਲਸਾ ਨੂੰ ਠੱਲ੍ਹ ਨਹੀਂ ਪਈ ਤੇ ਹੋਰਨਾਂ ਰਾਜਾਂ ਉੱਤੇ ਹੱਲਾ ਬੋਲ ਕੇ, ਬੇਕਸੂਰ ਲੋਕਾਂ ਦੀ ਜਾਨ ਲੈ ਕੇ ਦੂਜੇ ਰਾਜਾਂ ਦੀ ਜਾਇਦਾਦ ਵੀ ਖੋਹੀ ਜਾਣ ਲੱਗ ਪਈ ਕਿ ਖਜ਼ਾਨੇ ਹੋਰ ਭਰੇ ਜਾ ਸਕਣ। ਕੁੱਝ ਰਾਜਿਆਂ ਦੀ ਲਾਲਸਾ ਸਿਰਫ਼ ਖਜ਼ਾਨੇ ਤੱਕ ਸੀਮਤ ਨਾ ਰਹੀ, ਬਲਕਿ ਔਰਤਾਂ ਵੀ ਚੁੱਕ ਕੇ ਲਿਆਉਣ ਵੱਲ ਜੁਟ ਗਏ। ਫਿਰ ਵੀ ਰੱਜ ਨਾ ਪਿਆ ਤਾਂ ਆਪਣਾ ਰਾਜ ਤਿਆਗ ਪੂਰੀ ਦੁਨੀਆਂ ਫਤਿਹ ਕਰਨ ਵੱਲ ਚਾਲੇ ਪਾ ਲਏ। ਲੁੱਟ-ਖਸੁੱਟ ਕਰਦਿਆਂ ਅਣਗਿਣਤ ਰਾਜੇ ਵਾਪਸ ਆਪਣੇ ਰਾਜ ਵੱਲ ਪਹੁੰਚ ਹੀ ਨਾ ਸਕੇ ਤੇ ਰਾਹ ਵਿਚ ਹੀ ਮਾਰੇ ਗਏ। ਨਾ ਉਹ ਆਪਣੇ ਰਾਜ ਵਿਚਲੀ ਦੌਲਤ ਦਾ ਆਨੰਦ ਮਾਣ ਸਕੇ ਤੇ ਨਾ ਹੀ ਆਪਣੀ ਔਰਤ ਦਾ ਸਾਥ।

ਇਸ ਵਰਤਾਰੇ ਵਿਚ ਠੱਲ੍ਹ ਨਹੀਂ ਪਈ। ਹਰ ਅਗਲਾ ਰਾਜਾ ਪਿਛਲੇ ਤੋਂ ਵੱਧ ਤਾਕਤਵਰ ਤੇ ਵੱਧ ਅਮੀਰ ਬਣਨ ਵੱਲ ਤੁਰਦਾ ਹੀ ਦੁਨੀਆਂ ਤੋਂ ਕੂਚ ਕਰ ਗਿਆ। ਕਿਸੇ ਦਾ ਨਾਮੋ-ਨਿਸ਼ਾਨ ਨਹੀਂ ਬਚਿਆ। ਮਹਿੰਗੇ ਲਿਬਾਸ ਅਤੇ ਹੀਰੇ ਜਵਾਹਰਾਤ ਲੁੱਟੇ ਗਏ ਜਾਂ ਮਿਊਜ਼ੀਅਮ ਦਾ ਸ਼ਿੰਗਾਰ ਬਣ ਗਏ।

ਜਿੰਨੀ ਵੱਧ ਕਿਸੇ ਰਾਜੇ ਦੀ ਲਾਲਸਾ ਹੁੰਦੀ, ਓਨਾ ਹੀ ਉਹ ਵੱਧ ਕਰੂਰ ਹੋ ਜਾਂਦਾ। ਉਸ ਨੂੰ ਗ਼ੁਲਾਮਾਂ ਅਤੇ ਬੰਦੀਆਂ ਉੱਤੇ ਅਣਮਨੁੱਖੀ ਤਸੀਹੇ ਦੇ ਕੇ ਮਾਰਨ ਨਾਲ ਆਨੰਦ ਮਹਿਸੂਸ ਹੁੰਦਾ। ਔਰਤਾਂ ਅਤੇ ਬੱਚਿਆਂ ਉੱਤੇ ਤਸ਼ੱਦਦ ਇਕ ਆਮ ਘਟਨਾ ਬਣ ਜਾਂਦੀ, ਜੋ ਸਦੀਆਂ ਤੱਕ ਅੱਗੇ ਤੁਰਦਾ ਅੱਜ ਤੱਕ ਉਸੇ ਤਰ੍ਹਾਂ ਦਾ ਵਰਤਾਰਾ ਚੱਲ ਰਿਹਾ ਹੈ।

ਹੌਲੀ-ਹੌਲੀ ਲੋਕ ਵੱਖੋ-ਵੱਖ ਥਾਵਾਂ ਮਲ ਕੇ ਬਹਿ ਗਏ ਤੇ ਉੱਥੋਂ ਦੇ ਪਹਿਰਾਵੇ ਅਤੇ ਗਹਿਣਿਆਂ ਨੂੰ ਆਪਣੀ ਵੱਖਰੀ ਪਛਾਣ ਮੰਨ ਲਿਆ।

ਪੱਥਰ ਯੁੱਗ ਵਿਚ ਜਾਨਵਰਾਂ ਦੀਆਂ ਹੱਡੀਆਂ ਤੋਂ ਸ਼ੁਰੂ ਹੋਇਆ ਬਹਾਦਰੀ ਦੀ ਪਛਾਣ ਦਾ ਮੁੱਦਾ ਹੌਲੀ-ਹੌਲੀ ਰਾਜਸੀ ਮੁੰਦਰੀਆਂ ਦੀ ਪਛਾਣ ਦਾ ਆਧਾਰ ਬਣ ਗਿਆ। ਲਗਭਗ 25,000 ਸਾਲ ਪਹਿਲਾਂ ਹਾਥੀ ਦੰਦ, ਤਾਂਬਾ, ਚਾਂਦੀ, ਲੋਹਾ, ਪਿੱਤਲ ਆਦਿ ਵਰਤੇ ਜਾਂਦੇ ਰਹੇ। ਚਾਂਦੀ ਵਿਚ ਨੀਲੇ ਨਗ ਪਾਉਣੇ ਬਹੁਤ ਉੱਚ ਬਿਰਾਦਰੀ ਅਤੇ ਰਾਈਸੀ ਨੂੰ ਸਾਬਤ ਕਰਨ ਦੀ ਨਿਸ਼ਾਨੀ ਬਣਾ ਦਿੱਤੇ ਗਏ ਸਨ।

ਇੱਕ ਲੱਖ 30 ਹਜ਼ਾਰ ਸਾਲ ਪਹਿਲਾਂ ਨੈਂਡਰਥਲ ਵੱਲੋਂ ਜਾਨਵਰਾਂ ਦੇ ਦੰਦ, ਸਮੁੰਦਰੀ ਜੀਵਾਂ ਦੇ ਸ਼ੈੱਲ, ਬਾਜ਼ ਦੀ ਚੁੰਝ ਆਦਿ, ਤੋਂ ਬਣਾਏ ਗਏ ਗਲੇ ਦੇ ਹਾਰ ਤੇ ਬਾਹਵਾਂ ਦੇ ਕੜੇ ਲੱਭੇ ਜਾ ਚੁੱਕੇ ਹਨ।

ਹੌਲੀ-ਹੌਲੀ ਈਜਿਪਟ ਦੇ ਲੋਕਾਂ ਨੇ ਭੂਤ ਪ੍ਰੇਤਾਂ ਤੋਂ ਬਚਣ ਲਈ ਇਹੋ ਚੀਜ਼ਾਂ ਦੁਬਾਰਾ ਵਰਤਣੀਆਂ ਸ਼ੁਰੂ ਕਰ ਦਿੱਤੀਆਂ। ਕਮਾਲ ਤਾਂ ਇਹ ਹੈ ਕਿ ਇੱਕੀਵੀਂ ਸਦੀ ਵਿਚ ਉਸੇ ਤਰ੍ਹਾਂ ਦੀਆਂ ਚੀਜ਼ਾਂ ਦਾ ਫਿਰ ਫੈਸ਼ਨ ਉਭਰਦਾ ਵੇਖਿਆ ਗਿਆ ਹੈ, ਜਿੱਥੇ ਫੈਸ਼ਨ ਦੇ ਮਹਾਰਥੀਆਂ ਨੇ ਘਾਹ ਪੱਤੀਆਂ ਦੇ ਕੱਪੜੇ ਅਤੇ ਖੋਪੜੀ ਦੀ ਸ਼ਕਲ ਦੇ ਲੋਹੇ ਤੇ ਚਾਂਦੀ ਦੇ ਗਹਿਣੇ ਬਣਾ ਦਿੱਤੇ ਹਨ, ਜਿਨ੍ਹਾਂ ਨੂੰ ਚੋਟੀ ਦੇ ਅਮੀਰ ਲੋਕ ਪਾ ਕੇ ਤੁਰਦੇ ਵੇਖੇ ਗਏ ਹਨ।

ਇੱਕ ਵੇਲਾ ਅਜਿਹਾ ਵੀ ਆਇਆ, ਜਿੱਥੇ ਔਰਤ ਨੂੰ ਕੱਪੜਿਆਂ ਨਾਲ ਪੂਰੀ ਤਰ੍ਹਾਂ ਢੱਕ ਕੇ ਪਰਦੇ ਪਿੱਛੇ ਡੱਕ ਦਿੱਤਾ ਗਿਆ। ਇਹ ਮਰਦ ਪ੍ਰਧਾਨ ਸਮਾਜ ਦੀ ਪਹਿਲੀ ਜਿੱਤ ਸੀ। ਔਰਤ ਨੇ ਵੇਲੇ-ਕੁਵੇਲੇ ਬਗ਼ਾਵਤ ਕੀਤੀ, ਜਿਹੜੀ ਕੁਚਲ ਦਿੱਤੀ ਗਈ। ਫਿਰ ਹੌਲੀ-ਹੌਲੀ ਬਦਲਾਓ ਸ਼ੁਰੂ ਹੋਇਆ ਤੇ ਹੁਣ ਦੁਨੀਆਂ ਦੇ ਕਈ ਹਿੱਸਿਆਂ ਵਿਚ ਪਰਦਾ ਸਿਸਟਮ ਉੱਕਾ ਹੀ ਖ਼ਤਮ ਹੋ ਚੁੱਕਿਆ ਹੈ।

ਧਰਮ ਨੇ ਵੀ ਪਹਿਰਾਵੇ ਉੱਤੇ ਡੂੰਘਾ ਅਸਰ ਛੱਡਿਆ। ਧਰਮ ਦੇ ਚਿੰਨ੍ਹ, ਲਿਬਾਸ ਆਦਿ ਨੇ ਵੀ ਵੱਖ ਪਛਾਣ ਕਾਇਮ ਕੀਤੀ, ਜਿੱਥੇ ਧਾਰਮਿਕ ਆਗੂਆਂ ਨੇ ਔਰਤ ਉੱਤੇ ਕਈ ਬੰਦਸ਼ਾਂ ਲਾਗੂ ਕਰ ਦਿੱਤੀਆਂ।

ਧਰਮ, ਜਾਤ-ਪਾਤ, ਸੱਭਿਅਤਾ, ਗੱਲ ਕੀ ਹਰ ਕਿਸੇ ਨੇ ਲਿਬਾਸ ਅਤੇ ਗਹਿਣਿਆਂ ਉੱਤੇ ਛਾਪ ਛੱਡੀ। ਤਿਉਹਾਰਾਂ ਦੇ ਕੱਪੜੇ ਤੇ ਗਹਿਣੇ, ਰਸਮਾਂ-ਰਿਵਾਜ਼ਾਂ, ਦਾਜ, ਵਿਆਹ, ਮੌਤ, ਸਭ ਕੁੱਝ ਲਈ ਜੁੱਤੀਆਂ, ਪਹਿਰਾਵੇ, ਗਹਿਣੇ ਵੱਖ ਕਰ ਦਿੱਤੇ ਗਏ। ਕਿਸੇ ਥਾਂ ਉੱਤੇ ਵਿਆਹ ਵੇਲੇ ਦੇ ਕੱਪੜੇ ਔਰਤਾਂ ਲਈ ਚਿੱਟੇ, ਕਿਤੇ ਲਾਲ ਹੋ ਗਏ। ਕਿਸੇ ਥਾਂ ਮੌਤ ਉੱਤੇ ਚਿੱਟੇ ਜਾਂ ਕਾਲੇ ਹੋ ਗਏ। ਹੁਣ ਤੱਕ ਇਸ਼ਤਿਹਾਰਬਾਜ਼ੀ ਰਾਹੀਂ ਔਰਤਾਂ ਤੇ ਬੱਚੇ ਵੱਖੋ-ਵੱਖਰੇ ਫੈਸ਼ਨਾਂ ਵਿਚ ਭਰਮਾਏ ਜਾਂਦੇ ਰਹੇ ਪਰ ਹੁਣ ਮਰਦਾਂ ਲਈ ਵੀ ਟਾਈ, ਪੈਂਟ, ਪਜਾਮਾ, ਕੁਰਤਾ, ਧੋਤੀ, ਨਿੱਕਰ, ਸ਼ਰਟ, ਰੁਮਾਲ, ਬੂਟ, ਗਹਿਣੇ, ਜੁੱਤੀਆਂ ਬਣਾ ਦਿੱਤੇ ਗਏ ਹਨ। ਕੰਨਾਂ ਦੀਆਂ ਮੁਰਕੀਆਂ, ਗੁੱਟ ਦੇ ਕੜੇ, ਗਲ ਦੇ ਮੋਟੇ ਹਾਰ ਤੇ ਹਰ ਉਂਗਲ ਲਈ ਮੁੰਦਰੀਆਂ ਹੁਣ ਤਰ੍ਹਾਂ-ਤਰ੍ਹਾਂ ਦੇ ਮਰਦਾਂ ਦੇ ਸਰੀਰਾਂ ਉੱਤੇ ਵੀ ਸੁਸ਼ੋਭਿਤ ਲੱਭਦੀਆਂ ਹਨ।

ਖ਼ਰੀਦੋ-ਫ਼ਰੋਖਤ ਵਧਾਉਣ ਲਈ ਅਜੀਬੋ-ਗਰੀਬ ਫੈਸ਼ਨ, ਵਾਲਾਂ ਦੇ ਸਟਾਈਲ, ਚੱਪਲਾਂ, ਜੁੱਤੀਆਂ, ਸੈਂਡਲ, ਬੂਟ, ਖੜਾਵਾਂ ਤੇ ਦੂਜੇ ਪਾਸੇ ਮੱਝ ਦੇ ਗਲੇ ਦੇ ਸੰਗਲ ਜਿੰਨੇ ਮੋਟੇ ਹਾਰਾਂ ਤੋਂ ਲੈ ਕੇ ਮਹੀਨ ਚੇਨ ਵਿਚ ਇੱਕੋ ਵੱਡਾ ਹੀਰਾ ਜਾਂ ਖੰਭਾਂ ਤੋਂ ਬਣੇ ਕਾਂਟੇ, ਫੁੱਲਾਂ ਦੇ ਹਾਰ ਤੱਕ ਅਣਗਿਣਤ ਫੈਸ਼ਨ ਇਸ ਵੇਲੇ ਚੱਲ ਰਹੇ ਹਨ। ਕੱਪੜਿਆਂ ਦੇ ਡਿਜ਼ਾਈਨ ਤਾਂ ਹੱਦਾਂ ਪਾਰ ਕਰ ਚੁੱਕੇ ਹਨ। ਨੰਗੇਜ਼ ਹੁਣ ਇਕ ਫੈਸ਼ਨ ਬਣ ਕੇ ਉਭਰ ਰਿਹਾ ਹੈ।

ਔਰਤ ਦੀ ਨਿਸ਼ਾਨਦੇਹੀ ਕਰਨ ਲਈ ਉਸ ਨੂੰ ਵਿਆਹ ਤੋਂ ਪਹਿਲਾਂ ਤੇ ਬਾਅਦ ਦਾ ਦੂਰੋਂ ਪਤਾ ਲਾਉਣ ਲਈ ਚੂੜਾ, ਸੁਰਖੀ, ਜ਼ੇਵਰ, ਮਹਿੰਦੀ, ਕੱਪੜਿਆਂ ਵਿਚਲਾ ਫਰਕ, ਸੰਧੂਰ, ਬਿੰਦੀ ਆਦਿ ਲਾਜ਼ਮੀ ਕਰ ਦਿੱਤੇ ਗਏ, ਜਿਸ ਨੂੰ ਔਰਤਾਂ ਨੇ ਸੌਖਿਆਂ ਹੀ ਅਪਨਾ ਲਿਆ। ਹਰ ਤਬਦੀਲੀ ਔਰਤ ਲਈ ਮਰਦ ਨੂੰ ਰਿਝਾਉਣ, ਉਸ ਦੀ ਉਮਰ ਲੰਮੀ ਕਰਨ, ਉਸ ਦੀ ਸੇਵਾ ਕਰਨ, ਫਿਰ ਪੁੱਤਰ ਜੰਮਣ ਲਈ ਵਰਤ ਰੱਖਣ ਆਦਿ ਤੋਂ ਲੈ ਕੇ ਹਰ ਤਰ੍ਹਾਂ ਦੇ ਤਿਉਹਾਰ, ਮੌਸਮ ਜਾਂ ਕਿਸੇ ਖ਼ਾਸ ਪ੍ਰੋਗਰਾਮ ਲਈ ਤਿਆਰ ਹੋਣ ਦੇ ਵੱਖਰੇ ਕੱਪੜੇ ਤੇ ਜ਼ੇਵਰ ਤਿਆਰ ਹੋ ਗਏ।

ਜਦੋਂ ਇਹੀ ਮਹਿੰਗੇ ਗਹਿਣੇ ਅਤੇ ਕੱਪੜੇ ਦਾਜ ਦਾ ਰੂਪ ਇਖ਼ਤਿਆਰ ਕਰ ਗਏ ਤਾਂ ਅਣਗਿਣਤ ਔਰਤਾਂ ਮੌਤ ਦੇ ਮੂੰਹ ਗਈਆਂ ਤੇ ਬੇਅੰਤ ਮਾਪੇ ਕਰਜ਼ਈ ਹੋ ਕੇ ਸੜਕਾਂ ਉੱਤੇ ਆ ਗਏ ਜਾਂ ਖ਼ੁਦਕੁਸ਼ੀ ਕਰ ਗਏ।

ਇਸ ਸਭ ਦੇ ਬਾਵਜੂਦ ਰਿਵਾਜ਼ਾਂ ਵਿਚ ਉੱਕਾ ਹੀ ਕੋਈ ਫ਼ਰਕ ਨਾ ਪਿਆ। ਸਗੋਂ ਇਸ ਵਿਚ ਦੇਣ ਲੈਣ ਹਰ ਸਦੀ ਨਵੀਆਂ ਦਿਸਹੱਦਾਂ ਤੈਅ ਕਰਦਾ ਰਿਹਾ।

ਪੱਛਮੀ ਸੱਭਿਅਤਾ ਦਾ ਏਨਾ ਡੂੰਘਾ ਪ੍ਰਭਾਵ ਚੁਫ਼ੇਰੇ ਵੇਖਣ ਨੂੰ ਮਿਲ ਰਿਹਾ ਹੈ ਕਿ ਹੁਣ ਦੁਨੀਆਂ ਦੇ ਹਰ ਕੋਨੇ ਵਿਚ ਉਹ ਪਹਿਰਾਵਾ ਵੇਖਿਆ ਜਾ ਸਕਦਾ ਹੈ। ਇੰਜ ਵੱਖੋ-ਵੱਖਰੇ ਪਹਿਰਾਵੇ ਅਤੇ ਸੱਭਿਅਤਾਵਾਂ ਨਾਲ ਜੁੜੇ ਜ਼ੇਵਰ ਹੌਲੀ-ਹੌਲੀ ਲੋਪ ਹੋਣ ਵੱਲ ਤੁਰ ਪਏ ਹਨ।

ਜਿੱਥੋਂ ਮਨੁੱਖ ਸ਼ੁਰੂ ਹੋਇਆ ਸੀ, ਹੁਣ ਤਾਂ ਦੁਨੀਆਂ ਦੇ ਕਈ ਹਿੱਸਿਆਂ ਵਿਚ ਉਸੇ ਤਰ੍ਹਾਂ ਬਿਨਾਂ ਕੱਪੜਿਆਂ ਦੇ ਘੁੰਮ ਕੇ ਲੋਕ ਆਪਣੇ ਆਪ ਨੂੰ ਅਗਾਂਹਵਧੂ ਸਾਬਤ ਕਰਨ ਲੱਗੇ ਹੋਏ ਹਨ। ਇੰਗਲੈਂਡ ਵਿਚਲੀ ਮਸ਼ਹੂਰ ਨਿਰਵਸਤਰ ਸਾਈਕਲ ਰੇਸ, ਨਿਊਡ ਬੀਚ, ਨਿਰਵਸਤਰ ਪਾਰਟੀਆਂ, ਨਿਰਵਸਤਰ ਡਾਂਸ ਆਦਿ, ਅਨੇਕ ਚੀਜ਼ਾਂ ਬਹੁਤ ਮਸ਼ਹੂਰ ਹੋ ਚੁੱਕੀਆਂ ਹਨ।

## ਕੁੱਝ ਮਜ਼ੇਦਾਰ ਤੱਥ:-

1. ਦੁਨੀਆਂ ਵਿਚਲਾ ਪਹਿਲਾ ਸਾਬਤ ਸੂਰਤ ਮਹੀਨ ਲਿਨਨ ਦਾ ਖ਼ੂਬਸੂਰਤ ਜ਼ਨਾਨਾ ਕਮੀਜ਼, ਜਿਸ ਨੂੰ 'ਤਰਖਨ ਡਰੈੱਸ" ਕਿਹਾ ਜਾਂਦਾ ਹੈ, ਲਗਭਗ 5000 ਸਾਲ ਪੁਰਾਣਾ ਬਣਿਆ ਹੋਇਆ ਹੈ। ਇਸ ਨੂੰ ਈਜਿਪਟ ਦੇ ਕਾਇਰੋ ਵਿਚਲੀ ਇਕ ਕਬਰ ਵਿਚੋਂ ਸੰਨ 1913 ਵਿਚ ਕੱਢਿਆ ਗਿਆ।
2. ਪੁਰਾਣੀਆਂ ਵਾਹੀਆਂ ਤਸਵੀਰਾਂ ਵਿਚ ਨਿੱਕੇ ਮੁੰਡਿਆਂ ਨੂੰ ਕੁੜੀਆਂ ਵਰਗੀਆਂ ਲੰਮੀਆਂ ਫਰਾਕਾਂ ਪਾਈਆਂ ਵੇਖਿਆ ਜਾ ਸਕਦਾ ਹੈ। ਇਹ ਦਰਅਸਲ ਉਦੋਂ ਤੱਕ ਪਾਈਆਂ ਜਾਂਦੀਆਂ ਸਨ, ਜਦ ਤੱਕ ਬੱਚਾ ਆਪ ਮਲ-ਮੂਤਰ ਕਰਨਾ ਸਿੱਖ ਨਹੀਂ ਸੀ ਜਾਂਦਾ। ਸੋ ਤੇੜੋਂ ਨੰਗਾ ਹੀ ਰੱਖਿਆ ਜਾਂਦਾ ਸੀ ਕਿ ਕੱਪੜੇ ਵਾਰ-ਵਾਰ ਬਦਲਣੇ ਨਾ ਪੈਣ।
3. ਭਾਰਤ 'ਚ ਕਪਾਹ ਉਗਾਏ ਜਾਣ ਅਤੇ ਉਸ ਤੋਂ ਰੂੰ ਦੇ ਕੱਪੜੇ ਬਣਾਏ ਜਾਣ ਬਾਰੇ ਹੜੱਪਾ ਸਮੇਂ ਤੋਂ ਹੀ ਜ਼ਿਕਰ ਮਿਲਦਾ ਹੈ। ਇੰਡਸ ਸੱਭਿਅਤਾ ਵਿਚ ਵੀ ਇਸ ਦਾ ਜ਼ਿਕਰ ਹੈ। ਈਸਾ ਮਸੀਹ ਤੋਂ 2500 ਸਾਲ ਪਹਿਲਾਂ ਦੇ ਬਣੇ ਕੱਪੜੇ ਲੱਭੇ ਜਾ ਚੁੱਕੇ ਹਨ। ਮਹੀਨ ਬੁਣਤੀ ਅਤੇ ਕਮਾਲ ਦੇ ਡੀਜ਼ਾਈਨ ਇੱਥੋਂ ਦੀ ਅਗਾਂਹਵਧੂ ਕਾਰੀਗਰੀ ਦਾ ਸਬੂਤ ਹਨ। ਬੇਅੰਤ ਰੇਸ਼ਮੀ ਕੱਪੜੇ ਵੀ ਇੱਥੋਂ ਦੇ ਅਮੀਰ ਲੋਕ ਪਾਉਂਦੇ ਰਹੇ ਹਨ।
4. ਰਿਗਵੇਦ ਵਿਚ ਈਸਾ ਮਸੀਹ ਤੋਂ ਲਗਭਗ ਤਿੰਨ ਹਜ਼ਾਰ ਸਾਲ ਪਹਿਲਾਂ ਤੋਂ ਹੀ ਭਾਰਤ ਵਿਚ ਸਾੜੀ ਵਰਗੇ ਕੱਪੜੇ ਦੇ ਲਪੇਟਣ ਦਾ ਜ਼ਿਕਰ ਹੈ ਤੇ ਅਜਿਹੀਆਂ ਅਣਗਿਣਤ ਘੜੀਆਂ ਹੋਈਆਂ ਮੂਰਤੀਆਂ ਵੇਖੀਆਂ ਜਾ ਸਕਦੀਆਂ ਹਨ। ਪਹਿਲੀ ਸਦੀ ਦੇ ਮੂਰਤੀਕਾਰਾਂ ਨੇ ਉੱਪਰਲਾ ਧੜ ਨਿਰਵਸਤਰ ਰੱਖ ਹੇਠਲੇ ਧੜ ਦੀਆਂ ਕਮਾਲ ਦੀ ਕਾਰੀਗਰੀ ਵਾਲੀਆਂ ਛੋਟੀਆਂ ਸਾੜੀਆਂ ਪੱਥਰਾਂ ਵਿਚ ਘੜੀਆਂ ਪਈਆਂ ਹਨ।
5. ਪਹਿਲੀ ਵਾਰ ਖੁੱਲ੍ਹੀਆਂ ਪੈਂਟਾਂ ਪਾਉਣ ਦਾ ਰਿਵਾਜ਼ ਪੁਰਸ਼ਾਂ ਵਿਚ ਈਸਾ ਮਸੀਹ ਤੋਂ ਇਕ ਹਜ਼ਾਰ ਸਾਲ ਪਹਿਲਾਂ ਤੋਂ ਲੱਭਿਆ ਗਿਆ ਹੈ। ਇਸ ਦੀਆਂ ਪੁਰਾਣੀਆਂ ਤਸਵੀਰਾਂ ਲੱਭੀਆਂ ਜਾ ਚੁੱਕੀਆਂ ਹਨ। ਉਸ ਤੋਂ ਪਹਿਲਾਂ ਲੰਮਾ ਗਾਊਨ ਜਾਂ ਲੰਮੀ ਕਮੀਜ਼ ਹੀ ਪਾਈ ਲੱਭਦੀ ਹੈ।
6. ਔਰਤਾਂ ਵੱਲੋਂ ਪੈਂਟਾਂ ਪਾਉਣ ਦਾ ਜ਼ਿਕਰ ਪਹਿਲੀ ਵਿਸ਼ਵ ਜੰਗ ਸਮੇਂ ਮਿਲਦਾ ਹੈ, ਜਦੋਂ ਉਨ੍ਹਾਂ ਨੇ ਪੁਰਸ਼ਾਂ ਦੀ ਭੂਮਿਕਾ ਅਪਨਾ ਕੇ ਦੌੜ ਭੱਜ ਕਰਨ ਦਾ ਜ਼ਿੰਮਾ ਚੁੱਕਿਆ ਸੀ। ਉਦੋਂ ਇਹ ਪਹਿਰਾਵਾ ਉਨ੍ਹਾਂ ਨੂੰ ਪਾਉਣਾ ਆਸਾਨ ਜਾਪਿਆ।
7. ਨਿੱਕੀਆਂ ਬੇਟੀਆਂ, ਜੋ ਝੱਗਿਆਂ ਜਾਂ ਪੁਰਾਣੇ ਕੱਪੜਿਆਂ ਨੂੰ ਕੱਟ-ਵੱਢ ਕੇ ਬਣਾਈਆਂ ਨਿੱਕੀਆਂ ਫਰਾਕਾਂ ਵਰਗੀਆਂ ਡਰੈੱਸਾਂ ਪਾ ਕੇ ਘੁੰਮਦੀਆਂ ਹੁੰਦੀਆਂ ਸਨ, ਲਈ ਅਕਤੂਬਰ 2009 ਵਿਚ ਇਕਦਮ ਦਸ ਲੱਖ ਵੱਖੋ-ਵੱਖ ਤਰ੍ਹਾਂ ਦੀਆਂ ਖ਼ੂਬਸੂਰਤ ਡਰੈੱਸਾਂ 81 ਮੁਲਕਾਂ 'ਚ ਪਹੁੰਚਾ ਦਿੱਤੀਆਂ ਗਈਆਂ, ਜਿਸ ਨੇ ਕੁੜੀਆਂ ਲਈ ਇਕ ਨਵੀਂ ਦੁਨੀਆਂ ਹੀ ਸਿਰਜ ਦਿੱਤੀ। ਇਹ ਵਰਤਾਰਾ ਹੁਣ ਤੱਕ ਜਾਰੀ ਹੈ ਅਤੇ ਇਹ ਕਾਰੋਬਾਰ ਖ਼ਰਬਾਂ ਤੱਕ ਅਪੜ ਚੁੱਕਿਆ ਹੈ। ਨਵਜੰਮੀ ਬੱਚੀ ਦੀ ਹਰ ਨਿੱਕੀ ਤੋਂ ਨਿੱਕੀ ਚੀਜ਼ ਏਨੀ ਮਹਿੰਗੀ ਤੇ ਹਰ ਘਰ ਲਈ ਲਾਜ਼ਮੀ ਵਿਖਾ ਦਿੱਤੀ ਗਈ ਹੈ ਕਿ ਉਨ੍ਹਾਂ ਲਈ ਵੱਖ ਹੀ ਸੰਸਾਰ ਸਿਰਜਿਆ ਜਾਪਦਾ ਹੈ।

## ਲੋਕ ਗੀਤ ਅਤੇ ਗਹਿਣੇ :-

ਪੰਜਾਬ ਵਿਚਲੇ ਲੋਕ ਗੀਤਾਂ ਵਿਚ ਗਹਿਣੇ, ਕੱਪੜੇ, ਪਰਾਂਦਾ ਅਤੇ ਜੁੱਤੀਆਂ ਦਾ ਅਨੇਕ ਵਾਰ ਜ਼ਿਕਰ ਕੀਤਾ ਮਿਲਦਾ ਹੈ। ਜੁੱਤੀ ਕਸੂਰੀ, ਪੈਰੀਂ ਨਾ ਪੂਰੀ; ਇੱਕ ਕੈਂਠੇ ਵਾਲਾ ਆ ਗਿਆ ਪ੍ਰਾਹੁਣਾ ਨੀ ਮਾਏ ਤੇਰੇ ਕੰਮ ਲਮਕੇ; ਮੇਰੀ ਗੁੱਤ ਦਾ ਪਰਾਂਦਾ ਮੇਰੇ ਸੱਜਣਾ ਨੇ ਆਂਦਾ; ਵਰਗੇ ਅਣਗਿਣਤ ਬੋਲ ਕੰਨਾਂ 'ਚ ਸੂਰ ਭਰਦੇ ਰਹਿੰਦੇ ਹਨ।

ਅੰਤ ਵਿਚ ਇਕ ਸ਼ਬਦ ਦਾ ਜ਼ਿਕਰ ਕਰਨਾ ਜ਼ਰੂਰੀ ਹੈ।

ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣਹਾਰੁ ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥
(ਅੰਗ 468)

ਜੇ ਗੁਰੂ ਨਾਨਕ ਦੇਵ ਜੀ ਦੀ ਸਮਝਾਈ ਏਨੀ ਕੁ ਗੱਲ ਪੱਲੇ ਬੰਨ੍ਹ ਲਈਏ ਕਿ ਮਹਿਲ ਮਾੜੀਆਂ ਤੇ ਉਨ੍ਹਾਂ ਵਿਚ ਵੱਸਣ ਵਾਲੇ ਵੀ ਛਲ ਹੀ ਹੁੰਦੇ ਹਨ। ਸੋਨਾ, ਚਾਂਦੀ ਅਤੇ ਇਨ੍ਹਾਂ ਨੂੰ ਪਹਿਨਣ ਵਾਲੇ ਵੀ ਭਰਮ ਰੂਪ ਹੀ ਹਨ। ਇਹ ਸਰੀਰਕ ਆਕਾਰ, ਸੋਹਣੇ ਕੱਪੜੇ ਅਤੇ ਬੇਅੰਤ ਸੋਹਣਾ ਰੂਪ ਵੀ ਛਲ ਹੀ ਹਨ।

ਇਨ੍ਹਾਂ ਦੇ ਮੋਹ ਵਿਚ ਇਨਸਾਨ ਭੁੱਲ ਹੀ ਗਿਆ ਹੈ ਕਿ ਉਹ ਨਾਸਵੰਤ ਹੈ।

ਜੇ ਏਨੀ ਕੁ ਗੱਲ ਹੀ ਸਮਝ ਜਾਈਏ ਤਾਂ ਸਭ ਝਗੜੇ-ਲੜਾਈਆਂ, ਮਾਰ-ਧਾੜ ਖ਼ਤਮ ਹੋ ਸਕਦੀ ਹੈ। ਕੋਈ ਵਾਧੂ ਮਾਇਆ ਜਾਂ ਸੋਨਾ, ਚਾਂਦੀ, ਹੀਰਿਆਂ ਪਿੱਛੇ ਆਪਣਾ ਜਨਮ ਕੌਡੀਆਂ ਦੇ ਭਾਅ ਜ਼ਾਇਆ ਨਹੀਂ ਕਰੇਗਾ ਤੇ ਨਾ ਹੀ ਲੁੱਟ-ਖਸੁੱਟ ਕਰਨ ਵੱਲ ਧਿਆਨ ਦੇਵੇਗਾ।

ਭਗਤ ਕਬੀਰ ਜੀ ਨੇ ਤਾਂ ਸਮਝਾਉਣ ਵਿਚ ਕੋਈ ਕਸਰ ਨਹੀਂ ਛੱਡੀ:-

ਲੰਕਾ ਗਢੁ ਸੋਨੇ ਕਾ ਭਇਆ ॥
ਮੂਰਖੁ ਰਾਵਨੁ ਕਿਆ ਲੇ ਗਇਆ ॥ (ਅੰਗ : 1158)

ਲੰਕਾ ਦਾ ਕਿਲਾ ਸੋਨੇ ਦਾ ਬਣੇ ਹੋਣ ਦੇ ਬਾਵਜੂਦ ਅਤੇ ਅਨੇਕ ਹਾਥੀ ਬੱਝੇ ਹੋਣ ਦੇ ਬਾਵਜੂਦ ਉਨ੍ਹਾਂ ਵਿਚੋਂ ਕੁੱਝ ਵੀ ਰਾਵਣ ਨਾਲ ਨਹੀਂ ਲੈ ਕੇ ਜਾ ਸਕਿਆ। ਉਨ੍ਹਾਂ ਨੂੰ ਤਾਂ ਕੀ, ਉਹ ਤਾਂ ਆਪਣਾ ਸਰੀਰ ਵੀ ਨਾਲ ਨਹੀਂ ਲਿਜਾ ਸਕਿਆ। ਧਨ ਉੱਤੇ ਮਾਣ ਕਰਨ ਵਾਲਾ ਬੰਦਾ ਜੁਆਰੀਏ ਵਾਂਗ ਸਭ ਏਥੇ ਹੀ ਹਾਰ ਕੇ ਜਾਂਦਾ ਹੈ। ਜੇ ਹਾਲੇ ਵੀ ਸਮਝ ਨਹੀਂ ਆ ਰਹੀ, ਤਾਂ ਭਗਤ ਨਾਮਦੇਵ ਜੀ ਦੀ ਵੀ ਕਹੀ ਇਹੋ ਗੱਲ ਸੁਣ ਲਵੋ:-

ਸਰਬ ਸੋਇਨ ਕੀ ਲੰਕਾ ਹੋਤੀ, ਰਾਵਨ ਸੇ ਅਧਿਕਾਈ ॥
ਕਹਾ ਭਇਓ ਦਰਿ ਬਾਂਧੇ ਹਾਥੀ, ਖਿਨ ਮਹਿ ਭਈ ਪਰਾਈ ॥ (ਅੰਗ : 693)

ਰਾਵਣ ਵਰਗੇ ਰਾਜੇ ਦੀ ਲੰਕਾ ਸਾਰੀ ਹੀ ਸੋਨੇ ਦੀ ਸੀ। ਮਹਿਲਾਂ ਦੇ ਦਰਵਾਜ਼ੇ 'ਤੇ ਹਾਥੀ ਬੱਝੇ ਖਲੋਤੇ ਸੀ ਪਰ ਅਖ਼ੀਰ ਕੀ ਨਾਲ ਲੈ ਗਿਆ? ਸਭ ਕੁੱਝ ਪਲ ਵਿਚ ਹੀ ਉਸ ਲਈ ਪਰਾਇਆ ਹੋ ਗਿਆ।

ਕਾਸ਼ ਹੁਣ ਇਹ ਸਮਝ ਸਾਨੂੰ ਸਭ ਨੂੰ ਛੇਤੀ ਤੋਂ ਛੇਤੀ ਆ ਜਾਵੇ। ਆਮੀਨ!!

# ਰਿਸ਼ਤਿਆਂ ਵਿਚ ਨਿਘਾਰ

ਰਜਵਿੰਦਰ ਪਾਲ ਸ਼ਰਮਾ
ਬਠਿੰਡਾ
ਮੋਬ : 70873-67969
(Punjab Mail USA)



ਪੱਛਮੀ ਬੰਗਾਲ ਵਿਚ ਇੱਕ ਪਤੀ ਪਤਨੀ ਦੁਆਰਾ ਆਈਫੋਨ ਦੀ ਖਰੀਦ ਲਈ ਅੱਠ ਮਹੀਨਿਆਂ ਦੇ ਬੱਚੇ ਦਾ ਵੇਚਣਾ ਅਤੇ ਪੰਜਾਬ ਦੇ ਚਮਕੌਰ ਸਾਹਿਬ ਵਿਚ ਇੱਕ ਕਲਯੁੱਗੀ ਪਿਤਾ ਦੁਆਰਾ ਚੌਦਾਂ ਮਹੀਨਿਆਂ ਦੀ ਧੀ ਦਾ ਗਲਾ ਘੁੱਟ ਕੇ ਮਾਰ ਦੇਣਾ, ਰਿਸ਼ਤਿਆਂ ਵਿਚ ਦਿਨੋਂ-ਦਿਨ ਆ ਰਹੇ ਨਿਘਾਰ ਵੱਲ ਸੰਕੇਤ ਕਰਦਾ ਹੈ। ਸਹਿਣਸ਼ੀਲਤਾ ਅਤੇ ਅਪਣੱਤ ਇਸ ਕਦਰ ਹਿੰਸਾ ਦਾ ਰੂਪ ਧਾਰਨ ਕਰ ਚੁੱਕੀ ਹੈ ਕਿ ਵਿਅਕਤੀ ਆਪਣੇ ਸਵਾਰਥ ਨੂੰ ਪੂਰਾ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਆਪਣੇ ਵੀ ਹੁਣ ਆਪਣੇ ਨਹੀਂ ਸਗੋਂ ਬੇਗਾਨੇ ਹੋ ਗਏ ਹਨ। ਹੁਣ ਬੇਗਾਨਿਆਂ ਤੋਂ ਨਹੀਂ, ਸਗੋਂ ਆਪਣਿਆਂ ਤੋਂ ਖ਼ਤਰਾ ਹੈ। ਪਰਾਏ ਨੁਕਸਾਨ ਕਰਨ ਜਾਂ ਨਾ ਕਰਨ ਪਰ ਸਵਾਰਥ ਅਤੇ ਲਾਲਚ ਦੀ ਚੱਕੀ ਵਿਚ ਪਿਸ ਰਿਹਾ ਮਨੁੱਖ ਆਪਣਿਆਂ ਨੂੰ ਹੀ ਸ਼ਿਕਾਰ ਬਣਾਉਣ ਵਿਚ ਰੁੱਝਿਆ ਹੋਇਆ ਹੈ। ਰਿਸ਼ਤਿਆਂ ਵਿਚ ਆ ਰਹੀ ਦਰਾਰ ਲਈ ਵਧ ਰਹੀਆਂ ਇੱਛਾਵਾਂ ਅਤੇ ਲਾਲਚ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਲੋੜਾਂ ਤਾਂ ਗਰੀਬ ਤੋਂ ਗਰੀਬ ਦੀਆਂ ਵੀ ਪੂਰੀਆਂ ਹੋ ਜਾਂਦੀਆਂ ਹਨ ਪਰ ਇੱਛਾਵਾਂ ਧਨੀ ਤੋਂ ਧਨੀ ਦੀਆਂ ਵੀ ਪੂਰੀਆਂ ਨਹੀਂ ਹੋ ਸਕਦੀਆਂ। ਇਸ ਲਈ ਲਾਲਚ ਅਤੇ ਸਵਾਰਥ ਨੂੰ ਤਿਆਗਦੇ ਹੋਏ ਰਿਸ਼ਤਿਆਂ ਨੂੰ ਬਚਾਉਣ ਦੀ ਲੋੜ ਹੈ ਕਿਉਂਕਿ ਪੈਸਾ ਤਾਂ ਦੁਬਾਰਾ ਕਮਾਇਆ ਜਾ ਸਕਦਾ ਹੈ ਪਰ ਰਿਸ਼ਤਿਆਂ ਦੀ ਨਿੱਘ ਮੁੜ ਕੇ ਵਾਪਸ ਨਹੀਂ ਆਉਣੀ।

# ਟੈਲੀਵਿਜ਼ਨ ਅਤੇ ਸਾਹਿਤ ਦਾ ਰਿਸ਼ਤਾ






-ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)



ਟੈਲੀਵਿਜ਼ਨ ਅਤੇ ਸਾਹਿਤ ਇਕ ਦੂਸਰੇ ਦੇ ਪੂਰਕ ਹਨ, ਵਿਰੋਧੀ ਨਹੀਂ। ਪਰ ਟੈਲੀਵਿਜ਼ਨ ਦੇ ਅਧਿਕਾਰੀਆਂ ਕਰਮਚਾਰੀਆਂ ਦੀ ਹਉਮੈ ਅਤੇ ਲੇਖਕਾਂ ਸਾਹਿਕਾਰਾਂ ਦੀ ਮੈਂ ਨੇ ਇਕ ਦੂਸਰੇ ਦਾ ਨੁਕਸਾਨ ਕੀਤਾ ਹੈ। ਆਦਾਨ ਪ੍ਰਦਾਨ ਰਾਹੀਂ ਦੋਹਾਂ ਦਾ ਦਾਇਰਾ ਮੋਕਲਾ ਹੁੰਦਾ, ਕੱਦ ਵੱਧਦਾ। ਪਰ ਤਾਲਮੇਲ ਅਤੇ ਪ੍ਰਸਪਰ ਸਮਝ ਦੀ ਘਾਟ ਕਾਰਨ ਸਮੇਂ ਨਾਲ ਟਕਰਾ ਅਤੇ ਵਿਰੋਧ ਵੱਧਦਾ ਗਿਆ। ਇਕ ਵਿਸ਼ੇਸ਼ ਵਰਗ ਦੇ ਲੇਖਕਾਂ, ਸਾਹਿਤਕਾਰਾਂ, ਸ਼ਾਇਰਾਂ ਦਾ ਟੈਲੀਵਿਜ਼ਨ ’ਤੇ ਗਲਬਾ ਰਿਹਾ। ਨਤੀਜੇ ਵਜੋਂ ਵਧੇਰੇ ਕਰਕੇ ਚੰਗਾ, ਮਿਆਰੀ ਤੇ ਸਮਾਜਿਕ ਮਾਨਵੀ ਸਰੋਕਾਰਾਂ ਵਾਲਾ ਸਾਹਿਤ ਟੈਲੀਵਿਜ਼ਨ ਪਰਦੇ ਤੱਕ ਨਹੀਂ ਪਹੁੰਚ ਸਕਿਆ। ਜਦੋਂ-ਜਦੋਂ ਅਜਿਹੀਆਂ ਸਾਹਿਤਕ ਕਿਰਤਾਂ ਨੂੰ ਮੌਕਾ ਮਿਲਿਆ, ਉਦੋਂ-ਉਦੋਂ ਦਰਸ਼ਕਾਂ ਨੇ ਭਰਪੂਰ ਹੁੰਗਾਰਾ ਭਰਿਆ ਅਤੇ ਟੈਲੀਵਿਜ਼ਨ ਦੀ ਵਾਹਵਾ ਭੱਲ ਬਣੀ। ਟੈਲੀਵਿਜ਼ਨ ਪ੍ਰੋਗਰਾਮਾਂ ਦੀ ਸਾਰਥਿਕਤਾ ਵਧੀ ਅਤੇ ਕਾਰਗੁਜ਼ਾਰੀ ਬਿਹਤਰ ਹੋਈ। ਦੂਰਦਰਸ਼ਨ ਦੇ ਕੌਮੀ ਚੈਨਲ ਦੀਆਂ ਕੁਝ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ ਅਤੇ ਕੁਝ ਦੂਰਦਰਸ਼ਨ ਦੇ ਖੇਤਰੀ ਚੈਨਲਾਂ ਦੀਆਂ।

ਸਾਹਿਤਕਾਰ ਖ਼ੁਦ ਨੂੰ ਸਮਾਜ ਨਾਲ ਨੇੜਲਾ ਸਬੰਧ ਰੱਖਣ ਵਾਲਾ ਮੰਨਦਾ ਹੈ ਪਰੰਤੂ ਉਸਦੀ ਲੋਕਾਂ ਤੱਕ ਵਾਸਤਵਿਕ ਪਹੁੰਚ ਮੀਡੀਆ ਦੁਆਰਾ ਹੁੰਦੀ ਹੈ। ਬਿਨ੍ਹਾਂ ਸ਼ੱਕ ਪ੍ਰਿੰਟ ਮੀਡੀਆ ਦਾ ਸਾਹਿਤ ਨੂੰ ਵਡਮੁੱਲਾ ਯੋਗਦਾਨ ਹੈ ਪਰੰਤੂ ਟੈਲੀਵਿਜ਼ਨ ਦੇ ਪ੍ਰਸੰਗ ਵਿਚ ਅਜਿਹਾ ਨਹੀਂ ਕਿਹਾ ਜਾ ਸਕਦਾ। ਲੋਕਾਂ ਲਈ ਲਿਖਣ ਵਾਲੇ ਬਹੁਗਿਣਤੀ ਲੇਖਕ ਇਸ ਤੋਂ ਕੰਨੀਂ ਕਤਰਾਉਂਦੇ ਰਹੇ ਹਨ। ਟੈਲੀਵਿਜ਼ਨ ਨੇ ਅਖ਼ਬਾਰਾਂ ਅਤੇ ਅਕਾਸ਼ਵਾਣੀ ਦੇ ਮੁਕਾਬਲੇ ਸਾਹਿਤਕਾਰਾਂ ਨੂੰ ਬਣਦਾ ਆਦਰ ਮਾਣ ਨਹੀਂ ਦਿੱਤਾ। ਸਾਹਿਤ ਅਤੇ ਮੀਡੀਆ ਇਕ ਵਿਸ਼ਾਲ ਕੈਨਵਸ ਹੈ। ਦੋਹਾਂ ਨੂੰ ਚਾਹੀਦਾ ਹੈ ਕਿ ਮਿਲ ਕੇ ਲੋਕ-ਕਲਿਆਣ ਦੀ ਭਾਵਨਾ ਨਾਲ ਕੰਮ ਕਰਨ।

ਇਸਦੇ ਉੱਲਟ ਟੈਲੀਵਿਜ਼ਨ ਨੇ ਸਾਹਿਤ ਅਤੇ ਕਲਾ ਨੂੰ ਮੂਲੋਂ ਵਿਸਾਰ ਦਿੱਤਾ ਹੈ। ਸਾਹਿਤ ਅਤੇ ਕਲਾ ਨਾਲ ਸਬੰਧਤ ਲੜੀਵਾਰ ਪ੍ਰੋਗਰਾਮ ਲੱਭਿਆਂ ਵੀ ਨਹੀਂ ਲੱਭਦੇ। ਪੰਜਾਬੀ ਕਹਾਣੀ, ਪੰਜਾਬੀ ਨਾਵਲ, ਪੰਜਾਬੀ ਨਾਟਕ, ਪੰਜਾਬੀ ਕਵਿਤਾ ’ਤੇ ਕਦੇ ਵੀ ਕੋਈ ਪ੍ਰੋਗਰਾਮ ਵੇਖਣ ਨੂੰ ਨਹੀਂ ਮਿਲਦਾ। ਅੱਜਕੱਲ੍ਹ ਚੈਨਲਾਂ ਦੀਆਂ ਤਰਜੀਹਾਂ ਹੋਰ ਹਨ। ਟੀ.ਆਰ.ਪੀ. ਹੈ। ਇਸ਼ਤਿਹਾਰਬਾਜ਼ੀ ਹੈ। ਕਾਹਲ ਹੈ। ਸ਼ੋਰ ਸ਼ਰਾਬਾ ਹੈ। ਤੂੰ-ਤੂੰ, ਮੈਂ-ਮੈਂ ਹੈ। ਗ਼ੈਰ ਮਿਆਰੀ ਮਨੋਰੰਜਨ ਹੈ ਅਤੇ ਅਜਿਹਾ ਬੜਾ ਕਝ ਹੋਰ। ਖ਼ਬਰ ਦੀ ਪਰਿਭਾਸ਼ਾ ਬਦਲ ਗਈ ਹੈ।

ਇਕ ਵਾਰ ਮੈਂ ਪ੍ਰੋਗਰਾਮ ਕਰਨ ਲਈ ਦੂਰਦਰਸ਼ਨ ਗਿਆ। ਪ੍ਰੋਗਰਾਮ ਦਾ ਪ੍ਰੋਡਿਊਸਰ ਛੁੱਟੀ ’ਤੇ ਸੀ। ਉਸਦੀ ਜਗ੍ਹਾ ਅਸਿਸਟੈਂਟ ਪ੍ਰੋਡਿਊਸਰ ਡਿਊਟੀ ’ਤੇ ਸੀ। ਮੈਂ ਸਹੀ ਸਮੇਂ ’ਤੇ ਪਹੁੰਚ ਗਿਆ। ਅਸਿਸਟੈਂਟ ਪ੍ਰੋਡਿਊਸਰ ਨੂੰ ਇਧਰ-ਉਧਰ ਵੇਖਿਆ। ਕਿਧਰੇ ਨਜ਼ਰ ਨਾ ਆਇਆ। ਮੈਂ ਪ੍ਰੋਗਰਾਮ ਲਈ ਲੋੜੀਂਦੀ ਕਾਰਵਾਈ ਪੂਰੀ ਕੀਤੀ ਅਤੇ 10 ਕੁ ਮਿੰਟ ਪਹਿਲਾਂ ਮੇਕਅਪ ਰੂਮ ਵਿਚ ਪਹੁੰਚ ਕੇ ਮੇਕਅਪ ਕਰਵਾਉਣ ਲੱਗਾ, ਤਾਂ ਉਹ ਉਥੇ ਆ ਕੇ ਗੁੱਸੇ ਵਿਚ ਉੱਚੀ ਆਵਾਜ਼ ਵਿਚ ਬੋਲਣ ਲੱਗਾ। ਮੈਨੂੰ ਵੀ ਅਤੇ ਮਾਹਿਰ ਨੂੰ ਵੀ। ਕਹਿੰਦਾ, “ਤੁਸੀਂ ਇੱਥੇ ਗੈੱਸਟ ਹੋ, ਦੂਰਦਰਸ਼ਨ ਦੀ ਪ੍ਰਤੀਨਿਧਤਾ ਮੈਂ ਕਰਦਾ ਹਾਂ। ਤੁਹਾਨੂੰ ਮੇਰੇ ਕੋਲ ਆਉਣਾ ਚਾਹੀਦਾ ਸੀ, ਮੈਨੂੰ ਲੱਭਣਾ ਚਾਹੀਦਾ ਸੀ।” ਮੈਂ ਉਸਨੂੰ ਬਥੇਰਾ ਕਿਹਾ, “ਤੁਹਾਨੂੰ ਬਹੁਤ ਲੱਭਿਆ, ਤੁਸੀਂ ਨਹੀਂ ਲੱਭੇ।” ਕਹਿਣ ਲੱਗਾ, “ਮੈਂ ਫਲਾਣੀ ਫਲੋਰ ’ਤੇ ਫਲਾਣੇ ਕਮਰੇ ਵਿਚ ਬੈਠਾ ਸਾਂ।” ਮੈਂ ਕਿਹਾ, “ਮੈਨੰ ਨਹੀਂ ਪਤਾ ਕਿ ਤੁਸੀਂ ਉੱਥੇ ਬੈਠਦੇ ਹੋ। ਏਨਾ ਵਕਤ ਵੀ ਨਹੀਂ ਸੀ ਕਿ ਤੁਹਾਨੂੰ ਲਗਾਤਾਰ ਲੱਭੀ ਜਾਂਦਾ। ਜਦੋਂ ਤੁਹਾਨੂੰ ਪਤਾ ਹੈ ਕਿ ਮਾਹਿਰ ਅਤੇ ਐਂਕਰ ਫਲਾਣੇ ਕਮਰੇ ਵਿਚ ਆ ਕੇ ਬੈਠਦੇ ਹਨ, ਤਾਂ ਤੁਹਾਨੂੰ ਉਥੇ ਮੌਜੂਦ ਹੋਣਾ ਚਾਹੀਦਾ ਸੀ ਜਾਂ ਆ ਕੇ ਮਿਲਣਾ ਚਾਹੀਦਾ ਸੀ।” ਇਸ ’ਤੇ ਉਹ ਹੋਰ ਖਿਝ ਗਿਆ ਅਤੇ ਪ੍ਰੋਗਰਾਮ ਪੇਸ਼ ਕਰਨ ਤੋਂ ਐਨ ਪਹਿਲਾਂ ਸਾਡਾ ਮੂਡ ਖ਼ਰਾਬ ਕਰਕੇ ਚਲਾ ਗਿਆ। ਉਸ ਤੋਂ ਬਾਅਦ ਕਦੇ ਵੀ ਮੈਂ ਉਸਦੀ ਨਿਗਰਾਨੀ ਹੇਠ ਪ੍ਰੋਗਰਾਮ ਕਰਨ ਨਹੀਂ ਗਿਆ।

ਇਕ ਵਾਰ ਫਿਰ ਅਜਿਹਾ ਵਾਪਰਿਆ। ਸਵੇਰ ਦੇ ਬੜੇ ਮਹੱਤਵਪੂਰਨ ਪ੍ਰੋਗਰਾਮ ਵਿਚ ਮੈਂ ਮਾਹਿਰ ਵਜੋਂ ਬੈਠਾ ਸਾਂ। ਵਿਸ਼ਵ ਪੰਜਾਬੀ ਮੀਡੀਆ ਕਾਨਫ਼ਰੰਸ ਕਰਵਾਉਣੀ ਸੀ। ਉਸ ਸਬੰਧ ਵਿਚ ਮੇਰੇ ਨਾਲ ਇੰਟਰਵਿਊ ਸੀ। ਐਂਕਰ ਵਜੋਂ ਇਕ ਆਕੜਖਾਨ ਪ੍ਰੋਡਿਊਸਰ ਖ਼ੁਦ ਬੈਠ ਗਿਆ। ਪਹਿਲਾਂ ਤਾਂ ਉਹ ਉਸ ਜਗ੍ਹਾ ਨਹੀਂ ਪਹੁੰਚਿਆ, ਜਿੱਥੇ ਪ੍ਰੋਗਰਾਮ ਤੋਂ ਪਹਿਲਾਂ ਮਾਹਿਰ, ਐਂਕਰ ਤੇ ਪ੍ਰੋਡਿਊਸਰ ਮਿਲ ਬੈਠਦੇ ਹਨ ਅਤੇ ਇੰਟਰਵਿਊ ਦੀ ਰੂਪ-ਰੇਖਾ, ਸਵਾਲ-ਜਵਾਬ ਬਾਰੇ ਵਿਚਾਰ ਕਰਦੇ ਹਨ। ਉਹ ਸਿੱਧਾ ਸੈੱਟ ’ਤੇ ਪਹੁੰਚਿਆ ਅਤੇ ਪ੍ਰੋਗਰਾਮ ਆਰੰਭ ਹੁੰਦਿਆਂ ਹੀ ਪੁੱਠੇ-ਸਿੱਧੇ ਸਵਾਲ ਕਰਨ ਲੱਗਾ। ਮੈਂ ਆਪਣੇ ਹਫ਼ਤਾਵਾਰ ਕਾਲਮ ਵਿਚ ਇਸ ਸਭ ਕੁਝ ਦਾ ਜ਼ਿਕਰ ਕੀਤਾ, ਤਾਂ ਬਹੁਤ ਸਾਰੇ ਫੋਨ ਆਏ ਕਿ ਤੁਸੀਂ ਬਿਲਕੁਲ ਸਹੀ ਲਿਖਿਆ ਹੈ। ਲੁਧਿਆਣੇ ਤੋਂ ਉੱਘੇ ਸਾਹਿਤਕਾਰ ਗੁਰਭਜਨ ਸਿੰਘ ਗਿੱਲ ਹੁਰਾਂ ਦਾ ਲੰਮਾ ਫੋਨ ਆਇਆ ਕਿ ਤੁਸੀਂ ਜ਼ੁਅੱਰਤ ਨਾਲ ਲਿਖਿਆ ਹੈ। ਇਹ ਪ੍ਰੋਡਿਊਸਰ ਇਕ ਪ੍ਰੋਗਰਾਮ ਵਿਚ ਮੇਰੇ ਨਾਲ ਵੀ ਅਜਿਹਾ ਕਰ ਚੁੱਕਾ ਹੈ। ਉਸਨੂੰ ਨਾ ਦੂਰਦਰਸ਼ਨ ਦੇ ਵਿਹੜੇ ਆਏ ਮਹਿਮਾਨ ਦੀ ਕਦਰ ਹੈ, ਨਾ ਲੇਖਕ ਦੀ।

ਇਹ ਹਉਮੈ, ਇਹ ਵਿਰੋਧ, ਇਹ ਟਕਰਾਅ ਬੰਦ ਹੋਣੇ ਚਾਹੀਦੇ ਹਨ। ਦੂਰਦਰਸ਼ਨ ਕਿਸੇ ਦਾ ਨਿੱਜੀ ਅਦਾਰਾ ਨਹੀਂ ਹੈ। ਉਹ ਉਥੇ ਕੇਵਲ ਕਰਮਚਾਰੀ, ਅਧਿਕਾਰੀ ਵਜੋਂ ਸੇਵਾਵਾਂ ਨਿਭਾ ਰਹੇ ਹਨ।

# ਆਓ ਗਲਤੀਆਂ ਨੂੰ ਸੁਧਾਰ ਕੇ ਇੱਕ ਸਨਮਾਨਜਨਕ ਭਵਿੱਖ ਦੀ ਸਿਰਜਣਾ ਕਰੀਏ



-ਸੰਜੀਵ ਸਿੰਘ ਸੈਣੀ
ਮੋਹਾਲੀ
78889-66168
(Punjab Mail USA)



ਅੱਜ ਵਿਗਿਆਨ ਦਾ ਯੁੱਗ ਹੈ। ਚੰਨ ਤੱਕ ਮਨੁੱਖ ਦੀ ਹਾਜ਼ਰੀ ਲੱਗ ਚੁੱਕੀ ਹੈ। ਮਿੰਟਾਂ-ਸਕਿੰਟਾਂ ਵਿਚ ਦੁਨੀਆਂ ਬਦਲ ਰਹੀ ਹੈ। ਸੰਚਾਰ ਦੇ ਬਹੁਤ ਜ਼ਿਆਦਾ ਸਾਧਨ ਹੋ ਚੁੱਕੇ ਹਨ। ਪਿਛਲੇ ਹੀ ਮਹੀਨੇ, ਚੰਦਰਯਾਨ 3 ਨੂੰ ਚੰਨ ’ਤੇ ਭੇਜਿਆ ਗਿਆ। ਲਗਾਤਾਰ ਨਵੀਆਂ-ਨਵੀਆਂ ਖੋਜਾਂ ਹੋ ਰਹੀਆਂ ਹਨ। ਜੇ ਅਸੀਂ 30 ਕੁ ਸਾਲ ਪਹਿਲੇ ਪਿੱਛੇ ਝਾਤੀ ਮਾਰ ਕੇ ਦੇਖੀਏ, ਤਾਂ ਕਿੰਨਾ ਫ਼ਰਕ ਲੱਗਦਾ ਹੋਣਾ। ਜਿਨ੍ਹਾਂ ਦੀ ਉਮਰ ਹੁਣ 60 ਸਾਲ ਦੇ ਨੇੜੇ ਜਾਂ 60 ਸਾਲ ਤੋਂ ਉੱਪਰ ਹੈ, ਉਨ੍ਹਾਂ ਨੂੰ ਅੱਜ ਦੀ ਜ਼ਿੰਦਗੀ ਤੇ ਜੋ ਉਨ੍ਹਾਂ ਦੇ ਬਚਪਨ ਦਾ ਗੁਜ਼ਾਰਿਆ ਹੋਇਆ ਉਹ ਪੱਲ ਵਿਚ ਕਿਨਾਂ ਫ਼ਰਕ ਲੱਗਦਾ ਹੋਣਾ। ਹਰ ਇਨਸਾਨ ਨੂੰ ਜ਼ਿੰਦਗੀ ਵਿਚ ਸਫ਼ਲ ਹੋਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਇਹ ਹੁਣ ਟੀਚੇ ’ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਦੀ ਮਿਹਨਤ ਕਰਦੇ ਹੋ। ਕੋਈ ਵੀ ਟੀਚੇ ’ਤੇ ਪਹੁੰਚਣ ਲਈ ਲਗਾਤਾਰ ਮਿਹਨਤ ਜਾਰੀ ਰੱਖਣੀ ਪੈਂਦੀ ਹੈ। ਜੇ ਮਨ ਚਾਹੇ ਟੀਚਾ ਹਰ ਵਾਰ ਹਾਸਲ ਨਹੀਂ ਹੁੰਦਾ, ਵਾਰ-ਵਾਰ ਉਸ ਵਿਚ ਅਸਫ਼ਲ ਹੋ ਰਹੇ ਹੋ, ਤਾਂ ਗਲਤੀਆਂ ਨੂੰ ਲੱਭਣਾ ਚਾਹੀਦਾ ਹੈ। ਉਦਾਹਰਣ ਦੇ ਤੌਰ ’ਤੇ ਚੰਦਰਯਾਨ 1, 2 ਆਪਣੇ ਮਿਸ਼ਨ ਵਿਚ ਸਫ਼ਲ ਨਹੀਂ ਹੋ ਸਕੇ ਸਨ। ਪਿਛਲੇ ਮਹੀਨੇ ਫਿਰ ਪੂਰੀ ਤਿਆਰੀ ਕਰਕੇ ਪਿਛਲੀਆਂ ਗਲਤੀਆਂ ਤੋਂ ਸਿੱਖ ਕੇ ਸਾਇੰਸਦਾਨਾਂ ਤੇ ਇੰਜੀਨੀਅਰਾਂ ਨੇ ਚੰਦਰਯਾਨ ਤਿੰਨ ਨੂੰ ਲਾਂਚ ਕੀਤਾ। ਵਿਚਾਰਨ ਵਾਲੀ ਗੱਲ ਹੈ ਕਿ ਕਿੰਨੀਆਂ ਹੀ ਦਰਪੇਸ਼ ਚੁਣੌਤੀਆਂ ਦਾ ਇਨ੍ਹਾਂ ਵਿਗਿਆਨਾਂ ਨੇ ਸਾਹਮਣਾ ਕੀਤਾ ਹੋਣਾ। ਪਰ ਹਿੰਮਤ ਨਹੀਂ ਹਾਰੀ। ਠੀਕ ਇਸੇ ਤਰ੍ਹਾਂ ਹਰ ਇਨਸਾਨ ਦੀ ਜ਼ਿੰਦਗੀ ਦਾ ਸਫ਼ਰ ਚੁਣੌਤੀਆਂ ਭਰਪੂਰ ਰਿਹਾ ਹੁੰਦਾ ਹੈ। ਸਫ਼ਲਤਾ ਇੱਕ ਦਿਨ ਵਿਚ ਨਹੀਂ ਮਿਲ ਜਾਂਦੀ। ਉਸ ਲਈ ਦਿਨ-ਰਾਤ ਇੱਕ ਕਰਨਾ ਪੈਂਦਾ ਹੈ। ਮਿਹਨਤ ਕਰਨੀ ਪੈਂਦੀ ਹੈ। ਹਾਲ ਹੀ ਵਿਚ ਕਿਤੇ ਖ਼ਬਰ ਪੜ੍ਹਨ ਨੂੰ ਮਿਲੀ ਕਿ ਹਰਿਆਣਾ ਦੀ ਮੁਸਲਿਮ ਪਰਿਵਾਰ ਦੀ ਧੀ ਝਾਰਖੰਡ ਵਿਚ ਜੱਜ ਬਣੀ ਹੈ। ਧੀ ਦੇ ਸਿਰ ’ਤੇ ਪਿਤਾ ਦਾ ਸਾਇਆ ਨਹੀਂ। ਝੁੱਗੀ-ਝੌਂਪੜੀਆਂ ਵਿਚ ਰਹਿ ਕੇ ਸਮਾਂ ਗੁਜ਼ਾਰਿਆ। ਪ੍ਰਸ਼ਾਸਨ ਵੱਲੋਂ ਵਾਰ-ਵਾਰ ਉਸਦਾ ਘਰ ਢਾਇਆ ਗਿਆ। ਸੰਘ ਲੋਕ ਸੇਵਾ ਪ੍ਰੀਖਿਆ ਵਿਚ ਬਹੁਤ ਵਾਰ ਅਸਫ਼ਲ ਰਹੀ। ਪਰ ਫਿਰ ਵੀ ਹੌਂਸਲਾ ਨਹੀਂ ਛੱਡਿਆ। ਸੜਕ ਦੇ ਕੰਢੇ ਝੁੱਗੀ ਵਿਚ ਜ਼ਿੰਦਗੀ ਬਸਰ ਕਰਨ ਲੱਗੀ। ਦਿੱਲੀ ਯੂਨੀਵਰਸਿਟੀ ਤੋਂ ਲਾਅ ਦੀ ਡਿਗਰੀ ਕੀਤੀ। ਜੂਡੀਸ਼ਰੀ ਪ੍ਰੀਖਿਆ ਕਈ ਸੂਬਿਆਂ ਦੀ ਦਿੱਤੀ, ਪਰ ਅਸਫ਼ਲ ਰਹੀ। ਇੱਕ ਦਿਨ ਅਚਾਨਕ ਸੜਕ ਦੇ ਕੰਢੇ ਬਣਾਈ ਝੁੱਗੀ ਵਿਚ ਅੱਗ ਲੱਗੀ। ਮਹੀਨੇ ਬਾਅਦ ਝਾਰਖੰਡ ਨਿਆਂਇਕ ਪ੍ਰੀਖਿਆ ਸੀ। ਸੜਕ ਦੇ ਕੰਢੇ, ਰਾਤ ਨੂੰ ਲਾਈਟਾਂ ਦੇ ਥੱਲੇ ਫੁੱਟਪਾਥ ’ਤੇ ਬੈਠ ਕੇ ਪ੍ਰੀਖਿਆ ਦੀ ਤਿਆਰੀ ਕੀਤੀ। ਲਿਖਣ ਵਾਲੇ ਨੇ ਤਾਂ ਲਿਖਿਆ ਸੀ ਕਿ 16 ਵਾਰ ਘਰ ਉਜੜਿਆ, ਪਰ ਹਿੰਮਤ ਨਾ ਛੱਡੀ। ਆਖ਼ਿਰ ਇਹ ਕੁੜੀ ਮੁਸੀਬਤਾਂ ਦਾ ਸਾਹਮਣਾ ਕਰਦੇ-ਕਰਦੇ ਜੱਜ ਬਣ ਗਈ। ਸਿਰ ’ਤੇ ਪਿਤਾ ਦਾ ਹੱਥ ਨਾ ਹੋਣ ਕਰਕੇ ਮਾਂ ਨੇ ਬਹੁਤ ਮਿਹਨਤ ਕਰਕੇ ਪੰਜੇ ਭੈਣ-ਭਰਾਵਾਂ ਨੂੰ ਲਾਇਕ ਬਣਾਇਆ। ਕਦੇ ਵੀ ਹੌਂਸਲਾ ਨਾ ਛੱਡੋ। ਸਕਰਾਤਮਕ ਸੋਚ ਨਾਲ ਅੱਗੇ ਵੱਧਦੇ ਰਹੋ। ਚੰਗੇ ਦੋਸਤਾਂ ਨਾਲ ਦੋਸਤੀ ਕਰੋ। ਜੋ ਤੁਹਾਨੂੰ ਨਕਾਰਾਤਮਕ ਵਿਚਾਰਾਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ। ਚੰਗੇ ਲੋਕਾਂ ਦੀ ਜੀਵਨੀ ਪੜ੍ਹੋ। ਸਾਡੇ ਸਾਹਮਣੇ ਹੋਰ ਵੀ ਕਈ ਅਜਿਹੀਆਂ ਮਿਸਾਲਾਂ ਹਨ, ਜੋ ਸਾਨੂੰ ਟੀਚੇ ਵੱਲ ਵਧਣ ਲਈ ਹਮੇਸ਼ਾ ਹੀ ਪ੍ਰੇਰਿਤ ਕਰਦੀਆਂ ਹਨ। ਇਬਰਾਹੀਮ ਲਿੰਕਨ ਦਾ ਜਨਮ ਕਿੰਨੀ ਗਰੀਬੀ ’ਚ ਹੋਇਆ ਸੀ। ਦੇਖੋ ਅਮਰੀਕਾ ਦਾ ਤਾਜ ਉਸ ਦੇ ਸਿਰ ’ਤੇ ਸਜਿਆ, ਸਭ ਨੂੰ ਹੀ ਪਤਾ ਹੈ। ਮਿਹਨਤ ਕੀਤੀ, ਹੌਂਸਲੇ ਨੂੰ ਢਹਿ-ਢੇਰੀ ਨਹੀਂ ਹੋਣ ਦਿੱਤਾ। ਹੋਰ ਵੀ ਕਈ ਅਜਿਹੀਆਂ ਉਦਾਹਰਨਾਂ ਹਨ। ਹਾਲੀ ਹੀ ਵਿਚ ਯੂ.ਪੀ.ਐੱਸ.ਸੀ. ਦੀ ਪ੍ਰੀਖਿਆ ਪਾਸ ਕਰਨ ਵਾਲੇ ਕਈ ਵਿਕਲਾਂਗ ਉਮੀਦਵਾਰਾਂ ਨੇ ਆਪਣੀ ਹੱਡਬੀਤੀ ਦੱਸੀ ਕਿ ਉਨ੍ਹਾਂ ਨੇ ਆਪਣੀ ਮਿਹਨਤ ਜਾਰੀ ਰੱਖੀ, ਮੁਸੀਬਤਾਂ ਦਾ ਡੱਟ ਕੇ ਸਾਹਮਣਾ ਕੀਤਾ। ਅਜਿਹੇ ਲੋਕਾਂ ਦੀਆਂ ਮਿਸਾਲਾਂ ਸਾਨੂੰ ਅੱਗੇ ਵੱਧਣ ਲਈ ਹਮੇਸ਼ਾ ਹੀ ਪ੍ਰੇਰਿਤ ਕਰਦੀਆਂ ਹਨ। ਖੁਸ਼ ਰਹੋ। ਕਦੇ ਵੀ ਆਪਣੇ ਨੇੜੇ ਆਲਸ ਨੂੰ ਨਾ ਆਉਣ ਦਿਓ। ਜੋ ਵੀ ਕੋਈ ਕੰਮ ਕਰਨਾ ਹੈ, ਉਸਨੂੰ ਅੱਜ ਹੀ ਕਰੋ। ਬਹਾਨੇ ਨਾ ਲਗਾਓ। ਹਮੇਸ਼ਾ ਕੁੱਝ ਨਾ ਕੁੱਝ ਨਵਾਂ ਸਿਰਜਣ ਦੀ ਪ੍ਰਕਿਰਿਆ ਜਾਰੀ ਰੱਖੋ, ਤਾਂ ਜੋ ਅਸੀਂ ਹੋਰਾਂ ਲਈ ਚੰਗੀ ਮਿਸਾਲ ਬਣ ਸਕੀਏ। ਕਦੇ ਵੀ ਇਹ ਨਾ ਸੋਚੋ ਕਿ ਮੈਂ ਇਸ ਮੰਜਿਲ ਵਿਚ ਸਫ਼ਲ ਨਹੀਂ ਹੋ ਪਾਵਾਂਗਾ। ਆਪਣੇ ਅੰਦਰ ਝਾਤੀ ਮਾਰੋ। ਵਿਚਾਰੋ ਕਿ ਜੇ ਉਹ ਇਨਸਾਨ ਸਫ਼ਲ ਹੋ ਸਕਦਾ, ਮੈਂ ਕਿਉ ਨਹੀਂ ? ਹਮੇਸ਼ਾ ਚੰਗੇ ਵਿਚਾਰਾਂ ਦੇ ਧਾਰਨੀ ਬਣੋ। ਆਪਣੇ ਅੰਦਰ ਕੁੱਝ ਨਵਾਂ ਕਰਨ ਦਾ ਜਨੂੰਨ ਪੈਦਾ ਕਰੋ। ਚੰਗੀ ਸੋਚ, ਚੰਗੇ ਵਿਚਾਰਾਂ ਤੇ ਨਿਰੰਤਰ ਮਿਹਨਤ ਨਾਲ ਹਰ ਮੁਸ਼ਕਿਲ ਦਾ ਸਾਹਮਣਾ ਕਰ ਸਕਦੇ ਹਾਂ।

# ਪੰਜਾਬੀ ਗੀਤਾਂ ਨੂੰ ਅੰਗਰੇਜ਼ੀ ਦਾ ਤੜਕਾ



ਪ੍ਰੋ. ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302 (ਬਠਿੰਡਾ)
94176-92015
(Punjab Mail USA)

ਬਚਪਨ ਵਿਚ ਮੇਰੇ ਪਿਤਾ ਜੀ ਮੈਨੂੰ ਕੁਝ ਅਜਿਹੀਆਂ ਕਾਵਿ-ਪੰਕਤੀਆਂ ਸੁਣਾਇਆ ਕਰਦੇ ਸਨ, ਜਿਨ੍ਹਾਂ ਵਿਚ ਪੰਜਾਬੀ, ਅੰਗਰੇਜ਼ੀ, ਫ਼ਾਰਸੀ ਅਤੇ ਹੋਰ ਭਾਸ਼ਾਵਾਂ ਦਾ ਅਰਥਮਈ ਅਜੀਬ ਸੁਮੇਲ ਸੀ:

* ਲੁਕ ਦੇਖੋ ਅਸਮਾਨ ਸਕਾਈ
ਪਿਜਨ ਕਬੂਤਰ ਉਡਣ ਫਲਾਈ।
ਅਤੇ
* ਬੇਰੀ ਹੇਠ ਨਿਸ਼ਸਤਾ ਬੂਤਮ
ਆਈ ਇੱਟ ਘੁਕੇਂਦੀ।
ਇਫ਼ ਆਈ ਹੈੱਡ ਪਰ੍ਹੇ ਨਾ ਕਰਦਾ
ਮਸਤਕ ਵਿਚ ਲਗੇਂਦੀ।

ਉਦੋਂ ਮੈਨੂੰ ਇਹ ਕਾਵਿ-ਪੰਕਤੀਆਂ ਬਹੁਤ ਵਧੀਆ ਜਾਪਦੀਆਂ ਸਨ ਤੇ ਹੁਣ ਵੀ ਮੈਨੂੰ ਇਹ ਤੁਕਾਂ ਇਨਬਿਨ ਯਾਦ ਹਨ, ਜਿਨ੍ਹਾਂ ਨੂੰ ਮੈਂ ਅੱਗੇ ਆਪਣੇ ਵਿਦਿਆਰਥੀਆਂ ਨੂੰ ਵੀ ਸੁਣਾਉਂਦਾ ਰਹਿੰਦਾ ਹਾਂ। ਪਿਤਾ ਜੀ ਅੰਗਰੇਜ਼ੀ-ਮਿਸ਼ਰਿਤ ਪੰਜਾਬੀ ਵਾਕਾਂ ਦੀ ਇਕ ਹੋਰ ਮਿਸਾਲ ਵੀ ਸੁਣਾਇਆ ਕਰਦੇ ਸਨ ਕਿ ਇੱਕ ਵਾਰ ਇੱਕ ਅਨਪੜ੍ਹ ਪੰਜਾਬਣ ਬਾਹਰਲੇ ਮੁਲਕ ਗਈ, ਉਥੇ ਉਹਦਾ ਛੋਟਾ-ਬੇਟਾ ਸੰਨੀ ਬੀਮਾਰ ਹੋ ਗਿਆ, ਤਾਂ ਉਹ ਉਹਨੂੰ ਇੱਕ ਅੰਗਰੇਜ਼ ਡਾਕਟਰ ਕੋਲ ਲਿਜਾ ਕੇ ਉਹਦੀ ਬੀਮਾਰੀ ਦਾ ਬਿਰਤਾਂਤ 'ਖਿਚੜੀ ਪੰਜਾਬੀ' (ਪੰਜਾਬੀ-ਅੰਗਰੇਜ਼ੀ ਮਿਸ਼ਰਿਤ) ਵਿਚ ਇਸ ਤਰ੍ਹਾਂ ਸੁਣਾਉਣ ਲੱਗੀ : "ਡਾਕਟਰ ਜੀ, ਡਾਕਟਰ ਜੀ! ਮੇਰਾ ਬੇਟਾ ਸੰਨੀ ਨਾ ਈਟਦਾ ਐ, ਨਾ ਸਲੀਪਦਾ ਐ, ਬਸ ਵੀਪਦਾ ਈ ਵੀਪਦਾ ਐ..."

ਮੇਰੇ ਪਿਤਾ ਗਿਆਨੀ ਕਰਤਾਰ ਸਿੰਘ (1921-2013) ਪੰਜਾਬੀ ਭਾਸ਼ਾ ਦੇ ਜਾਣੇ-ਪਛਾਣੇ ਸਕੂਲ ਅਧਿਆਪਕ ਸਨ, ਜਿਨ੍ਹਾਂ ਦਾ ਪੰਜਾਬੀ ਅਧਿਆਪਨ 'ਚ ਜ਼ਿਕਰਯੋਗ ਨਾਂ ਸੀ। ਉਹ ਪੰਜਾਬੀ ਵਿਚ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਵਰਤਣ ਦੇ ਸਖ਼ਤ ਖ਼ਿਲਾਫ਼ ਸਨ, ਖਾਸ ਤੌਰ 'ਤੇ ਉਦੋਂ, ਜਦੋਂ ਪੰਜਾਬੀ ਵਿਚ ਉਹਦਾ ਬਦਲਵਾਂ ਤੇ ਢੁੱਕਵਾਂ ਸ਼ਬਦ ਮੌਜੂਦ ਹੋਵੇ। ਉਹ ਉਰਦੂ-ਫ਼ਾਰਸੀ ਦੇ ਵੀ ਚੰਗੇ ਗਿਆਤਾ ਸਨ, ਪਰ ਇਨ੍ਹਾਂ ਭਾਸ਼ਾਵਾਂ ਦੇ ਸ਼ਬਦ ਉਦੋਂ ਹੀ ਵਰਤਦੇ ਸਨ, ਜਦੋਂ ਢੁੱਕਵਾਂ ਪੰਜਾਬੀ ਸ਼ਬਦ ਨਾ ਮੌਜੂਦ ਹੋਵੇ। ਉਹ ਪੰਜਾਬੀ ਵਿਚ ਹਿੰਦੀ-ਸੰਸਕ੍ਰਿਤ ਦੇ ਸ਼ਬਦਾਂ ਤੋਂ ਵੀ ਖਿਝਦੇ ਸਨ। '80ਵਿਆਂ ਵਿਚ ਜਦੋਂ ਪੰਜਾਬੀ ਆਲੋਚਨਾ ਵਿਚ ਹਿੰਦੀ-ਸੰਸਕ੍ਰਿਤ ਦੇ ਸ਼ਬਦਾਂ ਦੀ ਵਰਤੋਂ ਆਮ ਹੋਣ ਲੱਗੀ, ਤਾਂ ਮੈਂ ਵੀ 'ਅਭਿਵਿਅਕਤੀ', 'ਅਭਿਵਿਅੰਜਨਾ', 'ਵਿਅਕਤਿਤਵ' ਜਿਹੇ ਸ਼ਬਦ ਵਰਤਣ ਲੱਗ ਪਿਆ, ਉਸ ਸਮੇਂ ਪਿਤਾ ਜੀ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਰਨ ਤੋਂ ਮੈਨੂੰ ਖ਼ਬਰਦਾਰ ਕਰਦੇ ਰਹਿੰਦੇ ਸਨ। ਖ਼ੈਰ...

ਕਈ ਵਰ੍ਹੇ ਪਹਿਲਾਂ ਹਿੰਦੀ ਫ਼ਿਲਮੀ ਗੀਤਾਂ ਵਿਚ ਅੰਗਰੇਜ਼ੀ ਸ਼ਬਦ ਵਰਤਣ ਦਾ ਰੁਝਾਨ ਵੇਖਿਆ ਗਿਆ ਸੀ ਅਤੇ ਹਿੰਦੀ ਫ਼ਿਲਮਾਂ ਵਿਚ ਪੰਜਾਬੀ ਗੀਤ ਆਮ ਹੋਣ ਲੱਗ ਪਏ ਸਨ। ਵੀਹਵੀਂ ਸਦੀ ਦੇ ਅੰਤਲੇ ਦਹਾਕੇ (1998) ਦੀ ਇੱਕ ਫਿਲਮ ('ਪਰਦੇਸੀ ਬਾਬੂ') ਵਿਚ ਗੋਵਿੰਦਾ, ਰਵੀਨਾ ਟੰਡਨ ਅਤੇ ਸ਼ਿਲਪਾ ਸ਼ੈਟੀ ਤੇ ਫ਼ਿਲਮਾਏ; ਆਦਿਤਿਆ ਨਾਰਾਇਣ, ਅਲਕਾ ਯਾਗਨਿਕ ਤੇ ਆਨੰਦ ਰਾਜ ਆਨੰਦ ਵੱਲੋਂ ਗਾਏ (ਗੀਤਕਾਰ, ਸੰਗੀਤਕਾਰ ਤੇ ਨਿਰਦੇਸ਼ਕ : ਆਨੰਦ ਰਾਜ ਆਨੰਦ ਦੇ) ਇੱਕ ਗੀਤ ਵਿਚ ਵਰਤੀ ਗਈ ਸ਼ਬਦਾਵਲੀ ਦਾ ਨਮੂਨਾ ਵੇਖੋ :

ਜਹਾਂ ਪਾਂਵ ਮੇ ਪਾਇਲ, ਹਾਥ ਮੇਂ ਕੰਗਨ
ਹੋ ਮਾਥੇ ਪੇ ਬਿੰਦੀਆ .....
ਇਟ ਹੈਪਨਜ਼ ਓਨਲੀ ਇਨ ਇੰਡੀਆ...

ਅੱਜਕੱਲ੍ਹ ਟੀ.ਵੀ./ਡੀ.ਜੇ. ਉਤੇ ਵੱਜਦੇ ਪੰਜਾਬੀ ਗੀਤਾਂ ਵਿਚ ਅੰਗਰੇਜ਼ੀ ਦੇ ਸ਼ਬਦਾਂ ਦੀ ਵਰਤੋਂ ਕੁਝ ਵਧੇਰੇ ਹੀ ਵੱਧ ਗਈ ਹੈ, ਜਿਨ੍ਹਾਂ ਨੂੰ ਕਈ ਵਾਰ ਮੈਂ ਤਾਂ ਧਿਆਨ ਦੇਣ 'ਤੇ ਵੀ ਸਮਝ ਨਹੀਂ ਸਕਦਾ ਪਰ ਮੇਰੀ ਬੇਟੀ ਇਨ੍ਹਾਂ ਨੂੰ ਸਹਿਜੇ ਹੀ ਸੁਣ ਕੇ ਆਮ ਗੁਣਗੁਣਾਉਂਦੀ ਰਹਿੰਦੀ ਹੈ, ਹਾਲਾਂਕਿ ਉਹ ਇਹਦੇ ਡੂੰਘੇ ਅਰਥਾਂ ਤੋਂ ਅਣਜਾਣ ਹੈ।

ਕਿਸੇ ਸਮੇਂ ਗੁਰਦਾਸ ਮਾਨ ਜਾਂ ਹੰਸ ਰਾਜ ਹੰਸ ਦਿਆਂ ਗੀਤਾਂ ਵਿਚ ਬਹੁਤ ਹੀ ਆਮ ਵਰਤੇ ਜਾਂਦੇ ਅੰਗਰੇਜ਼ੀ ਸ਼ਬਦ ਆਏ ਸਨ, ਤਾਂ ਸਰੋਤਿਆਂ ਨੇ ਕਾਫੀ ਹੋ-ਹੱਲਾ ਮਚਾਇਆ ਸੀ। ਇਨ੍ਹਾਂ ਵਿਚ ਟੈਲੀਫੋਨ, ਹੈਲੋ, ਥੈਂਕਯੂ ਅਤੇ ਸਿਲਕੀ ਜਿਹੇ ਆਮ ਵਰਤੀਂਦੇ ਸ਼ਬਦਾਂ ਦੀ ਵਰਤੋਂ ਹੋਈ ਸੀ :

* ਤੁਸੀਂ ਚਿੱਠੀਆਂ ਪਾਉਣੀਆਂ ਭੁੱਲਗੇ,
ਜਦੋਂ ਦਾ ਟੈਲੀਫੋਨ ਲੱਗਿਆ।
* ਆਈ ਡੋਂਟ ਲਾਈਕ ਦੀ ਪੰਜਾਬੀ ਹਿੰਦੀ ਨੂੰ
ਸ਼ਰਮ ਨੀ ਆਉਂਦੀ ਸਾਨੂੰ ਗਾਲ੍ਹਾਂ ਦਿੰਦੀ ਨੂੰ
'ਹੈਲੋ-ਹੈਲੋ', 'ਥੈਂਕਯੂ' ਕਰਨ ਨੱਢੀਆਂ,
ਆ 'ਗੀਆਂ ਵਲੈਤੋਂ ਅੰਗਰੇਜ਼ ਵੱਡੀਆਂ...
* ਓ ਮੈਡਮ ਤੇਰੀ ਚਾਲ, ਤੇਰੇ ਸਿਲਕੀ-ਸਿਲਕੀ ਵਾਲ
ਦਿਲ ਚੋਰੀ ਸਾਡਾ ਹੋ ਗਿਆ ਕੀ ਕਰੀਏ ਕੀ ਕਰੀਏ...

ਕਿਸੇ ਸਮੇਂ ਗਿੱਪੀ ਗਰੇਵਾਲ ਦੇ ਇਸ ਗੀਤ 'ਮਰ ਜਾਣੀ ਪਾਉਂਦੀ ਭੰਗੜਾ, ਅੰਗਰੇਜ਼ੀ ਬੀਟ 'ਤੇ...' ਨੂੰ ਵਿਆਹ-ਸ਼ਾਦੀਆਂ ਅਤੇ ਖ਼ੁਸ਼ੀ ਦੇ ਜ਼ਿਆਦਾਤਰ ਸਮਾਗਮਾਂ ਵਿਚ ਆਮ ਵੱਜਦੇ ਸੁਣਿਆ ਜਾ ਸਕਦਾ ਸੀ। ਕਦੇ ਦਿਲਜੀਤ ਦੋਸਾਂਝ ਦੇ ਇਸ ਗੀਤ 'ਲੱਕ ਟਵੰਟੀ ਏਟ ਕੁੜੀ ਦਾ, ਫੋਰਟੀ ਸੈਵਨ ਵੇਟ ਕੁੜੀ ਦਾ...' ਕਰਕੇ ਉਹਨੂੰ 'ਮਾਈ ਭਾਗੋ ਬ੍ਰਿਗੇਡ' ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ ਸੀ ਤੇ ਅਜਿਹੇ ਗੀਤ ਗਾਉਣ ਤੋਂ ਤੌਬਾ ਕਰਨੀ ਪਈ ਸੀ, ਜਿਸ ਵਿਚ ਧੀਆਂ, ਔਰਤਾਂ ਪ੍ਰਤੀ ਘਟੀਆ ਸ਼ਬਦਾਵਲੀ ਵਰਤੀ ਗਈ ਸੀ, ਪਰ ਇਨ੍ਹੀਂ ਦਿਨੀਂ ਤਾਂ ਅਜਿਹੇ ਔਰਤ-ਵਿਰੋਧੀ ਅਤੇ ਅੰਗਰੇਜ਼ੀ ਸ਼ਬਦਾਂ ਦੇ ਭੰਡਾਰ ਵਾਲੇ ਗੀਤਾਂ ਦਾ ਜਿਵੇਂ ਹੜ੍ਹ ਹੀ ਆ ਗਿਆ ਹੈ।



ਅੱਜਕੱਲ੍ਹ ਨਵੇਂ ਗਾਇਕਾਂ ਵੱਲੋਂ ਗਾਏ ਗੀਤਾਂ ਵਿਚ ਅੰਗਰੇਜ਼ੀ ਸ਼ਬਦਾਂ ਦੀ ਇੰਨੀ ਭਰਮਾਰ ਹੁੰਦੀ ਹੈ ਕਿ ਕਈ ਵਾਰ ਤਾਂ ਇਨ੍ਹਾਂ ਨੂੰ ਸਮਝਣ/ਸੁਣਨ ਲਈ ਕਾਫੀ ਮੁਸ਼ੱਕਤ ਕਰਨੀ ਪੈਂਦੀ ਹੈ। ਆਓ, ਅਜਿਹੇ ਗੀਤਾਂ ਦੀਆਂ ਕੁਝ ਪੰਕਤੀਆਂ ਵੇਖੀਏ/ਸੁਣੀਏ:

* ਯੂ ਥਿੰਕ ਜੱਟ ਦੀ ਡਰਿੰਕ ਬੈਡ ਇ ਆ।
ਘੁੱਟ ਪੀ ਕੇ ਦਿਲ ਜੱਟ ਦਾ ਗਲੈਡ ਇ ਆ।
**(ਦਿਲਜੀਤ ਦੋਸਾਂਝ, ਫਿਲਮ 'ਅੰਬਰਸਰੀਆ')**

**

* ਮੈਂ ਝਾਕੇ ਲੈਂਦਾ ਨਾ ਬਿਗਾਨੀ ਨਾਰ ਦੇ
ਭਾਬੀ ਥੋਡੀ ਐਂਡ ਇ ਆ।
**(ਰੇਸ਼ਮ ਅਨਮੋਲ)**

**

* ਬ੍ਹਾਲੀ ਕਰਿਆ ਨਾ ਕਰ ਦਿਸ ਦੈਟ ਕੁੜੀਏ
ਜੱਟ ਦੇਸੀ ਦਾ ਅੰਗਰੇਜ਼ੀ ਹੱਥ ਟੈਟ ਕੁੜੀਏ।
**(ਐਮੀ ਵਿਰਕ)**

**

* ਨੀ ਆਜਾ ਤੈਨੂੰ ਗੱਲ ਦੱਸਦਾਂ ,
ਦੇਣਾ ਏ ਗਰੈਮੀ ਤੇਰੀ ਅੱਖ ਨੂੰ।
ਜੇ ਬੇਬੀ ਮੇਰਾ ਵੱਸ ਚੱਲਦਾ,
ਮੈਂ ਆਸਕਰ ਦਿੰਦਾ ਤੇਰੇ ਲੱਕ ਨੂੰ।
**(ਗਿੱਪੀ ਗਰੇਵਾਲ, ਫਿਲਮ 'ਕਪਤਾਨ')**

**

* ਸੈਲਫ ਕਾਨਫੀਡੈਂਸ ਅਤੇ ਸੈਲਫੀ ਮਰਵਾ ਜਾਂਦੀ ....
**(ਬੱਬੂ ਮਾਨ)**

**

* ਐੱਸ.ਪੀ. ਦੇ ਰੈਂਕ ਵਰਗੀ,
ਜੱਟੀ ਜੱਟ ਤੇ ਰੱਖੇ ਸਖਤਾਈਆਂ...
**(ਨਿਮਰਤ ਖਹਿਰਾ)**

**

* ਮੁੜ ਕੇ ਤਾਂ ਵੇਖ ਸੋਹਣੀਏਂ,
ਮੁੰਡਾ ਹੌਰਨ ਬਲੋਅ ਕਰਦਾ
ਹਵਾ 'ਚ ਉਡਾਵੇ ਗੱਡੀ ਨੂੰ,
ਤੈਨੂੰ ਵੇਖ ਕੇ ਸਲੋਅ ਕਰਦਾ
**(ਹਾਰਡੀ ਸੰਧੂ)**

**

* ਨੈਰੋ ਸਲਵਾਰ, ਸੂਟ ਰੈੱਡ ਮੁੰਡਿਆ,
ਕਰੈਚ ਦੀ ਕਮਾਨ ਜੀ ਥਰੈੱਡ ਮੁੰਡਿਆ।
ਰਿੰਗ ਵਿਚ ਨਗ ਜੜੇ ਸਵਾ ਲੱਖ ਦੇ,
ਵਾਈਟ ਗੋਲਡ ਦੀ ਵੰਗ ਵੀਣੀ ਵਿਚ ਛਣਕੇ।
**(ਕੌਰ ਬੀ. ਅਤੇ ਜੈਜ਼ੀ ਬੀ.)**

**

* ਮਿਸਟਰ ਬਲੈਕ-ਬਲੈਕ, ਮੁੜ ਕੇ ਆਜਾ ਬੈਕ-ਬੈਕ
ਲੈ ਜਾ ਮੈਨੂੰ ਨਾਲ-ਨਾਲ, ਮੈਂ 'ਟੈਚੀ ਕਰ ਲਿਆ ਪੈਕ।
**(ਅਮਰਿੰਦਰ ਗਿੱਲ , ਫਿਲਮ 'ਗੋਰਿਆਂ ਨੂੰ ਦਫਾ ਕਰੋ')**

**

* ਤੂੰ ਲਿਆ ਦੇ ਮੈਨੂੰ ਗੋਲਡਨ ਝੁਮਕੇ ,
ਮੈਂ ਕੰਨਾਂ ਵਿਚ ਪਾਵਾਂ ਚੁੰਮ-ਚੁੰਮ ਕੇ।
ਰਿਕੁਐਸਟਾਂ ਪਾਈਆਂ ਵੇ, ਚਿੱਟੀਆਂ ਕਲਾਈਆਂ ਵੇ।
ਓ ਬੇਬੀ ਮੇਰੇ ਵ੍ਹਾਈਟ ਕਲਾਈਆਂ ਵੇ।
**(ਮੀਤ ਬ੍ਰਦਰਜ਼, ਅੰਜਨ ਤੇ ਕਨਿਕਾ ਕਪੂਰ)**

**

* ਜੀਨ ਜਿਹੀ ਕਸੀ ਉਹਨੇ ਗੌਗਲ ਲਗਾਏ ਸੀ
ਵਾਲ ਸਟਰੇਟ ਵਾਧੂ ਛਾਪਾਂ-ਛੱਲੇ ਪਾਏ ਸੀ....
**(ਗਿੱਪੀ ਗਰੇਵਾਲ)**

**

* ਡੂ ਯੂ ਨੋਅ, ਮੈਂ ਤੈਨੂੰ ਕਿੰਨਾ ਪਿਆਰ ਕਰਦਾਂ
ਡੂ ਯੂ ਨੋਅ, ਮੈਂ ਕਿੰਨਾ ਤੇਰੇ ਉੱਤੇ ਮਰਦਾਂ ...
**(ਦਿਲਜੀਤ ਦੁਸਾਂਝ)**

**

ਮੈਂ ਮਹਿਸੂਸ ਕੀਤਾ ਹੈ ਕਿ ਇਨ੍ਹਾਂ ਅਤੇ ਇਹੋ ਜਿਹੇ ਹੋਰ ਅਨੇਕਾਂ ਗੀਤਾਂ ਵਿਚ ਉਹੋ ਜਿਹੀ ਗਹਿਰਾਈ, ਮਿਠਾਸ ਤੇ ਸੋਜ਼ ਤਾਂ ਬਿਲਕੁਲ ਨਹੀਂ ਹੈ, ਜੋ ਕਦੇ ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ ਜਾਂ ਯਮਲਾ ਜੱਟ ਦੇ ਗਾਏ ਗੀਤਾਂ ਵਿਚ ਹੁੰਦੀ ਸੀ ਪਰ ਬਦਲਦੇ ਜ਼ਮਾਨੇ ਦੀ ਤੋਰ ਵਿਚ ਅਜਿਹੇ ਗੀਤ ਯੁਵਾ-ਪੀੜ੍ਹੀ ਦੀ ਗੱਲਬਾਤ ਦਾ ਹਿੱਸਾ ਜ਼ਰੂਰ ਬਣ ਗਏ ਹਨ। ਇਨ੍ਹਾਂ ਗੀਤਾਂ ਵਿਚ ਸਿਰਫ ਅੰਗਰੇਜ਼ੀ ਬੀਟ ਅਤੇ ਥ੍ਰਿੱਲ ਹੈ, ਜੋ ਸਕੂਲਾਂ/ਕਾਲਜਾਂ ਦੀਆਂ ਪਾਰਟੀਆਂ ਦੇ ਨਾਲ-ਨਾਲ ਵਿਆਹ ਸ਼ਾਦੀਆਂ ਜਿਹੇ ਸਮਾਗਮਾਂ ਤੇ ਅਜੋਕੀ ਨਵੀਂ ਪੀੜ੍ਹੀ ਨੂੰ ਥਿਰਕਣ ਲਈ ਮਜਬੂਰ ਕਰ ਦਿੰਦੀ ਹੈ।

ਪਰ ਇਹ ਸਭ ਗਾਇਕਾਂ ਕਰਕੇ ਨਹੀਂ ਹੈ। ਇਸ ਵਿੱਚ ਵੱਡਾ ਯੋਗਦਾਨ ਗੀਤਕਾਰਾਂ ਦਾ ਵੀ ਹੈ ਤੇ ਨਾਲ ਨਾਲ ਸਰੋਤਿਆਂ ਦਾ ਵੀ। ਜੇ ਸਰੋਤੇ ਪਸੰਦ ਕਰਦੇ ਹਨ ਤਾਂ ਗੀਤਕਾਰ ਲਿਖਦੇ ਹਨ, ਜਿਨ੍ਹਾਂ ਨੂੰ ਗਾਇਕ ਗਾਉਂਦੇ ਹਨ। ਸੋ ਜੇ ਸਾਡੇ ਗੀਤਾਂ ਵਿੱਚ ਅੰਗਰੇਜ਼ੀ ਸ਼ਬਦਾਵਲੀ ਹੈ ਤਾਂ ਇਹਦੀ ਜ਼ਿੰਮੇਵਾਰੀ ਸਿਰਫ਼ ਗਾਇਕਾਂ ਨੂੰ ਦੇਣੀ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ। ਉਪਰਲੀਆਂ ਤਿੰਨੇ ਧਿਰਾਂ ਇਸਦੇ ਲਈ ਬਰਾਬਰ ਦੀਆਂ ਜ਼ਿੰਮੇਵਾਰ ਹਨ।

ਕਿਹਾ ਜਾਂਦਾ ਹੈ ਕਿ 'ਮੱਛੀ ਪੱਥਰ ਚੱਟ ਕੇ ਮੁੜਦੀ ਹੈ'। ਸੰਭਵ ਹੈ ਕਿ ਜਦੋਂ ਗਾਇਕਾਂ/ਗੀਤਕਾਰਾਂ ਸਮੇਤ ਸਰੋਤਿਆਂ ਦਾ ਅਜਿਹੇ ਗੀਤਾਂ ਨਾਲੋਂ ਮੋਹ ਭੰਗ ਹੋ ਗਿਆ ਤਾਂ ਉਹ ਫਿਰ ਤੋਂ ਆਪਣੀ ਮਿੱਠੀ ਤੇ ਪਿਆਰੀ ਪੰਜਾਬੀ ਜ਼ੁਬਾਨ ਵੱਲ ਮੂੰਹ ਕਰਨਗੇ। ਵੇਖੋ, ਉਹ ਸਮਾਂ ਕਦੋਂ ਆਉਂਦਾ ਹੈ!

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

## ਗਲ਼ ਪਿਆ ਢੋਲ

ਸ਼ਾਦੀ ਮੌਲਵੀ ਦੀ ਹੋਈ ਨੂੰ, ਕਈ ਵਰ੍ਹੇ ਸਨ ਬੀਤੇ,
ਪਰ ਕੋਈ ਔਲਾਦ ਨਾ ਹੋਈ, ਲੱਖ ਉਸ ਹੀਲੇ ਕੀਤੇ।

ਬੀਵੀ ਦੂਜੇ ਪਾਸੇ ਤੜਪੇ, ਲੋਕੀ ਬੋਲੀਆਂ ਮਾਰਨ,
ਸਮਝ ਸਕੇ ਨਾ ਦੋਨੋਂ ਜੀਅ, ਇਸ ਦਾ ਜ਼ਾਹਿਰਾ ਕਾਰਨ।

ਮੌਲਵੀ ਕਹੇ ਸੁਣ ਮੇਰੀ ਸੱਜਣੀ, ਇਹ ਹੈ ਮੌਜ ਅੱਲਾ ਦੀ,
ਜਦੋਂ ਉਹ ਚਾਹੇ ਦੇ ਦੇਵੇਗਾ, ਤੈਨੂੰ ਨਵਾਂ ਪੁੱਤਰ ਜਾਂ ਧੀ।

ਪਰ ਮੌਲਾਣੀ ਸੁੱਕੇ ਫਿਕਰਾਂ 'ਚ, ਨਾ ਕੋਈ ਬੱਝੇ ਢਾਰਸ,
ਨਾ ਕੋਈ ਦਾਰੂ ਕੰਮ ਕਰੇ, ਨਾ ਕੋਈ ਤਬੀਤ ਨਾ ਪਾਰਸ।

ਆਖ਼ਰ ਅੱਕ ਕੇ ਮੌਲਾਣੀ ਨੇ, ਕਰੀ ਅਰਜ਼ ਖ਼ੁਦਾ ਦੇ ਅੱਗੇ,
ਕਰੇਂ ਜੇ ਮਿਹਰ ਤਾਂ ਮੈਂ ਬਜਵਾਵਾਂ, ਮਸੀਤੇ ਢੋਲ 'ਤੇ ਡੱਗੇ।

ਸੁਣੀ ਗਈ ਅਰਜ਼ ਨਿਮਾਣੀ ਦੀ, ਧੁਰ ਦਰਗਾਹੇ ਅੱਲਾ,
ਜਨਮਿਆ ਪੁੱਤਰ ਘਰ ਓਸ ਦੇ, ਹੋ ਗਈ ਵੱਲਾਹ ਵੱਲਾਹ।

ਖ਼ੁਸ਼ੀਆਂ ਬਰਸੀਆਂ ਘਰ ਮੁੱਲਾਂ ਦੇ, ਰੱਜ ਉਸ ਜਸ਼ਨ ਮਨਾਏ,
ਖਾਲੀ ਗਏ ਨਾ ਕੋਈ ਸਵਾਲੀ, ਜੋ ਘਰ ਉਸ ਦੇ ਆਏ।

ਵਿਹਲੇ ਹੋ ਕੇ ਸਭ ਕਾਸੇ ਤੋਂ, ਮੌਲਾਣੀ ਅਰਜ਼ ਗੁਜ਼ਾਰੇ,
ਮੇਰੀ ਸੁੱਖ ਵੀ ਪੂਰੀ ਕਰ ਦਿਓ, ਮੇਰੇ ਪ੍ਰੀਤਮ ਪਿਆਰੇ।

ਮੈਂ ਚਾਹੁੰਦੀ ਹਾਂ ਤੁਸੀਂ ਬਜਵਾਓ, ਢੋਲ ਮਸਜਿਦ ਦੁਆਰੇ,
ਮੇਰਾ ਅੱਲਾ ਖ਼ੁਸ਼ ਹੋ ਜਾਸੀ, ਹੋ ਜਾਵਣ ਵਾਰੇ ਨਿਆਰੇ।

ਸੁਣ ਕੇ ਗੱਲ ਮੌਲਾਣੀ ਦੀ, ਹੋਇਆ ਮੌਲਵੀ ਲੋਹਾ ਲਾਖਾ,
ਕਹੇ ਸ਼ਰਾਹ ਵਿਚ ਕਿਤੇ ਨੀਂ ਲਿਖਿਆ, ਐਸਾ ਪਖੰਡ ਤਮਾਸ਼ਾ।

ਮੈਨੂੰ ਲੋਕੀਂ ਮਾਰ ਦੇਣਗੇ, ਜੇ ਮੈਂ ਐਸਾ ਕੀਤਾ,
ਸਰੇ ਬਜ਼ਾਰ ਉਹ ਕਰ ਦੇਣਗੇ, ਮੇਰਾ ਫੀਤਾ ਫੀਤਾ।

ਮੰਨੀ ਨਾ ਪਰ ਅੜਬ ਮੌਲਾਣੀ, ਜ਼ਿਦ ਉੱਤੇ ਉਹ ਅੜ ਗਈ,
ਕਹੇ ਮੈਂ ਨਹੀਂ ਝੂਠੀ ਹੋਣਾ, ਅੱਲਾ ਦੇ ਇਸ ਵਰ ਲਈ।

ਮੌਲਵੀ ਬੜਾ ਕਸੂਤਾ ਫਸਿਆ, ਰਸਤਾ ਕੋਈ ਨਾ ਲੱਭੇ,
ਸੋਚ ਸੋਚ ਕੇ ਬੇਵੱਸ ਹੋ ਗਿਆ, ਲਾ ਕੇ ਤਾਣ ਉਹ ਸੱਭੇ।

ਆਖ਼ਰ ਉਸਨੂੰ ਜੁਗਤ ਇੱਕ ਸੁੱਝੀ, ਪਾਇਆ ਢੋਲ ਉਸ ਗਲ਼ ਵਿੱਚ,
ਜਾ ਚੜ੍ਹਿਆ ਮਸੀਤ ਚਬੂਤਰੇ, ਮਜਲਸ ਦੇ ਉਹ ਗੜ੍ਹ ਵਿੱਚ।

ਬੜੇ ਰੋਅਬ ਨਾਲ ਗਰਜਿਆ, ਆਖੇ ਮੈਂ ਸਬਕ ਤੁਸਾਂ ਨੂੰ ਦੇਸਾਂ,
ਜਿਹੜਾ ਤੁਸਾਂ ਨਾ ਸੁਣਿਆ ਹੋਸੀ, ਵਿੱਚ ਦੇਸਾਂ, ਪਰਦੇਸਾਂ।

ਮਸਜਿਦ ਵਿਚ ਹੈ ਮਨ੍ਹਾ ਵਜਾਉਣਾ, ਕੋਈ ਢੋਲ ਜਾਂ ਤਾਸਾ,
ਸ਼ਰਾਹ ਮੁਤਾਬਕ ਕੋਈ ਨਾ ਕਰੇ, ਇਸ ਤੋਂ ਆਸਾ ਪਾਸਾ।

ਬੇ ਸੁਰਾ ਇਹ ਟੱਮਕ ਜਿਹਾ, ਕੰਨਾਂ ਨੂੰ ਨਾ ਭਾਵੇ,
ਭਾਵੇਂ ਕੋਈ ਵਜਾਵੇ ਸੱਜਿਉਂ, ਜਾਂ ਖੱਬਿਉਂ ਖੜਕਾਵੇ।

ਇਹ ਕਹਿੰਦਿਆਂ ਹੱਥ ਉਸਨੇ, ਢੋਲ 'ਤੇ ਦੋ ਚਾਰ ਮਾਰੇ,
ਵਾਹ ਵਾਹ ਕਰਨ ਲੱਗੇ ਸਭ ਲੋਕੀਂ, ਜੁੜ ਜੋ ਬੈਠੇ ਸਾਰੇ।

ਦੇਖ ਲਵੋ ਤੁਸੀਂ ਮੇਰਾ ਕਹਿਣਾ, ਸੱਚਾ ਕਰ ਮੈਂ ਦੱਸਿਆ,
ਏਸੇ ਕਰਕੇ ਇਹਨੂੰ ਵਜਾਉਣਾ, ਸ਼ਰਾਹ ਵਿਚ ਨਹੀਂ ਰੱਖਿਆ।

ਲਾਹ ਕੇ ਢੋਲ ਗਲੋਂ ਜਦ ਉਸਨੇ, ਪਟਕਿਆ ਧਰਤੀ ਉੱਤੇ,
ਤੋੜਨ ਦੇ ਲਈ ਉਸਨੂੰ ਸਾਰੇ, ਪਏ ਇੱਕ ਦੂਜੇ ਤੋਂ ਉੱਤੇ।

ਤੋੜ ਤਾੜ ਇੱਕ ਪਾਸੇ ਕੀਤਾ, ਹਜੂਮ ਨੇ ਢੋਲ ਦਾ ਪਿੰਜਰ,
ਮਾਪੀ ਨਾ ਫਿਰ ਗਈ ਖ਼ੁਸ਼ੀ, ਜੋ ਉਪਜੀ ਮੌਲਵੀ ਅੰਦਰ।

ਮਨ ਵਿਚ ਸ਼ਾਂਤ ਜਿਹਾ ਉਹ ਹੋ ਕੇ, ਤੁਰ ਪਿਆ ਆਪਣੇ ਘਰ ਨੂੰ,
ਸ਼ੁਕਰ ਹੈ ਅੱਲਾ ਦਾ ਜਿਸ ਨੇ, ਤਰਕੀਬ ਸੁਝਾਈ ਮੈਨੂੰ।

ਮੁਆਸ਼ਰੇ ਵਿਚ ਮੇਰੀ ਇੱਜ਼ਤ ਰਹਿ ਗਈ, ਮੌਲਾਣੀ ਵੀ ਖ਼ੁਸ਼ ਹੋ ਗਈ,
ਖ਼ੁਸ਼ਕਿਸਮਤੀ ਨਾਲ ਸਾਰੇ ਪਾਸਿਉਂ, ਮੇਰੀ ਧੰਨ ਧੰਨ ਹੋ ਗਈ।

ਤਕਦੀਰੇ ਤੇਰੇ ਖੇਲ੍ਹ ਨਿਆਰੇ, ਮਨ ਵਿਚ ਜਾਵੇ ਕਹਿੰਦਾ,
ਗਲ਼ ਵਿੱਚ ਪੈ ਗਿਆ ਹਰ ਬੰਦੇ ਨੂੰ, ਢੋਲ ਵਜਾਉਣਾ ਪੈਂਦਾ।
ਢੋਲ ਵਜਾਉਣਾ ਪੈਂਦਾ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
(Punjab Mail USA)

## ਅੱਜ ਦੀਆਂ ਕੁੜੀਆਂ ਦਾ ਰੋਲ ਮਾਡਲ-ਫੂਲਨ ਦੇਵੀ

ਕੀ ਹੋਵੇਗਾ ਦੋ-ਚਾਰ
ਮਰੀਆਂ ਜ਼ਮੀਰਾਂ ਨੂੰ ਫਾਹੇ ਲਾ
ਜਦੋਂ ਤੱਕ
ਕੁਝ ਆਦਮਖੋਰ
ਕੁਰਸੀਆਂ ਨੂੰ
ਆਪਣੀ ਰਖੇਲ ਬਣਾਈ ਬੈਠੇ ਨੇ
ਦਿਖਾਵੇ ਕਰਦੇ ਹਨ
ਧਰਮ ਦੇ
ਦੇਸ਼ ਦੇ
ਪਹਿਰੇਦਾਰ ਹੋਣ ਦਾ
ਪਰ ਅਸਲ ਵਿਚ
ਆਪਣੇ ਅੰਦਰ
ਸ਼ੈਤਾਨ ਛੁਪਾਈ ਬੈਠੇ ਨੇ।
ਆਪ ਤਾਂ 'ਗਊ ਮੂਤਰ' ਨਾਲ
ਪਵਿੱਤਰ ਹੋਣ ਦਾ
ਕਰਦੇ ਨੇ ਢੌਂਗ
ਪਰ 'ਸ਼ੈਤਾਨੀ ਮੂਤਰ' ਨਾਲ
ਗਰੀਬਾਂ ਦਾ
ਗਰੀਬੀ ਦਾ
ਮਜ਼ਾਕ ਉਡਾਉਂਦੇ ਨੇ
ਆਪਣੀ ਹੈਵਾਨੀਅਤ ਦੇ
ਝੰਡੇ ਝੁਲਾਉਂਦੇ ਨੇ
ਇਨ੍ਹਾਂ ਦੇ ਆਕਾ
ਗਰੀਬਾਂ ਦੇ ਪੈਰ ਧੋਣ ਦਾ
ਨਾਟਕ ਰਚਾਉਂਦੇ ਨੇ।
ਹੁਣ ਵੱਡੇ ਪਖੰਡੀ ਆਉਣਗੇ ਅੱਗੇ
ਲੈ ਮਗਰਮੱਛ ਦੇ ਹੰਝੂਆਂ ਦਾ ਸੈਲਾਬ
ਦੋਸ਼ੀਆਂ ਨੂੰ ਦੰਡ ਦੇਣ ਦਾ
ਨਾਹਰਾ ਲਾਉਣ ਗਏ
ਆਪਣੇ ਆਪ ਨੂੰ
'ਵਿਸ਼ਵ ਗੁਰੂ' ਹੋਣ ਦਾ
ਨਾਹਰਾ ਲਾਉਣਗੇ।
'ਭਾਰਤ ਮਾਤਾ' ਦੇ ਦੇਸ਼ ਦੀਆਂ ਬੇਟੀਆਂ ਦੀ ਤਕਦੀਰ
ਹੀ ਸ਼ਾਇਦ
'ਬਿਧ ਮਾਤਾ' ਪੁਠੀ ਕਾਣੀ ਨਾਲ ਲਿਖੇ
ਕਦੇ ਵਿਦੇਸ਼ੀ ਹਮਲਵਾਰਾਂ ਤੋਂ
ਕਦੇ ਦੇਸ਼ ਦੇ ਰਾਖਸ਼ਾਂ ਤੋਂ
ਕਦੇ ਸੰਤਾਲੀ ਵਿਚ
ਧਰਮ ਦੇ ਜਨੂੰਨ ਹੇਠ
ਕਦੇ 'ਚੁਰਾਸੀ'
'ਦੁੱਧ ਚਿੱਟੇ' ਕੱਪੜਿਆਂ ਦੀ ਆੜ ਵਿਚ
ਛੁਪੇ ਕਾਲੇ ਹੈਵਾਨ
'ਸਬਕ ਸਿਖਾਊ' ਅਭਿਆਨ ਵਿਚ
ਆਪਣੀ ਬਹਾਦਰੀ ਦਿਖਾਉਂਦੇ ਰਹੇ
ਕਦੇ 'ਗੋਧਰਾ' ਦੇ ਪਾਗਲਪਨ ਵਿਚ
'ਭਗਵੀਆਂ ਟੋਪੀਆਂ' ਵਾਲੇ
ਆਪਣੀ ਮਰਦਾਨਗੀ ਦਿਖਾਉਂਦੇ ਰਹੇ
ਅਤੇ ਪਤਾ ਨਹੀਂ
ਹੋਰ ਕਦੋਂ-ਕਦੋਂ
ਕਿੱਥੇ-ਕਿੱਥੇ
ਕਿਵੇਂ-ਕਿਵੇਂ
ਇਹ ਸਿਲਸਲਾ ਚਲਦਾ ਰਿਹਾ।
ਕਦੇ ਸਾਡੇ ਘਰਾਂ ਵਿਚ ਹੀ
'ਰੱਬ ਤੋਂ ਬਾਅਦ ਦੂਜੇ ਰੱਬ'
ਵਾਲਿਆਂ ਦੇ ਜਲਾਦ ਘਰਾਂ ਵਿਚ
ਕੁੜੀਆਂ ਨੂੰ ਕੁੱਖਾਂ ਵਿਚ ਮਾਰਨ ਦਾ
ਸਿਲਸਿਲਾ ਚਲਦਾ ਰਿਹਾ
ਹੁਣ ਵੀ ਚੱਲ ਰਿਹਾ ਹੈ।
ਹੁਣ ਤਾਂ ਇਹ ਬਾਲੜੀਆਂ ਨੂੰ ਹੀ
ਬਾਹਾਂ 'ਚੋਂ ਚੂੜੀਆਂ ਲਾਹ
ਹੱਥਾਂ ਵਿਚ ਹਥਿਆਰ ਲੈਣੇ ਪੈਣਗੇ
ਸਿਰ 'ਤੇ ਕਫਨ ਬਣਨਾ ਪਵੇਗਾ
ਜੋ 'ਰੇਪ' ਵਰਗੇ ਕਾਰਿਆਂ ਨੂੰ
ਸੱਭਿਆਚਾਰ ਦਾ ਹਿੱਸਾ ਮੰਨਦੀਆਂ ਹਨ
ਉਨ੍ਹਾਂ ਨੂੰ ਵੀ ਉਸੇ ਸੱਭਿਆਚਾਰ ਦੇ ਦਰਸ਼ਨ
ਕਰਵਾਉਣੇ ਪੈਣਗੇ।
'ਇਨਸਾਫ ਦੇ ਮੰਦਰ' ਦੇ 'ਪੁਜਾਰੀਆਂ' ਲਈ ਜਦ
'ਤੁਰਤ-ਫੁਰਤ' ਇਨਸਾਫ ਦੀ ਗੱਲ ਗੈਰ ਕਾਨੂੰਨੀ ਹੋਵੇ
ਇਨਸਾਫ ਨੂੰ ਆਪਣੇ ਹੱਥ ਲੈਣਾ
ਫੂਲਨ ਦੇਵੀ ਨੂੰ ਆਪਣਾ ਰੋਲ ਮਾਡਲ ਬਣਾਉਣਾ
ਜੁਰਮ ਨਹੀਂ ਹੋ ਸਕਦਾ।
ਜੁਰਮ ਨਹੀਂ ਹੋ ਸਕਦਾ।

-ਰਵਿੰਦਰ ਸਿੰਘ ਸੋਢੀ
ਰਿਚਮੰਡ, ਕੈਨੇਡਾ
(Punjab Mail USA)

## ਕਿਣ ਮਿਣ ਕਿਣ ਮਿਣ

ਬੱਦਲ਼ੀਆਂ ਅਈਆਂ ਕਿਣ ਮਿਣ ਕਿਣ ਮਿਣ,
ਸ਼ਹਿਬਰ ਲਾਈ ਕਿਣ ਮਿਣ ਕਿਣ ਮਿਣ
ਤਾਂਘ ਸਾਜਣ ਦੀ ਦਿਲ ਦੇ ਅੰਦਰ, ਭਾਂਬੜ ਬਾਲ਼ੇ
ਕਿਣ ਮਿਣ ਕਿਣ ਮਿਣ
ਬੁੱਕਲ਼ ਦੇ ਵਿਚ ਸੱਜਣ ਹੋਵੇ, ਠੰਢ ਕਲ਼ੇਜੇ ਕਿਣ
ਮਿਣ ਕਿਣ ਮਿਣ।
ਮੋਰੀਂ ਰੁਣ ਝੁਣ, ਖੀਰਾਂ ਪੂੜੇ, ਪੀਘਾਂ ਪਾਈਆਂ ਕਿਣ
ਮਿਣ ਕਿਣ ਮਿਣ।
ਕਿਸੇ ਗ਼ਰੀਬ ਦਾ ਕੱਚਾ ਕੋਠਾ, ਚੋਈ ਜਾਵੇ ਕਿਣ
ਮਿਣ ਕਿਣ ਮਿਣ।
ਕਾਲ਼ੀ ਕੁੜੀ ਪਈ ਝੋਨਾ ਲਾਵੇ, ਉਤੋਂ ਬਰਸੇ ਕਿਣ
ਮਿਣ ਕਿਣ ਮਿਣ।
ਕਰਜ਼ਾ ਚੁੱਕ ਕੇ ਕੋਠੀਆਂ ਕਾਰਾਂ, ਲੋਥਾਂ ਲਟਕਣ
ਕਿਣ ਮਿਣ ਕਿਣ ਮਿਣ।
ਜ਼ਹਿਰ ਉਗਲ਼ ਕੇ ਸਾਂਝਾਂ ਤੋੜਨ, ਮੇਲ਼ ਕਰਾਵੇ ਕਿਣ
ਮਿਣ ਕਿਣ ਮਿਣ।
ਆਮਦਨ ਟੈਕਸ, ਸੜਕਾਂ 'ਤੇ ਜਜ਼ੀਆ, ਸੜਕੀਂ
ਟੋਏ ਕਿਣ ਮਿਣ ਕਿਣ ਮਿਣ
ਚੋਂਦੇ ਢਾਰੇ ਥੱਲੇ ਚਿੱਟਾ ਵਿਕਦਾ, ਮੁੰਡੇ ਕੁੜੀਆਂ
ਕਿਣ ਮਿਣ ਕਿਣ ਮਿਣ।
ਹੁਣ ਤਾਂ ਸਿਵਿਆਂ ਵਿਚੋਂ ਲੱਭਣ, ਸੂਈਆਂ ਟੀਕੇ
ਕਿਣ ਮਿਣ ਕਿਣ ਮਿਣ
ਸ਼ਾਹ ਦੀ ਵ੍ਹੇਲੀ, ਕਮਸਿਨ ਕੰਨਿਆਂ, ਚੀਕੇ ਤੜਫੇ
ਕਿਣ ਮਿਣ ਕਿਣ ਮਿਣ
ਲ਼ੋਕ ਸਭਾ ਵਿਚ ਗਰਮਾ ਗਰਮੀ, ਝੂਠੇ ਲਾਰੇ ਕਿਣ
ਮਿਣ ਕਿਣ ਮਿਣ
ਥੇਰੇ ਮੇਰੇ ਦਿਲ ਦੀਆਂ ਅੱਖੀਆਂ ਵਰਸਣ ਅੱਥਰੂ
ਕਿਣ ਮਿਣ ਕਿਣ ਮਿਣ।
ਬੱਲਾਂ ਵਾਲ਼ਿਆ ਕੁਝ ਤੇ ਕਰ ਹੁਣ, ਰੋੜ੍ਹ ਨਾ ਲੈ ਜੇ
ਕਿਣ ਮਿਣ ਕਿਣ ਮਿਣ
ਬੱਦਲ਼ੀਆਂ ਅਈਆਂ ਕਿਣ ਮਿਣ ਕਿਣ ਮਿਣ;
ਸ਼ਹਿਬਰਾਂ ਲਾਈਆਂ ਕਿਣ ਮਿਣ ਕਿਣ ਮਿਣ



-ਡਾ. ਮਨਜੀਤ ਬੱਲ
(Punjab Mail USA)

## ਕੁਝ ਤਾਂ ਕਰੋ ...

ਰਾਜਿਆ ਰਾਜ ਕਰੇਂਦਿਆ, ਲੈ ਧੀਆਂ ਦੀ ਸਾਰ।
ਪੱਤ ਇਨ੍ਹਾਂ ਦੀ ਰੋਲਦੇ, ਗੁੰਡੇ ਸ਼ਰੇ ਬਾਜ਼ਾਰ।

ਦਾਜ ਦੀ ਖਾਤਰ ਸੜਦੀਆਂ, ਸਹਿ-ਸਹਿ ਅੱਤਿਆਚਾਰ।
ਕਿਉਂ ਕੁੱਖਾਂ ਦੇ ਵਿਚ ਮਰਦੀਆਂ, ਬਿਨ ਵੇਖੇ ਸੰਸਾਰ।

ਜਿਸ ਦੀ ਕੁੱਖੋਂ ਜਨਮਦੇ, ਵੀਰ ਪੀਰ ਅਵਤਾਰ।
ਮੁੰਡਿਆਂ ਨਾਲੋਂ ਲੱਗਦੀਆਂ, ਹਰ ਪਾਸੇ ਹੁਸ਼ਿਆਰ।

ਘਟਦੀਆਂ ਗਈਆਂ ਇਸ ਤਰ੍ਹਾਂ, ਉਜੜ ਜਾਊ ਸੰਸਾਰ।
ਘਰ ਖੋਲ੍ਹੇ ਬਣ ਜਾਣਗੇ, ਚਲਣੇ ਨਹੀਂ ਪਰਿਵਾਰ।

ਜਾਗੋ ਜੱਗ ਦਿਓ ਰਹਿਬਰੋ, ਰੋਕੋ ਅੱਤਿਆਚਾਰ।
ਜਾਗੋ ਜੱਗ ਦਿਓ ਰਹਿਬਰੋ, ਰੋਕ ਅੱਤਿਆਚਾਰ।



-ਸਤਨਾਮ ਸਿੰਘ ਦਰਦੀ
ਚਾਨੀਆਂ-ਜਲੰਧਰ
92569-73526
(Punjab Mail USA)

## ਛੱਡ ਕੇ ਪੰਜਾਬ ਨੂੰ

ਡਾਲਰਾਂ 'ਤੇ ਡੁੱਲ੍ਹੇ, ਸਾਡੇ ਸੋਹਣੇ ਗੱਭਰੂ
ਨਿਕਲੇ ਘਰਾਂ ਤੋਂ, ਮਨਮੋਹਣੇ ਗੱਭਰੂ
ਜਿਵੇਂ ਖ਼ੁਸ਼ਬੋਈ, ਛੱਡ ਕੇ ਗੁਲਾਬ ਨੂੰ
ਤੁਰ ਪਈ ਜਵਾਨੀ, ਛੱਡ ਕੇ ਪੰਜਾਬ ਨੂੰ।

ਹੋਵੇ ਸਰਕਾਰ, ਜੇ ਇਮਾਨਦਾਰ ਜੀ
ਮਿਲੇ ਰੁਜ਼ਗਾਰ, ਚੰਗਾ ਕੰਮ ਕਾਰ ਜੀ
ਨਾਲੇ ਪਵੇ ਬੂਰ, ਚੋਬਰਾਂ ਦੇ ਖ਼ਾਬ ਨੂੰ
ਤੁਰ ਪਈ ਜਵਾਨੀ, ਛੱਡ ਕੇ ਪੰਜਾਬ ਨੂੰ ।

ਚੱਲਿਆ ਵਿਦੇਸ਼, ਅੰਮੜੀ ਦਾ ਪੁੱਤ ਹੈ
ਹਿਜਰ ਲਿਆਈ, ਆਈ ਕੇਹੀ ਰੁੱਤ ਹੈ
ਝੱਲਿਆ ਨਾ ਜਾਵੇ, ਪੀੜਾਂ ਦੇ ਸੈਲਾਬ ਨੂੰ
ਤੁਰ ਪਈ ਜਵਾਨੀ, ਛੱਡ ਕੇ ਪੰਜਾਬ ਨੂੰ ।

ਸੁੰਨੇ ਹੋਗੇ ਘਰ, ਕੋਠੀਆਂ ਤੇ ਬੰਗਲੇ
ਕਿੱਥੇ ਨੇ ਗੁਆਚੇ, ਰੱਬਾ ਹਾਸੇ ਰੰਗਲੇ
ਕਿਵੇਂ ਅਤੇ ਕਿੱਥੋਂ, ਭਾਲੀਏ ਜਵਾਬ ਨੂੰ
ਤੁਰ ਪਈ ਜਵਾਨੀ, ਛੱਡ ਕੇ ਪੰਜਾਬ ਨੂੰ ।

ਬਾਹਰ ਜਾਵੇ ਪੁੱਤ, ਨਾਲੇ ਪੈਸਾ ਜਾਂਵਦਾ
ਕਰ ਮਜ਼ਦੂਰੀ, ਹੈ ਸਮਾਂ ਲੰਘਾਵਦਾ
ਯਾਦ ਆਉਣ ਮੌਜਾਂ, ਮਾਣੀਆਂ ਨਵਾਬ ਨੂੰ
ਤੁਰ ਪਈ ਜਵਾਨੀ, ਛੱਡ ਕੇ ਪੰਜਾਬ ਨੂੰ।

ਆਈਲੈਟਸ ਵਾਲੀ, ਕਰੋ ਖੇਡ ਬੰਦ ਜੀ
ਤੋੜੋ ਤਾਣਾ ਬਾਣਾ, ਨਾਲੇ ਤੋੜੋ ਤੰਦ ਜੀ
ਤਾਂ ਹੀ ਠੱਲ੍ਹ ਪੈਣੀਂ, ਧੰਦੜੇ ਖਰਾਬ ਨੂੰ
ਤੁਰ ਪਈ ਜਵਾਨੀ, ਛੱਡ ਕੇ ਪੰਜਾਬ ਨੂੰ ।

-ਨਿਰਮਲ ਸਿੰਘ ਰੱਤਾ।
84270-07623
(Punjab Mail USA)

## ਅਜ਼ਾਦੀ ਕਿਨ੍ਹਾਂ ਲਈ ?

ਕਲਮਾਂ ਵਾਲਿਓ ਉੱਠੋ ਜ਼ਰਾ ਜਾਗੋ ,
ਸੋਚੀਏ ਅਜ਼ਾਦੀ ਕਿਸ ਨੇ ਢਾਹੀ ਹੋਈ ਏ ?
ਹੌਲੀ ਹੌਲੀ ਲੱਗਦੈ ਹੋ ਗਈ ਬੁੱਢੀ,
ਸਤੱਤਰ ਦੀ ਹੋਣ ਨੂੰ ਆਈ ਹੋਈ ਏ।
ਪੱਤ ਲਾਹੀ ਕੌਰਵਾਂ ਦਰੋਪਤੀ ਵਾਂਗੂੰ,
ਚੁੱਕ ਪਾਂਡਵਾਂ ਜੂਹੇ 'ਤੇ ਲਾਈ ਹੋਈ ਏ।
ਹਾਲ ਗਰੀਬ ਦਾ ਅੱਜ ਡਾਢਾ ਮਾੜਾ,
ਭੁੱਖਮਰੀ ਨੇ ਜਨਤਾ ਫਾਹੀ ਹੋਈ ਏ।


ਅਨਪੜ੍ਹਤਾ, ਬਿਮਾਰੀ ਹੈ ਹੋਈ ਹਾਵੀ,
ਬੇਰੁਜ਼ਗਾਰੀ ਬਣ ਦੈਂਤ ਆਈ ਹੋਈ ਏ।
ਫਿਰਕਾਪ੍ਰਸਤੀ ਦਾ ਕੋਹੜ ਗਲ ਪਿਆ ,
ਉੱਤੋਂ ਬਾਬਿਆਂ ਨੇ ਅੱਤ ਕਰਾਈ ਹੋਈ ਏ।
ਪਸ਼ੂਆਂ ਦੇ ਨਾਂ ਉੱਤੇ ਕਤਲ ਹੋਣ ਬੰਦੇ,
ਰਹਿੰਦੀ ਨੇਤਾਵਾਂ ਪੂਰੀ ਪਾਈ ਹੋਈ ਏ।
ਹਾਰ ਪਾਉਂਦੇ ਗਲਾਂ ਵਿਚ ਕਾਤਿਲਾਂ ਦੇ,
ਜਾਪੇ ਪੁਲਿਸ ਨਾਲ ਰਲਾਈ ਹੋਈ ਏ।

ਬਲਾਤਕਾਰ ਨਿੱਤ ਹੁੰਦੇ ਬੱਚੀਆਂ ਦੇ,
ਭੈੜੇ ਜ਼ਾਲਿਮਾਂ ਉਮਰ ਭੁਲਾਈ ਹੋਈ ਏ।
ਭ੍ਰਿਸ਼ਟਾਚਾਰ ਨੇ ਸਾਰੇ ਹੱਦ ਬੰਨ੍ਹੇ ਟੱਪੇ,
ਇੱਜ਼ਤ ਮਿੱਟੀ ਵਿਚ ਮਿਲਾਈ ਹੋਈ ਏ।
ਬੇਪਰਦਾ ਹੁੰਦੇ ਨੇ ਨਿੱਤ ਨਵੇਂ ਘੱਪਲੇ,
ਜਾਣੋ ਖ਼ਜ਼ਾਨਾ ਲੁਟਾਣ 'ਤੇ ਆਈ ਹੋਈ ਏ।
ਹੈ ਸਰਕਾਰਾਂ ਦੀ ਕਹੀਏ ਬਦਨੀਤੀ,
ਜਾਂ ਹਾਕਿਮਾਂ ਨੇ ਸ਼ਰਮ ਹੀ ਲਾਹੀ ਹੋਈ ਏ।

ਭਾਵੇਂ ਕਹੀਏ ਹੈ ਇੱਥੇ ਲੋਕਤੰਤਰ,
ਕਦੇ ਗਰੀਬਾਂ ਦੀ ਨਹੀਂ ਸੁਣਵਾਈ ਹੋਈ ਏ।
ਪੂੰਜੀਪਤੀ ਨੇ ਸਦਾ ਸਰਕਾਰ ਬਣਾਉਂਦੇ,
ਪਰ ਨੇਤਾਵਾਂ ਦੀ ਹੇੜ ਅੱਗੇ ਲਾਈ ਹੋਈ ਏ।
ਨੀਤੀਆਂ ਪੂਰਦੀਆਂ ਹੱਕ ਅਮੀਰਾਂ ਦਾ,
ਜਾਣੋ ਗਰੀਬਾਂ 'ਤੇ ਸਾੜ੍ਹਸਤੀ ਆਈ ਹੋਈ ਏ।
ਕੀ ਕਹੀਏ ਅਜ਼ਾਦੀ ਦਾ ਲਾਭ ਕਿਸ ਨੂੰ ?
ਮਹਿੰਗਾਈ ਲੋਕਾਂ ਦੀ ਹੋਸ਼ ਭੁਲਾਈ ਹੋਈ ਏ।



ਸੇਵਾ ਸਿੰਘ 'ਨੂਰਪੁਰੀ'
(Punjab Mail USA)


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567